ੴ

# ਸ੍ਰੀ ਗੁਰੂ ਬਾਬੇ ਜੀ

ਦੀ

# ਚਹੁ-ਜੁਗੀ ਜਨਮ-ਸਾਖੀ

AN

# AUTO-BIO[redacted]RAPHY

OF

# ETERNAL-NANAK

**New Light on Eternally-old**

**ATMAN**

ਕ੍ਰਿਤ

**ਸ਼ੇਰ ਸਿੰਘ ਕਸ਼ਮੀਰ**

ਭੇਟਾ ੪)

ਸ੍ਰੀ ਨਾਨਕ ਸ਼ਾਹੀ ੪ , ਸੰਨ ੧੯ ਈ:

Sri Satguru Jagjit Singh Ji eLibrary NamdhariElibrary@gmail.com

੧ ਓ ਸਤਿਗੁਰਪ੍ਰਸਾਦਿ ॥

ਇਕ ਨਾਮ ਜੁਗ ਚਾਰਿ ਉਧਾਰੇ ਸਗਲੇ ਨਾਮ ਵਿਸਾਹਾ ਹੇ ॥

## ਨਾਮ

ਇਕ ਪਿਤਾ ਏਕਸ ਕੇ ਹਮ ਬਾਰਕ ਤੂੰ ਮੇਰਾ ਗੁਰ-ਹਾਈ ॥

੧ ਓ

ਬਾਬੇ ਨਾਨਕ ਦੀ

# ਚਹੁ-ਜੁਗੀ ਜਨਮਸਾਖੀ

ਅਰਥਾਤ

ਨਿੱਤ-ਅਵਤਾਰ 'ਨਾਨਕ' ਦੀ ਨਿੱਤ-ਵਰਤਦੀ ਸਾਖੀ

ਰੂੜ੍ਹੋ-ਗੂੜ੍ਹੋ ਲਾਲਣ ਦੀ ਆਪ-ਲਿਖੀ ਸਾਖੀ

**An Auto-Biograpy of Eternal-Nanak**

ਅਧਿਆਤਮਕ-ਲੀਲ੍ਹਾ

**New light on Eternally Old Atman**

ਕ੍ਰਿਤ:-ਪ੍ਰਸਿਧ ਵਿਦਵਾਨ ਸ੍ਰ: ਸ਼ੇਰ ਸਿੰਘ ਸਾਹਿਬ M.Sc, ਕਸ਼ਮੀਰ

ਪ੍ਰਕਾਸ਼ਕ-ਐਡੀਟਰ 'ਗੁਰੂ ਚਮਤਕਾਰ' ਸ੍ਰੀ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧ ੴ ਸਤਿਗੁਰਪ੍ਰਸਾਦਿ ॥

# The Burden Of The Theme!

# The Whole Story In A Nutshell!!

# The NAM!! ਨਾਮ!!!

O Heavenly Voice, from the Empyrean blue
Vouchsafe unto me to be Thine Scribe true.

Worlds upon worlds rolled in folds of Time
Are all unveiled and seen in their prime!

One Life, one Law, one Spirit rules,
All that is, is One, many tho 'Its Schools!

Terraces of thought, there are, like sky-
-Scraper storeys
But the foundation is one which whole
weight carries!

Galaxies upon glaxies come and go,
But Thou, the Light-eternal, to Thee, I bow!

O my Master, the opener of my mind's eye,
Now all is changed ! I know not why ?

I live in Thee and I float in Thee,
I come and go no more; it is all one Eternity!

Aeons uponAeons ofTime now gurgle forth,
I sink and swim—drowned in mirth untold !

Ha ! Joy of joys, beyond all bounds
Thou wellest up in me in unending rounds !

This is the Deep that deepenest daily,
This is the Merry-go-round that whizzest
eerily !

I sing I ring and I cling e'er to Thee,
Each atom of mine heart, is in eternal glee !

Now to the East and now to the West, I go,
Here, there and everywhere, there's but one
Divine flow !

O Seer, O Dear, O the Holder of Line-clear !
The Mail of mine heart is now agog,
without fear !

It goest to the Netherlands and then to
Hidden Worlds,
It talkest with angels, with air, and with all
birds !

Sri Satguru Jagjit Singh Ji eLibrary NamdhariElibrary@gmail.com

In thine bourne, O Eternity—sublime !
Cultures lie, civilizations die, all toys of Time !

But one Thing lasts, the Pivot of all pivots,
It is the Word-Divine, the Spirit of all Spirits !

In this, the holiest, the weirdest, Divine Word
All that is, and is to be, is eternally submerged !

I in Thee, and Thou in me; Yea, all in One,
This is the Truth eternal-the one consummation !

O my Master, hailing forth from blessed Land unseen,
Unfurl unto the mortals, but one Ray of Thine Holy Sheen !

Yea, come down to this humblel ittle earth,
O Talwandi; let thou become the Land of Mirth !

The Land of Five Rivers and of Five Elements,
Saw Thee, cherished Thee—the holiest of all Ferments !

Sri Satguru Jagjit Singh Ji eLibrary NamdhariElibrary@gmail.com

Thy Journeys, My Master, are true for all time,
For, Thine mission is from Time to Endless—Prime!

O blessed Nanak, Thou art this Word—Congealed,
The Bible of Bibles Thine—the last word—revealed!

Thine word, My Master, is living Flame of Fire,
Thine Life-Story is as much mine—'tis universal attire!

Every soul that hungerest must first to the Netherlands go,
Then wheel round, work up, until it resteth in Sumeru!

Thine Sidh-Ghosts, O my Father dear,
Are all yet in the air, and I hourly hear!

Thine Imprint, the PANJA, Thy Lotus-Hand,
Is in every atom of my Soul—in eternal brand!

"This is then the burden of all this theme,
That in NAM; the Word Divine, is the Golden Cream!!

Sri Satguru Jagjit Singh Ji eLibrary NamdhariElibrary@gmail.com

# TO THE EAST—ਪੂਰਬ ਫੇਰੀ !

The East is the golden bourne where the Sun is born every day—the Sun eternally is, yet, it appears as if it comes to us every morning from that, the premier direction. Is it, therefore, a wonder that the East is associated with many a religion, each crystallising a different set of ideas, although at heart each religion is an attempt to discover the Eternal in the temporal that surrounds and overwhelms us at every step in life ? The *Tiraths* or the holy bathing places, may be considered to be different stepping stones in our march onwards from the finite to the Infinite that is somewhere within us, but which eludes us, even as air eludes us as we try to capture it !

My Master, on His eternal Round, therefore, goes first to the East, for those who are already blessed with the first few beams of Light must have more of *it*, until the consummation is in sight. We see the Master at Hardwar, and upto as far as the Sun seems to rise; here in magic-ridden Camrup, there in Gaya where the Buddha left yet a trail, and in that mighty expanse where the Soul is eternally at conflict—the Kurushetra ! How the insipid soapnut of soul is sweetned at last we will see? Ha ! to the Golden East !

# TO THE WEST—ਪੱਛਮ ਵੇਰੀ !

The West is the land of setting Sun. "Europe means the land of Sunset, of Darkness, the etymologist Heschius informs us." Beyond Europe is the Atlantic Ocean which enwombs the further Empire of Darkness: 'Atlantis' about which Plato informs us that it is buried in that ocean. The West is a reaction to the spiritual ferment that is the essence of the East, and of this there is no better proof then the last Great War, and this War which revels in levelling down all the Towers of Babylon and those sky-scrapers which the labouring might of Wesr had reared as tokens of its industry and Science.

But even in this great Desert of Spirit we find many an Oasis which bewilder us by their wild beauty. In the second Round, therefore, my Maste rturns his attention to the West —the West where the Christ and the Prophet lived, flourished and whose footsteps are still imprinted on the sands of time. We see the Master at Mecca where a subtle kind of idol-worship had crept in the wake of the greatest idol-breaker; we see Him even in the Holy Jerusalem where Jesus lived and died, to rise again, and on His way back, the Master meets a galaxy of souls all athirst for the Water of Immortality, until He reaches the PANJA SAHIB where He leaves His Eternal Hand Imprint on Soul ! Ha ! to the Sunset West !

# TO THE SOUTH—ਦੱਖਨ ਫੇਰੀ !

When I was young and read the *Janam-Sakhi* of Brother Bala, I was particularly attracted to the *Sakhi* of *Shiv-Nabh* which tells of my Master's Journey to this Hidden Land where He travelled on the back of 'fishes' and where He also met '*Khwaja Khizar*': the Custodian of Living Waters ! Where is that Hidden Land where Shiv-Nabh ruled; this still titilates me and defeats many an historian ?

But why I was drawn to this *Sakhi* came as a revelation to me. much later in life. I learnt later, as all do, that Soul does play the truant, and is then lost in the mire of darkness, when it descends to the Hades (which is gross world, ignorant of Spirit or *Nam*).Thus was also the She-queen:Peresephone lost, being attracted by Pluto, the king of Netherworld. Her mother Demeter wept bitterly, although Persephone rejoiced then, to repent soon after, when she came back as Holy Persephone ! On one of the Orphic tablets discovered in Italy was found the following wail of soul which is true of every one of us: "Out of the pure I come, pure, Queen of that Beloved. For,I claim that I am of your blessed

Sri Satguru Jagjit Singh Ji eLibrary NamdhariElibrary@gmail.com

race. *I have paid the penalty of deeds unjust, and now I am come as a suppliant to Holy Persephone, beseaching her to be graciou sand to send me to theAbode of theBlessed."* O Soul, likewise, is that *Shiv* (*Nam*) not in our *Nabhi* (heart) and *Shiv-Nabh*, like Pluto, the King of Hades ? A revelation like this awaits all those who descend into the *Patalpuri* or Netherworld! Let us then return with Nanak on the Golden Fish of Gyan !

## TO THE NORTH—ਉੱਤਰ ਫੇਰੀ !

In our Holy Land, the Ind, the holiest of all areas is considered to be that 'upland' which is called *Uttarakhand* and which includes the highest mountain Range in the world: the Himalaya, which is the perennial source of attraction to those who want to see the peaks, the lamas, hill-tarns and the mythical-Mansrowar which is the joint Mother of all the Five Rivers which irrigate the Land of Five Rivers !

The *Janam-Sakhi* of Brother Bala deals

Sri Satguru Jagjit Singh Ji eLibrary NamdhariElibrary@gmail.com

with this weird-land in one mighty blaze of colour revealing many a terrace and level, beginning from the foot hills where Gorakh and others live, right upto the cloud-kissed top where *Dhru* sits lost in eternal *Smadhi*. To each of these places my Master goes and there is held the great Discourse: the Deepest Divine Discourse: *Sidh-Gosht* ! Where are these levels where the seers and blessed ones sit? for, science tells us that in rarefied heights above a certain level, no man can live ?......... As in the case of *Shiv Nabh*, so also in this case, there come the revelation that this is not the outer Himalaya, it is the Sumeru of the Spirit—that magnetic Mountain which attracts all seers!! "To the mountain!"—This is also the cry of the dancers of Bachhus (*Nam*). We have a similar western myth about Mt. Olympus where all gods live ! Into *this* Upland my Master carries all souls—until the penultimate stage is reached: the *Dhru* exaltation. Ha ! to the glorious Upland of Golden Spirit !

Sri Satguru Jagjit Singh Ji eLibrary NamdhariElibrary@gmail.com

ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ ॥
ਅੰਤਰ ਆਤਮੈ ਜੋ ਮਿਲੈ, ਮਿਲਿਆ ਕਹੀਐ ਸੋਇ ॥

# MY MASTER !

Avtars come and avtars go but Thou, O My Master, eternally art, even as days come and days go, but the Sun eternally is ! When I was in my teens I looked at Thee with a telescope; in my early forties, with a microscope, for Thou had come so near to the lens of mine eyes—but now, Thou art face to face, living, ever-pulsating Personality, here, there and every where ! How the truant soul that had turned its back on Thee, came back to Thee once more, isdescribed in the "Conversion"—a Separate Story—but here I must describe the hundred and one stations where the soul lingers, here talking with a wizard of the East, and there with that of the West, before it is in Thine Arms at last ! O Master of masters, this is the Eternal Story, how Thou comest down on the blessed *Talwandi* when the desert of soul is verily turned into the Garden of Eden, in the twinkling of an eye ! In these preliminary talks, we see Thee near Thine Home, in the environs of blessed Talwandi and the milk-stream: the *Wein*, that must be crossed before Thou goest out ! All hail unto Thee, O living Master of all times !!

Sri Satguru Jagjit Singh Ji eLibrary NamdhariElibrary@gmail.com

# ਨਾਮ ਫੇਰੀਆਂ

ਨੋਟ: ਇਸ ਚਿੱਤਰ-ਰੂਪੀ ਤਸਵੀਰ ਵਿਚ ਮੇਰੇ ਬਾਬੇ 'ਨਾਮ' ਦੀਆਂ ੨੭-੨੮ ਫੇਰੀਆਂ ਨੇ । ਜੀਕਣ ਚੰਦ੍ਰਮਾ ੨੭-੨੮ ਨਖੱਤਰਾਂ ਵਿਚ ਨਿਤ ਨਿਤ ਫੇਰੀਆਂ ਪਾਂਵਦਾ ਹੈ, ਤੀਕਣ ਇਹ ਅਜ਼ੀਮ ਨਾਮ ਵੀ ਸੰਸਾਰ-ਰੂਪੀ ਬ੍ਰਹਿਮੰਡ ਵਿਚ ਬੇਅੰਤ ਫੇਰੀਆਂ ਪਾਂਵਦਾ ਹੈ। ਇਹਨਾਂ ਵਿਚੋਂ ਮੁਖ ਫੇਰੀਆਂ ਇਹ ਹਨ:-

੨੬ ਫੇਰੀਆਂ ਮਾਤ ਲੋਕ ਵਿਚ।

੧ ਫੇਰੀ ਪਾਤਾਲ ਪੁਰੀ, ਸੰਗਲਾ ਦੀਪ।

੧ ਫੇਰੀ ਸੁਮੇਰ ਪ੍ਰਬਤ ।

ਇਸ ਨਕਸ਼ੇ ਵਿਚ ਮਾਤ ਲੋਕ (ੳ-ਅ) ਦਸਿਆ ਗਿਆ ਹੈ, ਇਸ ਵਿਚ ੧੩ ਪੂਰਬ-ਫੇਰੀਆਂ ਹਨ; ਸੱਜੇ ਪਾਸੇ ਤੇ ੧੩ ਫੇਰੀਆਂ ਹਨ, ਖੱਬੇ ਪਾਸੇ ਪੱਛਮ ਫੇਰੀਆਂ ।

ਪਾਤਾਲ ਪੁਰੀ ਵਾਲੀ ਫੇਰੀ ਵਾਸਤਵ ਵਿਚ ਅਗਿਆਨ ਫੇਰੀ ਹੈ, ਇਸ ਕਰ ਕੇ ਹੇਠਾਂ ਵਲ ਦੱਸੀ ਹੋਈ ਹੈ। ਇਸ ਵਿਚ ਸਪਤ ਸਾਗਰ ਹਨ, ਜਿਨ੍ਹਾਂ ਵਿਚ ਮੱਛ, ਕੱਛ ਰੂਪੀ ਅਗਿ-ਆਨੀ ਜੀਵ ਹਨ, ਜਿਨ੍ਹਾਂ ਦਾ ਵਡੇਰਾ 'ਰਾਵਣ' ਵੀ ਹੈ, ਤੇ ਉਸ ਦਾ ਵਡੇਰਾ ਅਹਿ ਰਾਵਣ ਭਿਅੰਕਰ ਕਾਲ਼ (Time un-enlightened ਜਿਸ ਵਿਚ ਅਜੇ 'ਨਾਮ' ਦੀ ਕਿਰਨ ਵੀ ਨਹੀਂ ਆਈ) ਹੈ ।

ਉਪਰ ਵਲ ਸੁਮੇਰ ਪ੍ਰਬਤ ਹੈ, ਜੁ ਕਿ ਵਾਸਤਵ ਵਿਚ ਸੂਖਮ ਮੰਡਲਾਂ ਦੀ ਇਕ ਸੁਨੈਹਰੀ ਸੂਰਤ ਤੇ ਮੂਰਤ ਹੈ । ਇਸ ਵਿਚ ਹੇਠਾਂ ਨੌਂ-ਨਾਥ ਤੇ ਚੌਰਾਸੀ ਸਿਧ ਨੇ, ਜੁ ਚੌਰਾਸੀ ਲੱਖ ਜੂਨਾਂ ਵਿਚ ਭਰਮਦੇ ਪਏ ਨੇ; ਉਹ ਜੂਨਾਂ ਵੀ ਸਾਡੀ

Sri Satguru Jagjit Singh Ji eLibrary NamdhariElibrary@gmail.com

ਮਾਤ ਲੋਕ ਵਾਂਙ ਅੱਧੀਆਂ ਚਿਟੀਆਂ ਤੇ ਅੱਧੀਆਂ ਕਾਲੀਆਂ ਭਾਵ ਗਿਆਨ ਤੇ ਅਗਿਆਨ ਦਾ ਮੁਲੰਮਾ ਨੇ।

ਹੋਰ ਉਪਰ ਜਾ ਕੇ ਗਿਆਨ ਦਾ ਵਧੇਰਾ ਵਰਤਾਰਾ ਵੇ, ਇਥੇ ਜਾ ਕੇ 'ਸਪਤ ਰਿਸ਼ੀ' ਆ ਜਾਂਦੇ ਨੇ।

ਇਹਨਾਂ ਦਾ ਅੱਗਾ ਜਿਸ ਦੀ ਇਹ ਪ੍ਰਕਰਮਾ ਕਰਦੇ ਹਨ, ਓਹ ਧ੍ਰੂਅ ਏ, ਪਰ ਹਰ ਇਕ ਬ੍ਰਹਿਮੰਡ ਦੇ ਆਪੋ ਆਪਣੇ ਧੁਰੇ ਯਾ ਧ੍ਰੂਅ ਹਨ।

ਇਹਨਾਂ ਦੇ ਉਪਰ ਬ੍ਰਹਮਾ ਵਿਸ਼ਨ ਮਹੇਸ਼ ਨੇ—ਇਹ ਕੋਈ ਸਾਡੇ ਵਾਂਙ ਮਨੁਖ ਯਾ ਦੇਵਤੇ ਨਹੀਂ, ਇਹ ਤਾਂ ਆਦ-ਪੁਰਖ ਦੀਆਂ ਤਿੰਨ ਕਰਤਾ, ਧਰਤਾ ਤੇ ਹਰਤਾ ਸ਼ਕਤੀਆਂ ਨੇ; ਜਿਸ ਆਦਿ ਪੁਰਖ ਦਾ ਸ਼ਾਂਵਲਾ, 'ਸੁਮੇਰ-ਸਿਖਰ' ਤੇ ਜਾ ਕੇ ਪ੍ਰਤੱਖ ਭਾਸਦਾ ਏ।

ਇਹਨਾਂ (੨੭—੨੮) ਫੇਰੀਆਂ ਵਿਚ ਕੀਕਣ ਪੂਰਨ-ਬ੍ਰਹਮ, ਪੂਰਨ ਅਵਤਾਰ ਜੀ ਜਾਂਦੇ ਤੇ ਸੁੱਤਿਆਂ ਨੂੰ ਜਗਾਂਦੇ ਨੇ, ਉਸ ਦੀ ਲੀਲ੍ਹਾ ਇਸ ਜਨਮ-ਸਾਖੀ ਵਿਚ ਅੱਗੇ ਆਵੇਗੀ।

Sri Satguru Jagjit Singh Ji eLibrary NamdhariElibrary@gmail.com

# ਭੂਮਕਾ

"ਸ੍ਰੀ ਗੁਰੂ ਰਾਜੁ ਅਬਿਚਲੁ ਅਟੱਲ ਆਦਿ ਪੁਰਖ ਫੁਰਮਾਇਓ ॥"

[ਸਵੀਏ ਮ: ੧

ਵੱਡੇ ਅਵਤਾਰ ਦੋ ਕਿਸਮ ਦੇ ਹੋਂਦੇ ਨੇ: 'ਨਮਿਤ'-ਅਵਤਾਰ ਤੇ 'ਨਿੱਤ'-ਅਵਤਾਰ । ਨਮਿਤ-ਅਵਤਾਰ ਤਾਂ ਕੋਈ ਖਾਸ ਕੰਮ ਕਰਨ ਲਈ ਆਂਵਦੇ ਨੇ, ਤੇ ਓਹ ਕੰਮ ਕਰ ਕੇ ਚਲੇ ਜਾਂਵਦੇ ਨੇ, ਜਿਹਾ ਕਿ ਰਾਮ ਅਵਤਾਰ, ਕ੍ਰਿਸ਼ਨ ਅਵਤਾਰ, ਪਰ ਨਿੱਤ ਅਵਤਾਰ ਜੀ ਸਦਾ ਸਦਾ ਹੀ ਮਾਤ ਲੋਕ ਨੂੰ ਸੰਭਾਲਦੇ ਤੇ ਓਸ ਉਪਰ ਆਪਣੀ ਛਤਰ-ਛਾਇਆ ਕਰ ਕੇ ਤਾਰਦੇ ਨੇ । ਨਿਤ ਅਵਤਾਰ ਸੋਲਾਂ ਕਲਾ ਹੀ ਨਹੀਂ, ਸਗੋਂ ਬੇਅੰਤ ਕਲਾਂ ਸੰਪੂਰਨ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਇਸ ਜਨਮ-ਸਾਖੀ ਵਿੱਚ ਨਿੱਤ-ਅਵਤਾਰ ਬਾਬੇ ਨਾਨਕ ਜੀ ਦਾ ਨਿੱਤ-ਜੀਵਣ ਬਿਰਤਾਂਤ ਹੈ । ਇਹ ਉਹ ਜੀਵਨ ਕਹਾਣੀ ਹੈ, ਜੋ ਸਦਾ ਹੀ ਸਾਡੇ ਅੰਦਰ ਬੀਤਦੀ, ਜੁਗਾਂ ਜੁਗਾਂ ਵਿਚ ਸਾਡੇ ਨਾਲ, ਪੂਰਬ - ਪੱਛਮ, ਉੱਤਰ—ਦੱਖਣ ਫੇਰੀਆਂ ਪਾਂਵਦੀ ਤੇ ਲੰਮੇ ਵਾਟ ਕੱਛਦੀ ਫਿਰਦੀ ਏ; ਠੀਕ ਤਦ ਤਕ ਜਦ ਤਕ ਕਿ ਸ੍ਰੀ ਬਾਬੇ ਜੀ ਦਾ ਖੂੰਡਾ, **'ਨਾਮ'-ਖੂੰਡਾ** Logos ਸਾਡੇ ਅੰਦਰ ਆਪ ਨਹੀਂ ਖੜਕਦਾ, ਤੇ ਸਾਡੀ ਸੁੱਕੀ-ਸੜੀ ਸਰੀਰ ਪੈਲੀ ਨੂੰ ਵੀ ਹਰਾ ਭਰਾ ਨਹੀਂ ਕਰਦਾ। ਇਹ ਚਹੁੰ-ਜੁਗੀ ਸਾਖੀ (Etenal Story) ਵਾਸਤਵ ਵਿਚ ਸਰਬ-ਸਾਂਝੀ ਸਾਖੀ

Sri Satguru Jagjit Singh Ji eLibrary NamdhariElibrary@gmail.com

(Universal Pilgrimage) ਏ, ਜਿਸਦੇ ਕਰਤਾ ਧਰਤਾ ਸ੍ਰੀ ਗੁਰੂ ਨਿਰੰਕਾਰ (Supreme Soul) ਜੀ ਆਪ ਨੇ, ਜਿਨ੍ਹਾਂ ਦੇ ਘੱਲੇ ਹੋਏ ਸ੍ਰੀ ਬਾਬਾ ਜੀ, ਨਾਨਕ ਨਿਰੰਕਾਰੀ ਪੂਰਨ-ਬ੍ਰਹਮ ਇਸ ਜਗਤ ਵਿਚ ਆਏ ਤੇ ਜਗਤ-ਪਾਂਧਾ ਬਣ ਕੇ ਤੇ ਪੂਰਨੇ ਪਾ ਕੇ ਸਾਨੂੰ 'ਪੱਟੀ' ਪੜ੍ਹਨਾ ਆਪੂੰ ਸਿਖਾ ਗਏ । ਓਹਨਾਂ ਪੂਰਨਿਆਂ ਤੇ ਹਭ ਕਿਸੇ ਟੁਰਨਾ ਏ, ਓਹਨਾਂ ਨੂੰ ਹਰ ਕਿਸੇ ਨੇ ਆਪਣੇ ਅੰਦਰ ਵਸਾਣਾ ਏ, ਓਹਨਾਂ ਨੂੰ ਹਰ ਕਿਸੇ ਨੇ ਸਮਝਣਾ ਏ । ਜਦ ਇਹ ਪੂਰਨੇ ਪ੍ਰਤੱਖ ਹੋ ਕੇ ਵਿਗਣਸ ਗੇ, ਤਾਂ ਸਾਨੂੰ ਨਿਰੰਕਾਰੀ ਬਾਬੇ ਦੇ (The eternal Self) ਅੰਤਰ ਆਤਮੇ ਦਰਸ਼ਨ ਆਪ ਹੋਵਣਗੇ--ਉਹ ਦਰਸ਼ਨ ਫਿਰ ਸ੍ਰੀ ਵਾਹਿਗੁਰੂ ਦਰਸ਼ਨ ਹੈ !!

ਇਸ ਜਨਮ ਸਾਖੀ ਵਿੱਚ ਅੱਠ ਸੱਠ ਸਾਖੀਆਂ ਮਾਨੋ ਅੱਠ ਸੱਠ ਤੀਰਥ ਨੇ, ਤੇ ਸਰਬ ਤੀਰਥਾਂ ਦਾ ਸ਼੍ਰੋਮਨੀ ਤੀਰਥ ਓ 'ਨਾਮ' ਏ, ਜਿਸ ਦੀ ਲਿਖਵਾਈ ਏਹ ਚਹੁ-ਜੁਗੀ ਸਾਖੀ ਏ !!

ਅਗਮ ਅਪਾਰ ਅਨੰਤ ਗੁਰ ਅਬਿਗਤ ਅਲਖ ਅਭੇਵ ॥
ਪਾਰਬ੍ਰਹਮ ਪੂਰਨ-ਬ੍ਰਹਮ ਸਤਿਗੁਰ ਨਾਨਕ ਦੇਵ ॥
[ਭਾਈ ਗੁਰਦਾਸ ਜੀ

੧ ਜੂਨ ੧੯੪੧

ਸ਼ੇਰ ਸਿੰਘ ਕਸ਼ਮੀਰ

Sri Satguru Jagjit Singh Ji eLibrary NamdhariElibrary@gmail.com

# ਬਾਬੇ ਨਾਨਕ ਦੀ ਚਹੁ ਜੁਗੀ ਜਨਮ ਸਾਖੀ ਦਾ ਤਤਕਰਾ

## ਭੂਮਕਾ

### ਜੀਵਨ ਯਾਤਰਾ ਦੀ ਸਚਿਤਰ ਫੋਟੋ ਤੇ ਉਸ ਉਪਰ ਨੋਟ


(੧) ਨਿੱਤ ਨਵੀਂ ਜਨਮ ਸਾਖੀ ਦਾ ਅਰੰਭ, ਲਿਖਾਰੀ ਦੀ ਹੈਸੀਅਤ ।

(੨) ਕੱਤਕ ਕਿ ਪੂਰਨਮਾਸ਼ੀ ?

(੩) ਨਨ੍ਹੀ ਜਿੰਦੜੀ ਅਰਸ਼ੋਂ ਫ਼ਰਸ਼ ਤੇ ਟੁਰ ਆਈ ।

(੪) ਛਜਲ ਸਰਪ ਦੀ ਛਤਰ ਛਾਇਆ ਕਰਨੀ ।

(੫) ਖਰਾ ਸੌਦਾ ।

(੬) ਬਾਬਾ ਪਾਠਸ਼ਾਲਾ ਵਿਚ ਪੰਡਤ ਨੂੰ ਪੜ੍ਹਾਣ ਲੱਗਾ ।

(੭) ਬਾਬਾ ਮੁੱਲਾਂ ਕੋਲ ਇਲ-ਇਲਾ ਪੜ੍ਹਨ ਲੱਗਾ ।

(੮) ਵੈਦ ਬੁਲਾਇਆ ਵੈਦਗੀ ।

(੯) ਨਾਨਕ ਤੇ ਨਾਨਕੀ ।

(੧੦) ਮੱਝੀਆਂ ਚਾਰੀਆਂ ।

(੧੧) ਬਾਬਾ ਨਮਾਜ਼ ਪੜ੍ਹਨ ਮਸੀਤੇ ਗਿਆ ।

(੧੨) ਬਾਲਾ ਤੇ ਮਰਦਾਨਾ ।

(੧੩) ਮਾਪੇ ਤੇ ਪਵਿਤ੍ਰ ਪਤਨੀ ।

(੧੪) ਣੈਣ ਤੇ ਜੀਜੇ ਕੋਲ ਜਾਵਣਾ ।

(੧੫) ਮੋਦੀਖਾਨੇ ਵਿੱਚ ।

(੧੬) ਬਾਬਾ ਵੇਂਈ ਨਦੀ ਵਿੱਚ ਨ੍ਹਾ ਕੇ ਬਾਹਰ ਨਹੀਂ ਨਿਕਲਿਆ ।


Sri Satguru Jagjit Singh Ji eLibrary NamdhariElibrary@gmail.com

(੧੭) ਵੇਈਂ ਨਦੀ ਵਿਚੋਂ ਮੁੜ ਆਇਆ।
(੧੮) ਭਾਈ ਲਾਲੋ ਤੇ ਕੋਧਰੇ ਦੀ ਰੋਟੀ।
(੧੯) ਬਾਬਰਵਾਣੀ।
(੨੦) ਬਾਬਰ ਵਾਣੀ ਆਪ ਟੁਰਦੀ ਚੱਕੀ।
(੨੧) ਬਾਬਰ ਵਾਣੀ, ਬਾਬੇ ਦਾ ਆਗਮਨ।
(੨੨) ਕਲਯੁਗ ਬਾਬੇ ਦਾ ਵੱਡਾ ਤੇ ਪਹਿਲਾ ਸਿਖ।
(੨੩) ਚੌਦਿਸਾਂ ਦਾ ਪਰਾਹੁਣਾ ਬਾਬਾ।

## (ੳ) ਪੂਰਬ ਫੇਰੀ

(੨੪) ਹਰਿਦਵਾਰ ਯਾਤਰਾ।
(੨੫) ਪੂਰਬ ਫੇਰੀ, ਬਨਾਰਸ।
(੨੬) ਪੂਰਬ ਫੇਰੀ–ਗਯਾ।
(੨੭) ਪੂਰਬ ਫੇਰੀ–ਜਗਨ ਨਾਥ।
(੨੮) ਪੂਰਬ ਫੇਰੀ–ਕਰੋ-ਛੇਤਰ।
(੨੯) ਪੂਰਬ ਫੇਰੀ–ਸਜਨ ਠੱਗ ਕਿ ਸੰਸਾਰ ਸੱਜਨ।
(੩੦) ਪੂਰਬ ਫੇਰੀ, ਕੌਡਾ ਰਾਖਸ਼।
(੩੧) ਪੂਰਬ ਫੇਰੀ, ਕੁਸ਼ਟੀ ਦੇ ਘਰ।
(੩੨) ਪੂਰਬ ਫੇਰੀ, ਕਰੋੜੀ ਨੂੰ ਸੂਈਦਾਨ।
(੩੩) ਪੂਰਬ ਫੇਰੀ, ਰੇਠਾ–ਮਿੱਠਾ।
(੩੪) ਪੂਰਬ ਫੇਰੀ–ਸਾਲਿਸਰਾਏ, ਜਵਾਹਰੀ।
(੩੫) ਪੂਰਬ ਫੇਰੀ–ਕਾਮਰੂਪ ਵਿਚ।
(੩੬) ਪੂਰਬ ਫੇਰੀ–ਪ੍ਰਾਗਰਾਜ ਤੇ ਸੁਸਵੱਤੀ।

Sri Satguru Jagjit Singh Ji eLibrary NamdhariElibrary@gmail.com

# (ਅ) ਪੱਛਮ ਫੇਰੀ

(੩੭) ਬਾਬੇ ਮੱਕਾ ਫੇਰਿਆ।
(੩੮) ਬਗਦਾਦ ਤੇ ਦਸਤਗੀਰ ਪੀਰ–ਪੱਛਮ ਫੇਰੀ।
(੩੯) ਈਸਾ ਤੇ ਜਗਤ ਈਸਾ–ਪੱਛਮ ਫੇਰੀ।
(੪੦ ਬੈਹਲੋਲ ਦਾ ਦਿਲ ਬਹਿਲਾਵਾ–ਪੱਛਮ ਫੇਰੀ।
(੪੧) ਸ੍ਰੀ ਪੰਜਾ ਸਾਹਿਬ ਤੇ ਵਲੀ ਕੰਧਾਰੀ–ਪੱਛਮ ਫੇਰੀ।
(੪੨) ਟੈਕਸਿਲਾ ਦੇ ਸਿਰ ਟਿੱਕਾ
(੪੩) ਮੁਲਤਾਨ ਤੇ ਹਿਰਨਾਖਸ਼–ਪੱਛਮ ਫੇਰੀ।
(੪੪) ਹਮਜ਼ਾ ਗੌਸ, ਸ਼ੇਖ ਬ੍ਰਹਮ ਤੇ ਮੀਆਂ ਮਿੱਠਾ–ਪੱਛਮ ਫੇਰੀ
(੪੫) ਸ਼ਾਹ ਸ਼ਰਫ ਦੀ ਰੇਲ ਗੱਡੀ–ਪੱਛਮ ਫੇਰੀ।
(੪੬) ਸਿਕੰਦਰ ਲੋਧੀ ਦੀ ਕੈਦ–ਪੱਛਮ ਫੇਰੀ।
(੪੭) ਮੀਆਂ ਮਿੱਠੇ ਦੀ ਮਿੱਠੀ ਸਾਖੀ–ਪੱਛਮ ਫੇਰੀ।
(੪੮) ਮਰਦਾਨੇ ਵਾਲੀ ਸਚੀ ਸਾਖੀ–ਪੱਛਮ ਫੇਰੀ।
(੪੯) ਧੰਨ ਨਿਰੰਕਾਰ ਪੱਛਮ ਫੇਰੀ।
(੫੦) ਨਿਤ ਚੰਦ੍ਰਮਾ ਤੇ ਨਿਤ-ਨਖੱਤਰ। ਕਿਉਂ (੨੭) ਝਾਕੀਆਂ?
(੫੧)(ੲ) ਸਿਵ ਨਾਭ ਤੇ ਸੰਗਲਾ ਦੀਪ। ਦੱਖਨ ਫੇਰੀ, ਪਤਾਲ ਫੇਰੀ।
(੫੨)(ਸ) ਸਿਧ ਗੋਸ਼ਟ ਤੇ ਸੁਮੇਰ ਪ੍ਰਬਤ। ਉੱਤਰ ਫੇਰੀ, ਸਹਜ ਜੋਗੀ।
(੫੩) ਸਿਧ ਗੋਸ਼ਟ ਤੇ ਸੁਮੇਰ ਪਰਬਤ, ਨਿਰਲੇਪ ਜੀ–ਉ: ਫੇਰੀ।
(੫੪) ਸਿਧ ਗੋਸ਼ਟ ਤੇ ਸੁਮੇਰ ਪਰਬਤ–ਸਾਡੇ ਪਿਤਾਮਾ ਬਾਂਦਰ

Sri Satguru Jagjit Singh Ji eLibrary NamdhariElibrary@gmail.com

ਕਿ ਵਾਹਿਗੁਰੂ ? ਉਤਰ ਫੇਰੀ।
(੫੫) ਸਿਧ ਗੋਸ਼ਟ ਤੇ ਸੁਮੇਰ ਪਰਬਤ ਅੰਨ ਬਿਨਾ ਕੀ ਕੰਮ। ਉਤਰ ਫੇਰੀ।
(੫੬) ਸਿਧ ਗੋਸ਼ਟ ਤੇ ਸੁਮੇਰ ਪਰਬਤ–ਕਰਾਮਾਤਾਂ ਵਰਜਤ। ਉਤਰ ਫੇਰੀ।
(੫੭) ਸਿਧ ਗੋਸ਼ਟ ਤੇ ਸੁਮੇਰ ਪਰਬਤ–ਚਿੰਨ੍ਹ ਪ੍ਰਸਤੀ ਕਿ ਬੁੱਤ-ਪ੍ਰਸਤੀ–ਉਤਰ ਫੇਰੀ।
(੫੮) ਸਿਧ ਗੋਸ਼ਟ ਤੇ ਸੁਮੇਰ ਪਰਬਤ–ਗ੍ਰਿਹਸਤ ਕਿ ਬੈਰਾਗ, ਉਤਰ ਫੇਰੀ।
(੫੯) ਸਿਧ ਗੋਸ਼ਟ ਤੇ ਸੰਸਾਰ ਪਰਬਤ ਪ੍ਰਾਨਾਯਾਮ ਕਿ ਨਾਮ, ਉਤਰ ਫੇਰੀ।
(੬੦) ਸਿਧ ਗੋਸ਼ਟ ਤੇ ਸੁਮੇਰ ਪਰਬਤ–ਨਿਰੰਕਾਰ। ਉ: ਫੇਰੀ
(੬੧) ਮਾਪੇ ਤੇ ਭੈਣ ਦਾ ਨਿਸਤਾਰਾ।
(੬੨) ਸ੍ਰੀ ਕਰਤਾਰ ਪੁਰ ਵਸਾਵਣਾ।
(੬੩) ਲਹਿਣਾ ਜੀ ਤੇ ਸ੍ਰੀ ਅੰਗਦ।
(੬੪) ਨਿਤ ਨਵਾ ਨਾਨਕ।
(੬੫) ਬਾਣੀ ਦਾਨ, ਜਪੁਜੀ ਅਬਚਲੀ ਜੋਤ–ਸੁਣਿਐ ਮੰਨਿਐ ਕਿਸ ਨੂੰ ?
(੬੬) ਸ੍ਰੀ ਜਪੁਜੀ–ਅਕਾਲ ਪੁਰਖ ਦਰਸ਼ਨ।
(੬੭) ਸ੍ਰੀ ਜਪੁਜੀ–ਸਰਬ ਸੰਸੇ ਦੂਰ।
(੬੮) ਅਖੀਰਲੇ ਦਰਸ਼ਨ–ਬਾਬੇ ਜੀ ਦੇ ਫੁੱਲ।
(੬੯) ਸਮੁਚੀ ਸਾਖੀ।
(੭੦) ਅੰਤਿਕਾ।

Sri Satguru Jagjit Singh Ji eLibrary NamdhariElibrary@gmail.com

# ਗੁਰੂ ਨਾਨਕ ਦੀ ਨਿੱਤ ਨਵੀਂ

# ਜਨਮਸਾਖੀ

## ਚਹੁ-ਜੁਗੀ ਜਨਮਸਾਖੀ ਦਾ ਆਰੰਭ !

### ਲਿਖਾਰੀ ਦੀ ਹੈਸੀਅਤ !

ਓ ਮੇਰੇ ਪਿਆਰੇ, ਅਤੀ ਪਿਆਰੇ, ਪ੍ਰਾਣ ਪਿਆਰੇ ਬਾਬਾ ਜੀਉ, ਮੈਂ ਕਿਸ ਹੈਸੀਅਤ ਵਿਚ ਆਪ ਜੀ ਦੀ ਜਨਮ-ਸਾਖੀ ਲਿਖਾਂ ? ਮੈਂ ਕੋਈ ਬਾਲਾ ਨਹੀਂ ਜੋ ਭਾਂਵੇ ਚੁੱਪ, ਪਰ ਫਿਰ ਵੀ ਆਪ ਜੀ ਨਾਲ ਇੰਵ ਨਾਲੋ ਨਾਲ ਜੀਕਣ ਦੇਹ ਦੇ ਨਾਲ ਪ੍ਰਾਣ। ਤੇ ਭਾਈ ਮਰਦਾਨਾ,ਅਤੇ ਓਹਦੀ ਰਬਾਬ,ਓਹ ਵੀ ਤੁਹਾਡੀ ਜਿੰਦ-ਜਾਨ ! ਹਾਂ, ਭਾਈ ਬਾਲਾ ਤੇ ਭਾਈ ਮਰਦਾਨਾ ਨੇ ਤੇਰੀ ਸੱਜੀ ਤੇ ਖੱਬੀ ਅੱਖ ਤੇ ਓਹਨਾਂ ਨੇ ਜੋ ਤੈਂਡੀਆਂ ਪਵਿੱਤਰ ਜਨਮ-ਸਾਖੀਆਂ ਆਪ ਲਿਖੀਆਂ ਯਾ ਲਿਖਵਾਈਆਂ, ਓਹ ਨੇ ਸੱਚੀਆਂ ਗਵਾਹੀਆਂ, ਪਰ ਲੋਕੀ ਆਖਦੇ ਨੇ ਜੋ 'ਈਸਾ ਦਾ ਗਵਾਹ ਮੂਸਾ ਤੇ ਮੂਸੇ ਦਾ ਗਵਾਹ ਈਸਾ'--ਹਾਂ ਇਕ ਦਾ ਗਵਾਹ ਦੂਜਾ ਜਿਨ੍ਹਾਂ ਵਿਚ ਸਾਲਾਂ ਦਾ ਹੀ ਨਹੀਂ, ਸਦੀਆਂ ਯਾਂ ਹਜ਼ਾਰਾਂ ਸਾਲਾਂ ਦਾ ਫ਼ਰਕ ! ਹਾਂ, ਓਹੋ ਜਿਹਾ ਬਾਬਾ ਮੈਂ ਤੇਰਾ ਇਕ ਗਵਾਹ, ਪਰ ਫਿਰ ਵੀ ਆਮੋ ਸਾਹਮਣੇ, ਤੇ ਤੈਨੂੰ ਮੈਂ ਅੱਖੀਓਂ ਡਿਠਾ ! ਕੀ

Sri Satguru Jagjit Singh Ji eLibrary NamdhariElibrary@gmail.com

ਓ ਪਿਆਰਿਆ, ਤੈਨੂੰ ਯਾਦ ਨਹੀਂ, ਤੂੰ ਕੀਕਣ ਗੱਜਦਾ ਵੱਜਦਾ ਤੇ ਭਜਦਾ ਇਸ ਮਲੀਨ ਹਿਰਦੇ ਅੰਙਨ ਵਿਚ ਵੜ ਆਇਆ ਤੇ ਤੈਂਡੀ ਪਵਿਤਰ ਛੋਹ ਨਾਲ ਮੇਰੇ **ਅਣੂ ਤੇ ਪ੍ਰਮਾਣੂ** ਜਾਗ ਉਠੇ, ਕੱਚ ਵਿਚ ਕੰਚਨ ਵਾਲੀ ਭਾਹ ਆਈ; ਤੇ ਜੀਵ ਵਿਚ ਜੀਵਣ-ਰਹੱਸਜ ਚੋਹੁ ਚੋਹੁ ਕਰਦਾ ਆਇਆ ? ਓ ਬਾਪੂਆ, ਤਦ ਦਾ ਤੂੰ ਮੇਰੇ ਨਾਲ, ਤੇ ਮੈਂ ਤੇਰੇ ਨਾਲ, ਤੂੰ ਮੇਰਾ ਅੰਗੀ ਤੇ ਮੈਂ ਤੇਰਾ ਸੰਗੀ–ਮੈਂ ਮਰਦਾਨੇ ਵਾਂਙ ਲਿਲ੍ਹਕਦਾ ਤੂੰ ਮੇਰਾ ਮੂੰਹ ਭਰਦਾ, ਮੈਂ ਸਦਾ ਹੀ ਤਿਹਾਇਆ ਤੇ ਤੂੰ ਮੈਨੂੰ ਨੂਰ ਫੁਹਾਰਾਂ ਨਾਲ ਤੂੜਦਾ; ਮੈਂ ਛਾਨਣੀ ਦੇ ਛੇਕਾਂ ਵਾਂਙ ਵਗਦਾ, ਪਰ ਤੂੰ ਮੁੜ ਇਹਨਾਂ ਛੇਕਾਂ ਦੇ ਮੂੰਹ ਮੂੰਦਦਾ–ਓਹ ਬਾਬਾ ਤੇਰੀ ਮੇਰੀ ਅਣੋਖੀ ਮਿੱਤਰੀ, ਜੀਕਣ ਦਿਨ ਦੀ ਮਿਤਰੀ ਰਾਤ ਨਾਲ-ਓਹ ਚਿਟੇ ਨੂੰ ਕਰੇਂ ਕਾਲਾ ਤੇ ਤੂੰ ਕਾਲੇ ਨੂੰ ਕਰੇਂ ਚਿੱਟਾ ! ਪਰ ਮੇਰਿਆ ਬਾਬਾ, ਤੂੰ ਸਦਾ ਹਰਾ ਭਰਾ, ਮੇਰੀਆਂ ਲੋੜਾਂ ਤੇ ਥੋੜਾਂ ਨੂੰ ਤੂੰ ਆਪ ਕੱਜਦਾ ਤੇ ਮੈਨੂੰ ਚੁੰਮਦਾ ਚੱਟਦਾ ਤੇ ਪਾਲਦਾ ਤੇ ਇਕ ਅਣੋਖੇ ਦਿਹਾੜੇ, ਮੈਨੂੰ ਵੀ ਆਪਣੇ ਵਾਂਙ ਸਿਖਰ ਤੇ ਚੜ੍ਹਾ ਕੇ ਆਂਹਦਾ; ਏਹ, ਔਹ......ਤੇ ਹਭ ਕੁਝ ਤੇਰਾ, ਤੂੰ ਮੇਰਾ ਤੇ ਮੈਂ ਤੇਰਾ......ਤੂੰ ਤੇ ਮੈਂ ਇਕ ! ਓ ਸਿਖਰ-ਸਵਾਰੀਏ, ਓ ਗਰੁੜ ਅਸਵਾਰੀਏ,* ਓ ਨਾਮ ਸਵਾਰੀਏ, ਤੇਰੇ ਮੈਂ ਕੀ ਕੀ ਗੁਣ ਗਾਵਾਂ ? ਤੇਰਾ ਇਹ ਇਕ ਅੰਮ੍ਰਤ ਹੂਟਾ ਮੇਰੇ ਅੰਦਰ, ਓ ਬਾਬਾ, ਤੇਰੇ ਸਾਰੇ ਗੁੱਝੜੇ ਬਿਰਤਾਂਤ ਮੇਰੀਆਂ ਅੱਖਾਂ ਅੱਗੇ ਇਉਂ ਲੈ ਆਇਆ ਜੀਕਣ ਕੋਈ ਰਾਤ ਨੂੰ ਸਿਨਮਾ ਵੇਖਦਾ ਹੈ, ਤੇ ਮੁੜ

ਤੋਂ ਲੈ ਕੇ ਅਖੀਰ ਸਾਰਾ ਹੀ ਇਕ ਰਾਤੀ ਕੱਢ ਜਾਂਦਾ ਹੈ! ਹਾਂ, ਕੁਝ ਉਸੇ ਤਰ੍ਹਾਂ ਹੀ ਮੇਰੇ ਜਾਦੂਗਰ ਬਾਬਾ, ਤੂੰ ਆਪਣੇ ਆਪ ਤੋਂ ਆਪਣੀ ਕੰਬਲੜੀ, ਕਾਲ-ਕੰਬਲੜੀ ਲਾਹੀ, ਤੇ ਮੈਂ ਤੈਂ ਨਾਲ ਖੇਡ ਵੱਡਾ ਹੋਇਆ, ਫਿਰ ਤੇਰੇ ਨਾਲ ਚਾਰੇ ਉਦਾਸੀਆਂ ਕੱਢੀਆਂ, ਤੇ ਤੈਂ ਵਾਂਙ ਮੱਕੇ-ਮਦੀਨੇ ਤੇ ਹਰਦਵਾਰ ਤੇ ਹੋਰਾਂ ਤੀਰਥਾਂ ਤੇ ਵੀ ਭੱਜ ਟੁਰਿਆ! ਓ ਸਿਖਰ ਸਵਾਰੀਏ, ਓ ਜਾਦੂ ਦੀਏ ਉਡਾਰੀਏ, ਜਦ ਮੈਂ ਬਾਬੇ ਦੇ ਅਕਾਲ-ਪੰਜੇ ਨਾਲ ਲਟਕਿਆ ਲਟਕਿਆ ਜਾ ਰਿਹਾ ਸਾਂ, ਜੀਕਣ ਇੱਲ ਦੇ ਪੈਰ ਵਿਚ ਕੋਈ ਸੱਪ ਜਾਂ ਸਪਲੀਟਾ, ਜੋ ਉਸ ਨੇ ਹੁਣੇ ਹੁਣੇ ਹੀ ਪਕੜਿਆ ਹੋਵੇ, ਤੀਕਣ ਹੀ ਓਸ ਅਰਸ਼ੀ ਬਿਬਾਨ ਤੇ ਬੈਠ ਕੇ ਮੈਂ ਤੇਰੇ ਜੀਵਨ ਚਰਿਤਰਾਂ ਨੂੰ ਆਪਣੇ ਪੈਰਾਂ ਹੇਠ ਡਠੀ ਹੋਈ ਪਵਿ-ਤਰ ਧਰਤੀ ਵਾਂਙ ਵਿਛਿਆ ਹੋਇਆ ਦੇਖਿਆ ! ਓ ਗਰੁੜ-ਅਸਵਾਰੀਏ, ਓ ਨਾਮ-ਭਵਾਟੀਏ, ਓ ਜਾਦੂ-ਉਡਾਰੀਏ, ਤੂੰ ਮੈਨੂੰ ਓਹ ਸਾਰੀ ਲੀਲ੍ਹਾ ਇਕ ਖਿਨ ਵਿਚ ਚਾ ਖੋਲ੍ਹ ਦੱਸੀ, ਜੋ ਸ੍ਰੀ ਬਾਬਾ ਜੀ ਨੇ ਆਪਣੀ ਜੀਵਨ-ਯਾਤ੍ਰਾ ਵਿਚ ਪੂਰਬ, ਪੱਛਮ, ਉੱਤਰ, ਦੱਖਣ ਫਿਰ ਕੇ ਉਚਾਰੀ।

ਪਾਠਕ ਗਣੋ! ਕੀ ਤੁਸੀ ਮੇਰੇ ਕੋਲੋਂ ਹੂ-ਬ-ਹੂ ਜੀਵਣ ਯਾਤਰਾ ਦੀ ਫੋਟੋ ਮੰਗਦੇ ਹੋ ਯਾ ਮੇਰੇ ਕੋਲੋਂ ਫੋਟੋ ਦੇ ਨਾਲ ਨਾਲ ਹੀ ਗ੍ਰਾਮੋਫੋਨ ਦਾ ਵੀ ਕੰਮ ਮੰਗਦੇ ਹੋ, ਜੁ ਹੋ ਗੁਜ਼ਰੀਆਂ ਗੱਲਾਂ ਮੁੜ ਮੁੜ ਸੁਣਾਂਵਦਾ ਤੇ ਸੁਣਾ ਸੁਣਾ ਕੇ ਨਹੀਂ ਰੱਜਦਾ ? ਮੇਰੀ ਜਨਮ-ਸਾਖੀ ਵਿਚ ਕੈਮਰਾ ਤੇ ਗ੍ਰਾਮੋਫੋਨ ਨਾਲੋ ਨਾਲ ਅਪਣਾ ਹੱਥ ਵਟਾਣਗੇ, ਤੇ ਆਪ-ਡਿੱਠੀ ਆਪ-ਹੰਡੀ ਗਵਾਹੀ ਖੋਲ੍ਹਣ ਦਾ ਯਤਨ ਕਰਨਗੇ--ਪਰ ਜੀਕਣ

Sri Satguru Jagjit Singh Ji eLibrary NamdhariElibrary@gmail.com

ਹਵਾਈ ਜਹਾਜ਼ ਦੇ ਕੈਮਰੇ ਵਡੇ ਵਡੇ ਚਿੱਤਰ ਚਿੱਤਰਦੇ ਨੇ, ਤੇ ਨਿਕੇ ਚਿੱਤਰ ਆਪਣੇ ਆਪ ਉਹਨਾਂ ਦੀਆਂ ਇਲ ਅੱਖਾਂ ਤੋਂ ਵੀ ਓਹਲੇ ਰਹਿੰਦੇ ਨੇ, ਤੀਕਣ ਹੀ ਇਸ ਦਿੱਬਜ ਦਰਸ਼ਨ ਵਾਲੀ ਸਾਖੀ ਵਿਚ ਸਿਰਫ ਅਕਾਲ ਦਰਸ਼ਨ ਤੇ ਅਕਾਲ-ਦੀਦਾਰੇ ਹੋਵਣਗੇ। ਕਾਲ-ਕਲਾ ਤੇ ਇਤਹਾਸਕ ਸ਼ੀਸ਼ਾ-ਬਾਸ਼ਾ ਪੜ੍ਹਨ ਵਾਸਤੇ ਹੋਰ ਸਾਖੀਆਂ ਥੋੜੀਆਂ ਨੇ ! ਹਾਂ ਇਸ ਵਿਚ ਨਾ ਜਨਮ ਦੀਆਂ ਤਾਰੀਖਾਂ, ਨਾ ਉਦਾਸੀਆਂ ਦੇ ਮਹੀਨੇ ਨਾ ਜੀਵਣ ਦੇ ਸਾਲ ਕਿਧਰੇ ਦਿਤੇ ਨੇ--ਤੇ ਨਾ ਹੀ ਦੇਣ ਦੀ ਲੋੜ ਏ--ਕਿਉਂਕਿ ਜਦ ਸਾਡੀਆਂ ਅੱਖਾਂ ਜੇ ਇਸ ਕਾਲ ਵਲ ਵੇਖਣ ਤਾਂ ਅਕਾਲ ਵਲ ਨਹੀਂ ਵੇਖ ਸਕਦੀਆਂ-ਤਾਂਤੇ ਜਿਨ੍ਹਾਂ ਨੇ ਅਕਾਲ-ਦੀਦਾਰੇ ਵੇਖਣੇ ਤੇ ਚੱਖਣੇ ਨੇ ਉਹਨਾਂ ਨੂੰ ਇਹ ਕਾਲ ਦੇ ਚਿਨ੍ਹ ਥੋੜੀ ਦੇਰ ਲਈ ਅੱਖੋਂ ਓਹਲੇ ਕਰਨੇ ਅਵੱਸ਼ਕ ਨੇ।

ਮੇਰੇ ਪਿਆਰੇ ਬਾਬਾ ਜੀਉ ! ਇਸ ਅਕਾਲ ਉਡਾਰੀ ਵਿਚ ਮੈਂ ਵੇਹਨਾਂ ਹਾਂ ਜੁ ਤੁਸੀ ਇਕ ਅਨੂਠੇ-ਗਰੁੜ ਵਾਂਙ ਉਤਾਂਹ ਹੀ ਉਤਾਂਹ ਵਲ ਗੋਲ ਗੋਲ ਉਡਾਰੀਆਂ ਮਾਰਦੇ ਜਾਂਦੇ ਹੋ । ਜਿਤਨਾ ਉਪਰ ਤੁਸੀ ਜਾਂਵਦੇ ਹੋ ਤਿਤਨੀ ਹੀ ਵਾਯੂ ਵਧੇਰੀ ਸੂਖਮ ਹੋ ਕੇ ਮੇਰੀ ਸੰਘੀ ਘੁਟਦੀ ਏ ਤੇ ਮਰਦਾਨੇ ਵਾਂਙ ਮੈਂ ਵਾਯੂ-ਭੁੱਖਾ ਹੋ ਕੇ ਤੁਹਾਨੂੰ ਆਹੰਦਾ ਹਾਂ । ਬਾਬਾ ਜੀਓ, ਆਓ ਨਾ, ਮਾਤ-ਲੋਕ ਵਲ ਫਿਰ ਚਲੀਏ, ਮੈਂ ਭੁੱਖਾ ਹਾਂ, ਮੈਂ ਤਿਹਾਇਆ ਹਾਂ, ਮੈਂ ਯੁਗਾਂ ਯੁਗਾਂ ਦਾ ਘਬਰਾਇਆ ਹੋਇਆ ਹਾਂ। ਮੇਰੀ ਇਛਾ ਹੈ, ਕੀ ਤੁਸੀਂ ਮੈਨੂੰ ਫਿਰ ਗਾੜ੍ਹੇ ਵਾਯੂ-ਮੰਡਲ ਵੱਲ ਨਹੀਂ ਲੈ ਚਲੋਗੇ, ਜਿਥੇ ਮੈਂ ਰਜ ਰਜ ਕੇ ਖਾਵਾਂ ਤੇ ਆਪਣੀ ਤ੍ਰਿਖਾ ਬੁਝਾਵਾਂ ? ਤਾਂ ਬਾਬਾ ਜੀ, ਮੈਨੂੰ ਹੋਰ ਵਧੇਰੇ

ਉਪਰ ਲੈ ਜਾ ਕੇ ਆਂਹਦੇ ਜਾਪਦੇ ਨੇ, ਓ ਪੁੰਗੜਿਆ, ਓ ਸਾਇੰਸ-ਲਿਬੜਿਆ, ਓ ਅਧ-ਕੱਚਿਆ, ਕੀ ਤੂੰ ਅਜੇ ਵੀ ਨਹੀਂ ਸਮਝਦਾ ਜੁ ਤੇਰੀ ਤਿਖਾ ਹੇਠਾਂ ਮੁੜ ਜਾਵਣ ਨਾਲ ਨਹੀਂ, ਉਪਰ ਜਾਣ ਨਾਲ ਬੁਝੇਗੀ ? ਕੀ ਕਦੇ ਚਾਤ੍ਰਿਕ ਦੀ ਤਿਖਾ ਵੀ ਖਾਰੇ ਜਲ ਨਾਲ ਬੁਝੀ, ਓਹਦੀਆਂ ਅੱਖਾਂ ਤੇ ਖੁਲ੍ਹੀਆਂ ਉਪਰਲੇ ਅਰਸ਼ ਵਲ ਲਗੀਆਂ ਰਹਿੰਦੀਆਂ ਨੇ ਤੇ ਜਦ ਤਕ ਉਹ ਉਪਰੋਂ ਉਤਰੀ ਸ੍ਵਾਂਤੀ-ਬੂੰਦ ਓਹਦੀ ਤਾਂਘਦੀ ਰਸਨਾ ਉਤੇ ਨਾ ਪਵੇ ਤਦ ਤਕ ਓਹਦੀ ਤਿਖਾ ਨਹੀਂ ਮਿਟਦੀ–ਤਾਂ ਤੇ ਤੇਰੀ ਭੁੱਖ ਓ ਬਾਵਰਿਆ, ਉਤਲੇ ਮੰਡਲਾਂ ਵਿਚ ਜਾ ਕੇ ਉਤਰੇਗੀ ! ਤਾਂ ਮੈਂ ਮਰਦਾਨੇ ਵਾਂਙ ਭੁੱਖਾ, ਜੀਕਣ ਓਹ ਵਲੀ ਕੰਧਾਰੀ ਕੋਲੋਂ ਆਪਣੀ ਤਿਖਾ ਬੁਝਾਣ ਦਾ ਯਤਨ ਕਰਦਾ ਸੀ, ਤੀਕਣ ਹੀ ਮੈਂ ਵੀ ਸਿਧ ਪੁਠ ਜਾਣ ਦਾ ਖਿਆਲ ਛੱਡ ਕੇ ਬਾਬਾ ਜੀ ਦੇ ਚਰਨਾਂ ਨਾਲ ਚਿਮਟ ਕੇ ਉਹਨਾਂ ਪਵਿਤ੍ਰ ਪਗਾਂ ਦੀ ਧੂੜੀ ਬਣ ਗਿਆ ! ਬਾਬਾ ਜੀਓ, ਮੈਂ ਕੀ ਵੇਹਨਾਂ ਹਾਂ ? ਜਿਉਂ ਜਿਉਂ ਮੈਂ ਆਪ ਜੀ ਦੇ ਚਰਨ-ਕਮਲਾਂ ਨਾਲ ਲੱਗ ਕੇ ਵਧੇਰਾ ਵਧੇਰਾ ਸੂਖਮ ਹੋਂਦਾ ਗਿਆ, ਤਿਉਂ ਤਿਉਂ ਮੇਰੀ ਤਿਖਾ ਅੰਦਰੋ ਅੰਦਰ ਦੂਰ ਤੇ ਕਾਫ਼ੂਰ ਹੋਂਦੀ ਗਈ । ਜੀਕਣ ਜਿੱਨਾ ਜ਼ਮੀਨ ਨੂੰ ਵਧੇਰਾ ਗੋਡੀਏ ਤਿਤਨਾ ਹੀ ਵਧੇਰਾ ਉਸ ਵਿਚ ਫਸਲ ਹੁੰਦਾ ਹੈ । ਤੇ ਜਦ ਮੇਰੀ ਸੂਖਮਤਾ, ਐਡੀ ਮਹੀਨ ਤੇ ਤੀਬਰ-ਤਰ ਹੋ ਗਈ, ਜਿਹਾ ਕਿ ਤੁਹਾਡੀ ਪਵਣ ਅਹਾਰ ਦੇਹੀ––ਕਿਉਂਕਿ ਤੁਸੀ ਅਪਣਾ ਤੇਜ ਪਵਣ ਦੇ ਗੁੱਚਿਆਂ ਵਿਚੋਂ ਕਿਸੇ ਅਣੋਖੀ ਪਿਚਕਾਰੀ ਵਾਂਗ ਭਰ ਕੇ ਕੱਢਦੇ ਹੋ ਤਾਂ......ਤਾਂ, ਇਸ ਦੇਹੀ ਵਿਚੋਂ ਵੀ 'ਨੂਰ' ਦਾ ਓਹ ਅਮ੍ਰਿਤ ਭਰਿਆ ਚਿਸ਼ਮਾ

ਫੁਟ ਕੇ ਨਿਕਲਿਆ, ਜਿਸ ਨੂੰ ਮੈਂ ਪੀ ਕੇ ਸਦਾ ਲਈ ਹਰਾ ਭਰਾ ਤੇ ਤ੍ਰਿਪਤ ਹੋ ਗਿਆ। ਓ ਸਿਧੇ ਰਾਹ ਵਿਖਾਣ ਵਾਲਿਆ ਬਾਪੂਆ, ਮੈਂ ਵੀ ਮਰਦਾਨੇ ਵਾਂਗ ਪੈਹਲੋਂ ਪਹਾੜੀਆਂ ਕੱਛਦਾ, ਉਤੇ ਚੜ੍ਹਦਾ ਤੇ ਹੇਠਾਂ ਉਤਰਦਾ, ਪਰ ਕੀ ਪਤਾ ਜੁ ਓਹ ਅੰਮ੍ਰਿਤ ਜਿਸ ਨੇ ਮੇਰੀ ਤਿਖਾ ਨਿਵਾਰਨੀ ਏ, ਓ ਵਲੀ-ਕੰਧਾਰੀ ਦੀ ਸੁਕੀ ਸੜੀ ਬਾਵਲੀ ਨਹੀਂ, ਸਗੋਂ ਓਹ ਤੇਰਾ ਸਦ - ਵਗਦਾ, ਸਦ–ਵਧਦਾ 'ਪੰਜਾ ਸਾਹਿਬ' ਏ । ਜੋ ਤੈਂ ਆਪ ਹੀ ਆਪਣਾ ਪਵਿਤਰ ਪੰਜਾ ਲਾ ਕੇ ਮੇਰੇ ਹਿਰਦੇ ਵਿਚੋਂ ਹੀ ਚਾ ਕਢਿਆ! ਮੇਰੇ ਬਾਪੂਆ ਤੇਰਾ 'ਪੰਜਾ' ਆਹ ਹਾ ! ਸ੍ਰੀ ਪੰਜਾ ਸਾਹਿਬ ਨੂੰ ਵੀ ਮੈਂ ਆਪਣੀ ਹਿਰਦਾ ਸਿਲਾ ਤੇ ਸਾਂਭ ਰਖਿਆ ਏ ਤੇ ਜਦ ਕੋਈ ਮੇਰੀ ਗੱਲ ਨਾ ਮੰਨੇ ਤਾਂ ਮੈਂ ਵੀ ਹਨੂਮਾਨ ਜੀ ਵਾਂਗ ਆਪਣੀ ਛਾਤੀ ਫਾੜ ਕੇ ਓਹਨੂੰ ਦਸਨਾ ਹਾਂ ਤੇ ਸੈਲ–ਪਥਰ ਤੇ ਲਿਖਿਆ ਰਾਮ ਨਾਮ ਓਹਨੂੰ ਚਾ ਵਿਖਾਨਾ ਹਾਂ–– ਕੀ ਇਹ ਸਾਰੀ ਜਨਮ–ਸਾਖੀ ਓਸੇ ਹੀ ਸ੍ਰੀ ਪੰਜਾ ਸਾਹਿਬ ਤੋਂ ਵੱਗ ਟੁਰੀ ਇਕ ਅੰਮ੍ਰਿਤ-ਧਾਰਾ ਨਹੀਂ ? ਹਾਂ, ਇਹ ਸਾਖੀ ਓਸ ਹਿਰਦੇ–ਸਿਲਾ ਦੀ ਆਪਣੀ - ਆਪ, ਮੂੰਹ ਬੋਲਦੀ ਗੁਵਾਹੀ ਏ ਤੇ ਇਸੇ ਤੋਂ ਛੁਟ ਹੋਰ ਕਾਸੇ ਗਵਾਹੀ ਦੀ ਲੋੜ ਵੀ ਕੀ ?

ਮੇਰੇ ਪਿਆਰੇ ਅੱਖਾਂ ਦੇ ਤਾਰੇ ਬਾਪੂ ਜੀ, ਕੋਈ ਕਿਸੇ ਨੂੰ ਸੁਣਾ ਕੇ ਤੇ ਆਖ ਵੇਖ ਕੇ ਕਥਾ ਕੀਰਤਨ ਕਰਦਾ ਹੈ; ਕੋਈ ਬਾਲਾ ਪੈੜੇ–ਮੋਖੇ ਯਾ ਹੋਰ ਕਾਸੇ ਨਾਲ ਮੂੰਹ ਮੂੰਹੀ ਹੋ ਕੇ ਗਲਾਂ ਕਰਦਾ ਹੈ ਤੇ ਕੋਈ ਰਾਹ ਜਾਂਦਿਆਂ ਨਾਲ ਗਲਾਂ ਕਰਦਾ ਤੇ ਉਹਨਾਂ ਕੋਲੋਂ ਹਾਂ ਨਾਲ ਹਾਂ ਮਿਲਵਾਂਦਾ ਹੈ––ਪਰ ਮੇਰੀਆਂ ਗਲਾਂ ਤੈਂ ਨਾਲ ਤੇ ਸਿਰਫ ਤੈਂ ਨਾਲ ਮੇਰਾ ਹੁੰਕਾਰਾ ਭਰਨ

ਵਾਲਾ ਵੀ ਤੂੰ! ਓ ਗੁਝੜੇ ਬਾਬਾ, ਅਨੰਦ ਵੀ ਤਾਹੀਓਂ ਏ, ਜੇ ਤੂੰ ਘੁਟ ਘੁਟ ਕੇ ਗੁੰਝਲਾਂ ਤੇ ਗੋਰਖਧੰਧੇ ਪਾਈ ਜਾਏਂ, ਤੇ ਮੈਂ ਖੋਲ੍ਹੀ ਜਾਵਾਂ, ਮੇਰੇ ਖੋਹਲਣ ਦੀ ਹਾਮੀ ਤੇ ਸ਼ਾਹਦੀ ਭਰੇਂ ਤੂੰ ਆਪੇ! ਓ ਆਪੇ ਬੰਨ੍ਹਣ ਤੇ ਆਪੇ ਖੋਹਲਣ ਵਾਲਿਆ ਚਹੁ-ਜੁਗੀ ਬਾਬਿਆ! ਤੂੰ ਆਪੇ ਮਰਦਾਨੇ ਨੂੰ ਆਖੇਂ "ਮਰਦਾਨਿਆਂ ਰਬਾਬ ਵਜਾ ਤੇ ਆਪੇ ਓਹਦੀਆਂ ਤਰਬਾਂ ਵਿਚ ਵੜ ਕੇ ਆਪਣੇ ਰੱਸ ਨਾਲ ਓਸ ਕੀਰਤਨ ਨੂੰ ਇਲਾਹੀ ਰੰਗ ਵਿਚ ਰੰਗੇਂ'--ਓ ਜਾਦੂਗਰਾ, ਫਿਰ ਜੇ ਭੁੱਲਾ ਮਰਦਾਨਾ ਆਖੇ, ਜੁ ਸਵਾਦ ਏ ਮੇਰੇ ਹੱਥਾਂ ਵਿੱਚ, ਨਾ ਕਿ ਤੇਰੀ ਦਿਤੀ ਰਬਾਬ ਵਿਚ, ਤਾਂ ਕਸੂਰ ਕਾਹਦਾ? ਮੇਰਾ ਭਾਵ ਇਹ ਹੈ ਜੁ ਓ ਚੋਜੀ ਮੌਜੀਆ ਤੂੰ ਆਪੇ ਰਹੱਸਜ ਜੋੜੇਂ ਤੇ ਆਪੇ ਓਹਨਾਂ ਵਿਚੋਂ ਰੱਸ ਜੰਦਰੇ ਖੋਹਲੇਂ--ਤੇ ਵੇਖਣ ਸੁਣਨ ਵਾਲਾ ਪਿਆ ਇਹ ਸਮਝੇ ਜੇ ਸ਼ਾਇਦ ਵੇਖਣ ਵਿਚ ਹੀ ਸਾਰੀ ਕਾਰੀਗਰੀ ਯਾ ਚਾਲਾਕੀ ਏ--ਜੀਕਣ ਕੋਈ ਪ੍ਰਛਾਵਾਂ ਆਖੇ, ਮੇਰੇ ਟੁਰਣ ਨਾਲ ਮੇਰਾ ਮਾਲਕ ਪਿਆ ਟੁਰਦਾ ਏ! ਹਾਂ, ਤੀਕਣ ਹੀ ਓ ਨਿਰੰਕਾਰੀ ਬਾਬਾ ਤੂੰ ਅਖੀਓਂ ਓਹਲੇ ਹੋ ਕੇ ਚਾਬੀ ਚਲਾਏਂ, ਤੇ ਮੈਂ ਤੇਰੀ ਘੜੀ ਟਿਕ ਟਿਕ ਕਰਾਂ, ਪਰ ਫਿਰ ਸਮਝਾਂ ਜੇ ਆਪਣੇ ਤ੍ਰਾਣ ਨਾਲ ਪਈ ਹਾਂ ਟੁਰਦੀ! ਪਰ ਮੇਰੇ ਆਪਿਆ, ਓ ਸਾਜ ਨਿਵਾਜੇ ਆਪਿਆ, ਤੂੰ ਤੇ ਮੇਰਾ ਬਾਬਾ ਕੋਈ ਭਿੰਨ ਨਹੀਂ, ਤਾਂ ਤੇ ਜੇ ਮੈਂ ਵਾਲਾ ਮਰਦਾਨਾ ਕਿਸੇ ਵੇਲੇ ਖਿਸਕ ਕੇ ਇਜੇਹੇ ਗੁਮਾਨ ਵਿਚ ਪੈ ਵੀ ਜਾਏ ਤਾਂ ਵੀ ਬਖਸ਼ਣ ਯੋਗ ਏ--ਕਿਉਂਕਿ ਸੂਰਜ ਦੀਆਂ ਕਿਰਨਾਂ ਤੇ ਸੂਰਜ ਵਿਚ ਫਰਕ ਕੀ ਏ?

ਓ ਮੇਰੇ ਰੱਬੀ-ਬਾਬਾ, ਤੂੰ ਹਿੰਦੂ ਨਹੀਂ, ਮੁਸਲਮਾਨ

Sri Satguru Jagjit Singh Ji eLibrary NamdhariElibrary@gmail.com

ਨਹੀਂ, ਸਿਖ ਨਹੀਂ, ਈਸਾਈ ਨਹੀਂ–ਤੂੰ ਸਭ ਦਾ ਸਾਂਝਾ ਰੱਬ ਏਂ–ਭਲਾ ਕੀ ਸੋਨੇ ਤੇ ਕਿਸੇ ਬਾਦਸ਼ਾਹ ਦੀ ਮੋਹਰ ਲਗਿਆਂ ਸੋਨਾਂ ਆਪਣਾ ਆਪ ਛਡ ਦਿੰਦਾ ਏ ? ਤੀਕਣ ਹੀ ਭਾਵੇਂ ਕੋਈ ਤੈਨੂੰ ਮੋਹਰ ਲਾ ਕੇ ਪਿਆ ਅਪਣਾਏ, ਤੂੰ ਕਿਸੇ ਦਾ ਨਹੀਂ, ਫਿਰ ਸਭ ਦਾ ਏਂ, ਕਿਉਂਕਿ ਵਾਸਤਵ ਵਿਚ ਤੂੰ ਨੂਰ ਜੋਤ ਤੇ ਸੈਭੰ ਆਪ ਏਂ ! ਤੂੰ ਆਇਆ ਤੇ ਤੂੰ ਗਇਆ। ਪਰ ਕੌਣ ਆਂਹਦਾ ਏ ਕਿ ਸੂਰਜ ਆਇਆ ਤੇ ਗਇਆ, ਜੋ ਆਂਹਦੇ ਨੇ ਸੂਰਜ ਆਇਆ ਓਹ ਭੁੱਲੇ ਨੇ–ਧਰਤੀ ਆਂਵਦੀ ਤੇ ਜਾਂਵਦੀ ਏ, ਸੂਰਜ ਤਾਂ ਓਥੇ ਦਾ ਹੀ ਓਥੇ ਹੈ, ਇਹ ਤਾਂ ਸਾਡੀਆਂ ਅੱਖਾਂ ਦਾ ਭੁਲਾਵਾ ਏ ! ਤੀਕਣ ਹੀ ਓਹ ਚੋਜੀ ਬਾਪੂਆ, ਤੂੰ ਸਦਾ ਸਥਿਰ ਸੱਤਾ ਏਂ, ਤੂੰ ਆਪਣੇ ਠਿਕਾਣੇ ਤੇ ਬੈਠਾ ਤੇਜ ਏਂ, ਤੇਰੇ ਪੈਰਾਂ ਵਿਚ ਇਹ ਧਰਤੀ ਕਾਸੇ ਗੇੜ ਵਿਚ ਆਈ ਤੇ ਫਿਰ 'ਚਾਂਦਨੀ–ਚੌਂਕ' ਬਣ ਕੇ ਵਾਪਸ ਹੋ ਤੁਰੀ ! ਓ ਚੰਬੇ ਦੀਏ ਕਲੀਏ, ਓ ਪਵਿਤਰ ਧਰਤੀਏ, ਓ ਬੀਰ ਬਹੁਟੀਏ, ਤੂੰ ਹੁਣ ਕਿਉਂ ਨਾਂ ਮਟਕ ਮਟਕ ਕੇ ਟੁਰੇਂ, ਤੈਨੂੰ ਜੇ ਤੇਰੇ ਲਾਲਣ ਤੈਂਡੇ ਨਿਰੰਕਾਰੀ ਬਾਬੇ ਨੇ ਅਪਣਾਇਆ, ਤੈਨੂੰ ਆਪਣੇ ਚਰਨ ਕਮਲਾਂ ਨਾਲ ਛੋਹਾਇਆ, ਤੇ ਤੈਨੂੰ ਵੀ ਆਪਣੇ ਜਿਹਾ ਬਣਾ-ਇਆ ! ਤਾਂਹੀ ਤੂੰ ਮੋਰ ਵਾਂਗ ਪੈਲਾਂ ਪਾਵਨੀ ਏਂ, ਕਿਉਂ ਨਾ ਪਾਏਂ, ਤੇਰੇ ਉਤੇ, ਓਹ ਬਾਬਾ ਛਣ ਛਣ ਕਰਦਾ ਆਇਆ ਤੇ ਤੈਂ ਸੁਤੀ ਨੂੰ ਝਾਂਜਰਾਂ ਬੰਨ੍ਹ ਕੇ ਟੁਰ ਗਿਆ, ਹੁਣ ਜਾਗ ਕੇ ਤੂੰ ਵੀ ਓਹੋ **'ਨਾਮ-ਝਾਂਜਰਾਂ'** ਬੰਨ੍ਹ ਕੇ ਨੱਚ ਉੱਠੀ, ਗੱਜ ਉੱਠੀ, ਵੱਜ ਉੱਠੀ ! ਓ ਧਰਤੀ ਬਲਿਹਾਰ ਜਿਸ ਤੇ ਮੇਰੇ

ਬਾਬੇ ਨੇ ਚਰਨ ਪਾਏ, ਓਹ ਤਲਵੰਡੀ ਬਲਿਹਾਰ, ਜਿਸ ਵਿਚ ਮੇਰੇ ਬਾਬੇ ਨੇ ਦਿਦਾਰੇ ਦਿਤੇ, ੳ ਪੰਜਾਂ ਦਰਿਆਵਾਂ ਦੀ ਪਵਿਤਰ ਧਰਤੀ ਬਲਿਹਾਰ-ਸਦਵਾਰ, ਜਿਥੇ ਮੇਰੇ ਬਾਬੇ ਨੇ ਅੰਮ੍ਰਤ ਵੀਟਿਆ ਤੇ ਤੁਹਾਡੀ ਸੜਦੀ ਬਲਦੀ ਰੇਤ ਨੂੰ ਠਾਰਿਆ ! ਨੀ ਤਲਵੰਡੀਏ, ਨੀ ਉਸ ਤਲੇ ਹੇਠ, ਉਸ ਸੁਨੈਹਰੀ ਤਲੇ ਹੇਠ ਆਈ ਤਲਵੰਡੀਏ, ਅੱਜ ਤੈਂਡੀਆਂ ਵੰਡੀਆਂ ਪੈਣੀਆਂ ਨੇ ਵੰਡੀਆਂ (ਤਾਂਹੀ ਤੇ ਤੂੰ ਅਖਵਾਨੀ ਏਂ ਨਾ ਤਲਵੰਡੀ) ਹਾਂ ਤੈਨੂੰ ਵੰਡਣ ਵਾਸਤੇ ਆਏ ਨੇ ਇਕ ਪਾਸੇ ਪੰਜ ਦੁਆਬੀਏ ਤੇ ਦਰਸ਼ਨ ਮਤਵਾਲੇ ਮਾਣੂ, ਤੇ ਉਤੋਂ ਅਰਸ਼ ਤੋਂ ਆਏ ਨੇ ਤੇਤੀਸ ਕਰੋੜ ਦੇਵਤੇ ਤੇ ਉਸ ਚੱਪਾ ਜਿੱਡੀ ਧਰਤੀ ਦੀ ਜਿਸ ਤੇ ਤੈਂ ਪੈਹਲੋਂ ਆਪਣੇ ਚਰਨ ਧਰੇ; ਹੁਣ ਬੇਅੰਤ ਵੰਡੀਆਂ ਪੈਂਦੀਆਂ ਨੇ, ਤੇ ਹਰ ਇਕ ਓਸ ਚਰਨ ਧੂੜ ਨੂੰ ਮੱਥੇ ਤੇ ਮਲਣ ਲਈ ਤੱਤਪਰ ਏ ! ੳ ਤਲਵੰਡੀਏ, ਓਹ ਸਾਰੇ ਆਪਸ ਵਿਚ ਪਏ ਲੜਦੇ ਨੇ, ਘੁਲਦੇ ਨੇ ਤੇ ਕੋਈ ਨਹੀਂ ਜਾਣਦਾ ਜੇ ਕਿਸ ਦਾ ਹਿੱਸਾ ਕਿਤਨਾ ਏ-ਆ ਆ ਆ, ਤੂੰ ਮੇਰੇ ਕੋਲ ਆ--ਮੈਂ ਤੈਨੂੰ ਵੰਡਾਂ, ਵੰਡ ਕੇ ਸਾਰੀ ਆਪਣੇ ਹੀ ਹਿਸੇ ਵਿਚ ਪਾ ਲਵਾਂ-ਕੀ ਮੇਰੀ ਬਾਂਦਰ ਵੰਡ ਤੁਸੀ ਨਹੀਂ ਜਾਣਦੇ ? ੳ ਤਿਲਾਂ ਨਾਲ ਤੋਲੀ ਤਲਵੰਡੀਏ, ੳ ਘਿਉ-ਗੁੱਧੀਏ ਤਲਵੰਡੀਏ, ੳ ਨੂਰ ਗੁਧੀਏ ਤਲਵੰਡੀਏ, ਤੂੰ ਧੰਨ ਧੰਨ, ਜਿਥੇ ਮੇਰੇ ਬਾਬੇ ਨੇ ਚਰਣ ਪਾਏ। ੳ ਰੱਬਾ ! ਤੂੰ ਬਾਬਾ ਬਣ ਕੇ ਆਇਓਂ, ੳ ਬਾਬਾ ਤੂੰ ਰੱਬ ਬਣ ਕੇ ਗਿਓਂ, ਤੇਰਾ ਆਗਮਨ ਉਸ਼ਾ (ਪਹੁ-ਫੁਟਾਲ) ਵਾਂਗ ਲਾਲੋ ਲਾਲ ਤੇ ਤੇਰਾ ਆਥਵਣ ਫੁੱਲਾਂ ਵਰਗਾ ਗੁਲਾਲ---ਕੌਣ ਆਂਹਦਾ ਏ ਜੁ ਤੂੰ ਆ ਕੇ ਮੁੜ ਗਿਆ, ਤੂੰ ਏਥੇ ਓਥੇ ਜਿਥੇ ਕਿਥੇ ਮੈਂ ਤੈਂ ਤੇ ਹੱਭ ਕੋਈ ਦਾ

ਸੰਗੀ–ਸਾਥੀ ! ਓ ਮੇਰੇ ਅੰਗ–ਸੰਗੀਆ ਤੂੰ ਜੀਂਵਦਾ, ਸਦ ਜੀਂਵਦਾ ਤੂੰ ਜਾਗਦਾ ਤੇ ਜਗਜੀਵੰਦਾ ਤੂੰ ! ਆ ਅੱਜ ਤੂੰ ਤੇ ਮੈਂ ਫਿਰ ਰਲ ਮਿਲੀਏ, ਜੀਕਣ ਸੱਜਾ ਤੇ ਖੱਬਾ ਹੱਥ, ਤੇ ਮੁੱਠੀ ਨੂਟ ਕੇ ਤੈਨੂੰ ਘੁੱਟ ਰੱਖਾਂ, ਇਸ ਅਧਿਆਤਮਕ ਜਨਮਸਾਖੀ ਅੰਦਰ ! ਓ ਮੇਰੀਏ ਘੁੱਟੀਏ ਹੋਏ ਮੁੱਠੇ, ਰਤਾ ਕੁ ਤੇ ਖੁਲ੍ਹ ਜਾ..... ਮੇਰੀ ਖੁਲ੍ਹੀ ਹੋਈ ਅੱਖੀਓਂ, ਮੀਟੀ ਮੁੱਠ ਇਹ ਰੱਸ ਦਾ ਰਹੱਸਜ !

## ਕੋਹਿਨੂਰ ਮੁੜ ਕੋਹਿਤੂਰ ਤੇ ਆ ਨਿਕਲਿਆ !

ਓ ਚਿੱਟੇ ਬਾਪੂਆ, ਅੱਜ ਮੈਂ ਕਾਲਾ, ਜਦ ਬਾਹਰ ਗਿਆ ਤਾਂ ਚਾਰ ਚੁਫੇਰੇ ਬੱਦਲ ਘਿਰੇ ਹੋਏ ਸਨ, ਇਜੇਹੇ ਕਾਲੇ ਜਿਹਾ ਕਿ ਤਵੇ ਦਾ ਪੁਠਾ ਪਾਸਾ, ਤੇ ਡਰਾਵਣੇ ਹੜਬਾਂ ਕੱਢੇ ਹੋਏ ਤੇ ਇਹ ਧਰਤੀ ਜੋ ਪੱਤ ਝੜ ਨਾਲ ਅੱਗੇ ਹੀ ਸੁੰਨੀ ਸੀ, ਅੱਜ ਇਹਨਾਂ ਬੱਦਲਾਂ ਨਾਲ ਇੰਞ ਘਿਰੀ ਹੋਈ ਜੀਕਣ ਕਿਸੇ ਬੂਟੇ ਉਤੇ ਸੰਘਣੀ ਵੇਲ ਅਸਵਾਰ ਹੈ ! ਓ ਕਾਲਿਓ ਬੱਦਲੋ, ਓ ਘਨਘੋਰ ਘਟਾਵੋ ਤੁਹਾਨੂੰ ਵੇਖ ਕੇ ਮੇਰਾ ਮਨ ਤ੍ਰਭੱਕ-ਕਦਾ ਏ, ਤੇ ਇਉਂ ਭਾਸਦਾ ਏ, ਜੀਕਣ ਕੋਈ ਪ੍ਰਾਣੀ ਇਹਨਾਂ ਅੱਖਾਂ ਵਿਚ ਕਾਲੇ ਤਿੱਖੇ ਤਰੱਕਲੇ ਧਕੇਲ ਰਿਹਾ ਹੋਂਦਾ ਏ ਤੇ ਅੱਖਾਂ ਦੀ ਥਾਂ ਦਿਲ ਵਿਚੋਂ ਲਹੂ ਦੀਆਂ ਨਦੀਆਂ ਵੱਗ ਰਹੀਆਂ ਨੇ । ਪਰ ਔਹ ਪਾਰ, ਜਿਥੇ ਧਰਤੀ ਤੇ ਅਕਾਸ਼ ਮਿਲਦੇ ਨੇ ਓਹ ਗੋਲ ਤੇ ਲਾਲ-ਲਾਲੀ, ਮੈਨੂੰ ਸਵੇਰੇ ਸਵੇਰੇ

Sri Satguru Jagjit Singh Ji eLibrary NamdhariElibrary@gmail.com

ਹੀ ਖਿੜ ਖਿੜ ਕੇ ਆਂਹਦੀ ਏ ਝਾਤ ! ਓ ਕਾਲਿਓ ਬੱਦਲੋ, ਕਿਹੀ ਸੋਹਣੀ, ਮਨਮੋਹਣੀ ਤੁਹਾਡੀ ਏਹ ਲਾਲ ਮਗਜ਼ੀ, ਜਿਸ ਨੂੰ ਵੇਖ ਕੇ ਮੇਰਿਆਂ ਅੱਥਰੂਆਂ ਦੀ ਲੜੀ ਠਲ੍ਹ ਜਾਂਵਦੀ, ਅੱਥਰੂਆਂ ਵਿਚ ਵੀ ਕੋਈ ਅਣੋਖਾ ਝਾਵਲਾ ਆਉਂਦਾ ਤੇ ਸੁਤਾ ਹੋਇਆ ਮਨ ਜਾਗਦਾ ਅਰ ਪ੍ਰਭਾਤ-ਝਾਤ ਨਾਲ ਰਲ ਮਿਲ ਕੇ ਆਵਣ ਵਾਲੀ ਨੂਰ-ਬਹਾਰ ਨੂੰ ਤੱਕਦਾ ਏ ! ਮੇਰੇ ਪਿਆਰੇ ਬਾਪੂਆ, ਤੀਕਣ ਤੂੰ ਵੀ ਇਸ ਸੰਸਾਰ ਵਿਚ ਉਸ ਅੜੇ ਵੇਲੇ ਆਇਆ, ਜਦ ਪਾਪ ਦੀਆਂ ਘਨ-ਘੋਰ ਘਟਾਵਾਂ ਡੂੰਘੀਆਂ ਘਿਰੀਆਂ ਹੋਈਆਂ ਸਨ। ਰਾਜੇ ਕਸਾਈ ਤੇ ਧਰਮ ਪੰਖ ਲਾ ਕੇ ਉਡਰ ਗਿਆ ਹੋਇਆ ਸੀ। ਮਾਨੂ ਟੁਰਦੇ ਸਨ, ਪਰ ਮਨ ਸੁਤੇ ਹੋਏ । ਹਾਂ ਇਹ ਟੁਰਦੀਆਂ ਲੋਥਾਂ ਨੂੰ ਵੇਖ ਕੇ ਮੁਰਦੇ ਵੀ ਕਬਰ ਵਿਚ ਤੇ ਡਰਦੇ ! ਪਰ ਓ ਸੋਹਣਿਆ ਤੂੰ ਹੱਸਦਾ ਹੱਸਦਾ, ਖਿੜੇ ਹੋਏ ਫੁੱਲ ਵਾਂਙ ਅਰਸ਼ ਤੋਂ ਉਤਰ ਕੇ ਫਰਸ਼ ਤੇ ਆਇਆ ਤੇ ਉਸ ਅੱਖ ਚੱਕਰੀ Horizon ਦੀ ਲਾਲ ਟਿੱਕੀ ਵਾਂਗ ਤੂੰ ਵਿਗਸ ਕੇ ਆਖਿਆ-ਝਾਤ ! ਓ ਕਾਲੀਏ ਬੋਲੀਏ ਧਰਤੀਏ, ਤੂੰ ਤਾਂ ਸੰਸਾਰ ਦੀ ਦਾਈ ਏਂ, ਤੂੰ ਤਾਂ ਨਿਤ ਨਿਤ ਬੱਚੇ ਜਣਦੀ ਏਂ-ਕੀ ਕਦੇ ਤੈਂ ਵੀ ਡਿੱਠਾ ਏ ਕੋਈ ਬਾਲਕ, ਜੋ ਜੰਮਦਿਆਂ ਹੀ ਖਿੜ ਖਿੜ ਹੱਸਦਾ ਏ ਤੇ ਆਪਣੀ ਹਾਂ ਮਾਤਾ ਨੂੰ ਕੁਤ-ਕੁਤਾੜੀਆਂ ਕੱਢ ਕੇ ਆਂਹਦਾ ਏ, ਝਾਤ ! ਵਾਹ ਵਾਹ, ਅੱਜ ਆਇਆ, ਕੋਹਿਨੂਰ ਫਿਰ ਮੁੜ ਕੋਹਿਤੂਰ- ਤੇ ਇਹ ਖੰਡ ਮੰਡਲ ਬ੍ਰਹਮੰਡ ਉਹਦੀ ਝਾਤ-ਪ੍ਰਭਾਤ ਨਾਲ ਗੁਲਾਲ ਹੋ ਵਿਗਸਿਆ !

੧ ਓ ਸਤਿਗੁਰਪ੍ਰਸਾਦਿ ॥

# ਕੱਤਕ ਪੂਰਨਮਾਸ਼ੀ ਕਿ ਵਿਸਾਖੀ ?

ਮੇਰੇ ਪਿਆਰੇ ਚੋਜੀਆ, ਤੇਰੇ ਚੋਜ ਅਨੇਕ ਨੇ, ਬੇਅੰਤ ਨੇ, ਅਨੂਠੇ ਨੇ, ਪਰ ਪੈਹਲਾ ਚੋਜ ਜਿਸ ਵਿਚ ਤੇਰੀ ਸੰਸਾਰ ਯਾਤਰਾ ਲੁਕੀ ਹੋਈ ਏ, ਓਹ ਇਹ ਵੇ: "ਕੱਤਕ-ਪੂਰਨ-ਮਾਸ਼ੀ ਯਾ ਵਿਸਾਖੀ ? ਓ ਖੋਜੀਓ, ਤੁਸੀਂ ਇਕ ਨਹੀਂ, ਦੋ ਕੈਂਪਾਂ ਵਿਚ ਇੰਝ ਸਫ਼-ਬਸਤਾ ਹੋ ਜੀਕਣ ਦੋ ਲੜਦੀਆਂ ਭਿੜਦੀਆਂ ਫ਼ੌਜਾਂ। ਕੋਈ ਆਂਹਦੇ ਨੇ, ਜੁ ਤੂੰ ਕੱਤਕ ਦੇ ਕਾਲੇ ਦਿਨਾਂ ਵਿਚ ਆਇਆ, ਜਦ ਸੂਰਜ ਆਪਣਾ ਤੇਜ ਵੰਞਾ ਕੇ ਹੋਰ ਹੋਰ ਹੇਠਾਂ ਵਲ ਭੱਜਾ ਜਾਂਦਾ ਏ, ਚਿੱਟੇ ਦੀ ਕਾਲੀ ਯਾਤਰਾ ! ਪਰ, ਦੂਜੇ ਪਾਸੇ ਓਹ ਨੇ ਜੋ ਇਸ ਪੰਘਰੇ ਹੋਏ ਸੂਰਜ, ਇਸ ਕਾਲਖ-ਘਿਰੇ ਸੂਰਜ ਨੂੰ ਫਿਰ ਆਪਣੇ ਪੈਰਾਂ ਤੇ ਖੜੋਤਾ ਵੇਂਹਦੇ ਨੇ, ਜੋ ਇਸ ਸਿਰੋਮਣੀ ਭੇੜ ਨੂੰ ਫਿਰ ਓਸੇ ਆਪਣੇ ਹਿਰਨ-ਗਰਭੀ ਰੂਪ ਵਿਚ ਵੇਂਹਦੇ ਨੇ। ਹਾਂ ਤੇਰੇ ਵਿਸਾਖੀ ਵਾਲੇ ਕੇਸਰੀ-ਬਾਣੇ ਵਿਚ, ਜਦ ਤੂੰ ਫਿਰ ਹੱਥ ਵਿਚ ਕੰਗਣ ਬੰਨ੍ਹ ਕੇ ਇਸ ਉਪਰਲੀ ਧਰਤੀ ਵਲ ਮੁੜ ਆਵਨਾ ਏ ਤੇ ਬਸੰਤ-ਸਿਖਰ ਤੇ ਬੈਠ ਕੇ ਆਵਣ ਵਾਲੀ ਜ਼ਿੰਦਗੀ ਦਾ ਰਾਮ-ਸੁਨੇਹੜਾ ਆ ਆਪ ਦੇਵਨਾ ਏ ! ਓ ਸੋਹਣਿਆ ਸੂਰਜਾ, ਤੇਰੇ ਹੀ ਦੋ ਪੱਖ ਨੇ, ਇਕ ਪਾਤਾਲ-ਯਾਤਰਾ। ਜਦ ਤੂੰ ਅੱਧ-ਰੇਖਾ ਤੋਂ ਖਿੜਕ ਕੇ ਹੇਠ ਕਿਧਰੇ ਪਾਤਾਲ ਵਲ ਚਲਾ ਜਾਨਾਂ ਏਂ, ਤੇ ਤੇਰੀ ਦੂਜੀ ਉੱਤਰ ਫੇਰੀ–ਜਦ ਤੂੰ ਅੱਧ ਰੇਖਾ ਦੇ ਉਪਰ ਧੁਅ ਵੱਲ ਚਾ ਫੇਰੀ ਪਾਵਨਾ ਏ ਤੇ ਸੁੱਕੀ-ਸੜੀ ਧਰਤੀ ਤੇਰੀ ਪਵਿੱਤ੍ਰ

ਛੋਹ ਨਾਲ ਫਿਰ ਮੌਲ ਪੈਂਦੀ ਏ, ਤੇ ਵਣ ਤ੍ਰਿਣ ਤ੍ਰਿਭਵਣ ਫਿਰ ਬਸੰਤੀ ਬਾਣੇ ਵਿਚ ਰੰਗੇ ਜਾਂਵਦੇ ਨੇ ! ਓ ਬਾਪੂਆ, ਓ ਚੋਜੀਆ, ਓ ਜਗਤ-ਪਾਂਧਿਆ, ਕੀ ਤੂੰ ਆਪ ਹੀ ਸਾਨੂੰ ਨਹੀਂ ਦਸੇਂਗਾ, ਜੁ ਕੀਕਣ ਤੂੰ ਇਸ ਦੋ-ਮੁਖੇ ਰੂਪ ਵਿਚ ਸਾਨੂੰ ਦਿਸਨਾ ਏਂ ? ਤਾਂ ਬਾਬੇ ਨੇ ਆਪਣਾ ਨੂਰ ਰਤਾ ਕੁ ਆਪਣੇ ਮੁਖੜੇ ਤੋਂ ਪਰੇ ਹਟਾਇਆ, ਤਾਂ ਮੈਨੂੰ ਇੰਵ ਭਾਸਿਆ ਜੋ ਇਹੋ ਨੂਰ ਕੱਤਕ ਵਾਂਙ ਕਾਲ ਗ੍ਰਸਿਆ ਏ–ਪਰ ਫਿਰ ਕਾਲ ਵਿਚ ਪੂਰਣਮਾਸ਼ੀ ਅੰਦਰ ਦੁੱਧ ਰੰਗਾ ਚਿੱਟਾ–ਤੇ ਜਦ ਇਹ ਜਲਵਾ ਦੱਸ ਕੇ ਫਿਰ ਆਪਣਾ ਨੂਰ-ਬਾਣਾ ਓਹੜ ਲਿਆ ਤਾਂ ਮੈਨੂੰ ਵਿਸਾਖੀ ਵਾਲਾ ਸੂਰਜ, ਬਸੰਤੀ-ਬਾਣੇ ਵਾਲਾ ਭਾਸਿਆ ! ਓ ਜਗਤ-ਨੂਰਾ, ਜਗਤ ਸੂਰਜਾ, ਇਹ ਤੈਂਡੇ ਹੀ ਦੁਵੱਲੇ ਦੋ ਮੁਖ ! ਤੂੰ ਆਪੇ ਕੱਤਕ ਵਰਗਾ ਜਦ ਤੂੰ ਅਸਾਂ ਵਾਂਙ ਅਰਸ਼ ਛੱਡ ਫ਼ਰਸ਼ ਵਲ ਮੁਖ ਮੋੜਦਾ, ਤੇ ਫਿਰ ਤੂੰ ਆਪੇ ਹੀ *ਵਿਸਾਖੀ ਦਾ ਅਣਛਲਿਆ-ਤੇਜ ਫ਼ਰਸ਼ ਛੱਡ ਅਰਸ਼ਾਂ ਵਲ ਧਾਂਵਦਾ ! ਵਾਹ ਵਾਹ ਮੇਰਾ ਦੋ-ਮੁਖੀ ਬਾਬਾ !!

---

*Cf:-The season of the (Heavenly Birth) ritual is evidence to the truth of these explanations The rites are performed about the Vernal Equinox (ਵਿਸਾਖੀ) when the fruits of the earth are ceasing to be produced and day is be coming longer than night, which applies well to spirits rising higher. At best the other Equinox (ਕੱਤਕ) is in mythology the time, when the Rape of Kore (Fall of Adam) took place which is the descent of the Souls (Sallustius on Gods of the World)

Sri Satguru Jagjit Singh Ji eLibrary NamdhariElibrary@gmail.com

# ਨਨ੍ਹੀ-ਜਿੰਦੜੀ ਅਰਸ਼ੋਂ ਫ਼ਰਸ਼ ਤੇ ਟੁਰ ਆਈ !

ਓ ਮੇਰੇ ਪਿਆਰੇ ਬਾਲਕਾ ! ਹੁਣ ਤੂੰ ਬਾਲਕ ਏਂ, ਨਿਕਾ ਜਿਹਾ, ਚੀਚੀ-ਉਂਗਲੀ ਵਾਂਙ ਤੂੰ ਨੱਢੜਾ, ਪਰ ਚੀਚੀ ਨੂੰ ਕੌਣ ਛੋਟਾ ਆਂਹਦਾ ਏ, ਇਹ ਸਾਰੇ ਹੱਥ ਦੀ ਰਾਣੀ ਵੇ, ਇਹ ਨਿਕੀ-ਲਹੁਰੀਆ। ਜਿਸ ਹੱਥ ਵਿਚ ਚੀਚੀ ਨਹੀਂ ਓਸ ਹੱਥ ਦਾ ਹੱਥ-ਰਾਜ ਅੰਗੂਠਾ ਵੀ ਅਧ-ਮਾਣੂ ਨਹੀਂ ਤਾਂ ਹੋਰ ਕੀ ਏ ! ਓ ਚੀਚੀ-ਉਂਗਲੇ ਤੂੰ ਮੇਰੀ ਨਿੱਕੀ-ਜਿੰਦੜੀ ਦੀ ਸੋਹਣੀ ਫ਼ੋਟੋ ਵੇਂ-ਕਦੇ ਸ਼ਾਇਦ ਸਤਜੁਗ ਵਿਚ ਪੰਜੇ ਉਂਗਲਾਂ ਬਰਾਬਰ ਸਨ ਤੇ ਪੰਜੇ ਉਂਗਲਾਂ ਤਦ ਘਿਉ ਵਿਚ ਵੀ ਸਨ, ਪਰ ਤਦ ਹੱਥ ਹੱਥ ਨਹੀਂ ਸੀ, ਇਹ ਤਾਂ ਕੋਈ ਪੱਖ ਸੀ ਜਿਸ ਵਿੱਚ ਤੀਰ ਇਕੋ ਜਿਹੇ ਲੰਮੇ ਰਖੇ ਹੋਂਦੇ ਹਨ-ਪਰ ਫਿਰ ਹਥ ਵਿਚ ਨਾ ਪਕੜਨ ਦਾ ਢੰਗ ਸੀ ਤੇ ਨਾ ਇਸ ਦੇ ਪਕੜਨ ਲਈ ਕੋਈ ਪ੍ਰਤੱਖ ਜਗਤ ਸੀ। ਜਿਉਂ ਹੀ ਇਹ ਅੱਖਾਂ ਦਿਸਣ ਵਾਲਾ ਜਗਤ ਪ੍ਰਗਟਿਆ, ਤਿਉਂ ਹੀ ਹੱਥ ਦੀਆਂ ਉਂਗਲਾਂ ਘੱਟ ਵਧ ਕੇ ਇਉਂ ਹਥ ਵਿਚ ਸਫ਼-ਬੰਦ ਹੋ ਗਈਆਂ ਜੀਕਣ ਰਾਜੇ ਦੇ ਕੋਲ ਕਾਲ ਰਾਣੀਆਂ ! ਓ ਅੰਗੂ-ਠਿਆ ਤੂੰ ਮੇਰੇ ਹੱਥ ਦਾ ਰਾਜਾ ਏਂ ਤੇ ਇਹ ਪੈਹਲੀ ਉਂਗਲੀ ਤੈਨੂੰ ਪਿਆਰੀ ਤੇ ਵੱਡੀ ਉਂਗਲੀ ਹੋਰ ਪਿਆਰੀ, ਤੇ ਅੰਗੂਠੀ ਵਾਲੀ ਉਂਗਲੀ ਨੂੰ ਤੂੰ ਵਧੇਰਾ ਪਿਆਰ ਕਰੇ ਤਾਂ ਹੀ ਤੇ ਇਸ ਨੂੰ ਭੂਸ਼ਨਾਂ ਨਾਲ ਸਜਾਏਂ-ਪਰ ਕੀ ਤੈਨੂੰ ਇਹ ਚੀਚੀ-ਉਂਗਲੀ ਕਾਸੇ ਕੋਲੋਂ ਘੱਟ ਏ ? ਨਹੀਂ, ਜਿਤਨੀ ਕੁ ਨਿੱਕੀ

ਬਹੁਟੀ ਤਿਤਨੀ ਹੀ ਵਧੇਰੇ ਪਿਆਰੀ । ਜਿਤਨੀ ਤੂੰ ਦੂਰ ਤਿਤਨੀ ਹੀ ਮਿਲਣ ਵਾਸਤੇ ਤੇ ਗਲ ਲੱਗਣ ਵਾਸਤੇ ਤਾਂਘ ਵਧੇਰੀ ! ਓ ਨਨ੍ਹੀ-ਜਿੰਦੜੀਏ, ਤੂੰ ਸ਼ਾਇਦ ਬਣੀ ਹੀ ਇਸੇ ਕਰ ਕੇ ਏਂ, ਜੁ ਤੇਰਾ ਲਾਲਣ ਤੈਨੂੰ ਵਧੇਰਾ ਚੁਮੇ ਚਟੇ ਤੇ ਅਪਣਾਏ—ਅਰਸ਼ ਤੋਂ ਫ਼ਰਸ਼ ਵਲ ਖਿਚਣ ਵਾਲੀ ਚੁੰਬਕ-ਸੱਤਾ ਤੂੰ ! ਤੈਨੂੰ, ਨੀਂ ਨਿੱਕੀਏ ਜਿੰਦੇ, ਅੰਤ ਨੂੰ ਵੱਡਾ ਸੁਹਾਗ ! ਓ ਸੀਤਾ-ਸਤਵੰਤੀਏ, ਤੇਰੇ ਲੰਮੇ ਤੇ ਉਦਰੇਵਿਆਂ ਵਾਲੇ ਨਿਖੇੜੇ, ਪਰ ਅੰਤ ਨੂੰ ਤੂੰ ਆਪਣੇ 'ਰਾਮ' ਨਾਲ ਫਿਰ ਛਾਤੀ ਲੱਗੇਂ ਤੇ ਤੂੰ ਓਹਦੇ ਅੰਗ ਅੰਗ ਸਮਾਏਂ ! ਮੇਰੀਏ ਨਿਕੀਏ ਜਿੰਦੇ, ਤੈਨੂੰ ਵਡਿਆਣ ਲਈ, ਮੇਰਾ ਬਾਪੂ ਵੀ ਅੱਜ ਬੌਨਾ ਬਣ ਕੇ ਸੰਸਾਰ ਤੇ ਆਇਆ, ਤੇ ਇਸ ਧਰਤੀ-ਮਾਤਾ ਦੇ ਹਥ ਵਿਚ ਇੰਵ ਬਾਲਕ ਬਣ ਕੇ ਖੇਲਿਆ ਜੀਕਣ ਯਸੋਧਾ ਹੱਥ ਕਾਨ੍ਹ ! ਓ ਮੈਂਡਾ ਵੱਡਾ ਲਾਲਣ ਅੱਜ ਨੱਨ੍ਹਾ ਬੱਚਾ ਬਣ ਕੇ ਚੀਚੀ ਉਂਗਲ ਤੋਂ ਵੀ ਨਿਕੀ ਜਿੰਦੜੀ ਲੈ ਕੇ ਤੇ ਸੰਸਾਰ ਯਾਤਰਾ ਤੇ ਮੁੜ ਆਇਆ—ਇਹ ਧਰਤੀ-ਅੰਮਾ ਪੁਤ ਨੂੰ ਚੁਮੇ, ਤੇ ਪੁਤ ਆਪਨੀ ਮਾਂ ਨੂੰ ਹੱਸ ਰੱਸ ਕੇ ਨਿਹਾਲ ਕਰੇ ! ਵਾਹ ਵਾਹ ਇਸ ਨਨ੍ਹੇ-ਬਾਲਕ ਦੀਆਂ ਮਾਖਿਓ-ਮਿੱਠੀਆਂ ਮੁਸਕਰੀਆਂ !

# ਛੱਜਲ ਸਰਪ ਦੀ ਛਤਰ-ਛਾਇਆ ਕਰਨੀ !

ਓ ਅਨੂਠੇ ਬਾਲਕਾ, ਓ ਅਕਾਲੀ ਬਾਲਕਾ, ਨਿੱਕਿਆ ਹੋਂਦਿਆਂ ਹੀ ਤੂੰ ਆਪਣੇ ਪ੍ਰਛਾਵੇਂ ਨਾਲ ਖੇਡਣ ਲੱਗਾ—ਨਹੀਂ ਨਹੀਂ, ਤੇਰਾ ਪ੍ਰਛਾਵਾਂ ਤੇਰੇ ਨਾਲ ਖੇਡਣ ਲੱਗਾ ! ਤੂੰ ਲੰਮੀਆਂ ਤਾਣ ਕੇ ਆਪਣੀ ਪੈਂਲੀਆਂ ਵਿਚ ਸੌਂ ਜਾਵੇ ਤਾਂ ਓਹਨਾਂ ਸੁੱਕਿਆਂ ਸੜਿਆਂ ਬਾਗਾਂ ਵਿਚ ਜਿਹਨਾਂ ਵਿਚ, ਤਦ ਨਾ ਭਖੜਾ ਸੀ, ਨਾ ਬੋਹਰ ਸੀ, ਨਾ ਲੂਟਕ ਸੀ ਨਾ ਕਰੀਰ ਸੀ, ਇਹਨਾਂ ਬੂੱਟਿਆਂ-ਬਾਰਾਂ ਵਿਚ ਭਲਾ ਫੁਲ-ਫਲ ਤੇ ਹਰੇ ਭਰੇ ਬੂਟੇ ਕਿਥੇ, ਪਰ ਓ ਪੈਲੀਆਂ ਟੱਪਣ ਵਾਲਿਆ ਬਾਲਕਾ, ਤੂੰ ਆਪਣਾ ਕੰਮ ਕਾਰ ਕਰ ਕੇ ਸੌਂ ਜਾਵੇਂ, ਤੇ ਤੈਨੂੰ ਸਾਇਆ ਕਰਨ ਲਈ ਸੱਪ ਛਜਲੀ ਖੜੀ ਕਰ ਕੇ ਖੜੋ ਜਾਵਣ। ਜਿਤਨੀ ਦੇਰ ਤੂੰ ਸੁੱਤਾ ਰਹੇ ਤਿਤਨੀ ਦੇਰ ਤੈਨੂੰ ਇਹ ਛਜਲ ਸੱਪ ਆਪਣੇ ਛਤ੍ਰ ਹੇਠ ਢੱਕੀ ਰੱਖਣ—ਕੀ ਫੇਰ ਇਹ ਕੋਈ ਅਣੋਖੀ ਗੱਲ ਏ ਜੋ ਤੈਨੂੰ ਵੇਖ ਕੇ ਤੈਂਡੇ ਪਿੰਡ ਦੇ ਚੋਧਰੀ ਤੇ ਨਵਾਬ ਵੀ ਵੇਖ ਕੇ ਨਿਉਨ ! ਓ ਟੁਰਦੇ ਸੱਪਾਂ ਨੂੰ ਕੀਲਣ ਵਾਲਿਆ ਬਾਲਕਾ, ਓ ਕੀਲੇ ਹੋਏ ਸੱਪਾਂ ਦੇ ਨੱਕ ਨਥਣ ਵਾਲਿਆ ਕਾਹਨਾ, ਓਹ ਸੱਪਾਂ ਦੀ ਸੇਜਾ ਤੇ ਚੜ੍ਹ ਕੇ ਨੱਚਣ ਵਾਲਿਆ ਨੱਢਿਆ, ਤੂੰ ਨੱਢਾ ਬੁੱਢਾ ਏਂ, ਤੂੰ ਜੱਖ ਏਂ ਕਿ ਕਿੰਨਰ ਏਂ, ਤੂੰ ਕੋਈ ਪਰੀ ਏਂ ਕਿ ਕੋਈ ਸੁਰਿੰਨਰ ? ਅੱਜ ਤਕ ਅਸਾਂ ਐਸਾ ਬਾਲਕ ਕੋਈ ਨਹੀਂ ਡਿੱਠਾ ਜਿਸ ਨੂੰ ਵੇਖ ਕੇ ਸੱਪ ਵੀ ਸੈਹਮ ਜਾਏ, ਤੇ ਆਪਣੇ ਵਲ ਖੋਹਲ ਕੇ ਇਕ ਟੰਗਾ ਖੜੋ ਜਾਏ ਤੇ ਆਪਣੀ ਛਤਰ-ਛਾਇਆ ਤੈਂਡੇ ਭੱਖਦੇ ਮੁੱਖੜੇ ਤੇ ਕਰੇ ! ਓ ਮਤਵਾਲੇ

Sri Satguru Jagjit Singh Ji eLibrary NamdhariElibrary@gmail.com

ਨੈਣਾਂ ਵਾਲੇ ਬਾਲਕਾ ! ਤੂੰ ਤਾਂ ਅਣੋਖਾ ਲਾਲ ਏਂ, ਇਹਨਾਂ ਅੱਖਾਂ ਤੈਨੂੰ ਡਿੱਠਾ, ਇਹਨਾਂ ਹੱਥਾਂ ਨੇ ਤੈਨੂੰ ਖਿਡਾਇਆ ਤੇ ਇਹਨਾਂ ਪੈਲੀਆਂ ਨੇ ਤੈਂਡਾ ਸਿੰਜਿਆ ਹੋਇਆ ਅੰਮ੍ਰਿਤ ਪੀਤਾ, ਪਰ ਇਹ ਸੱਪ ਦੀ ਛੱਤਰੀ ਵਾਲੀ ਝਾਕੀ ਨਾ ਕਦੇ ਡਿੱਠੀ ਤੇ ਨਾ ਕਦੇ ਮੁੜ ਵੇਖਣ ਵਿਚ ਆਵੇਗੀ ! ਕੀ ਗੱਲ ਏ ਓ ਸੱਪਾ, ਜੁ ਤੂੰ ਪ੍ਰਛਾਵੇਂ ਵਾਂਙ ਅੱਜ ਇਹਨਾਂ ਚਰਨ-ਕਮਲਾਂ ਦੀ ਮੁੜ ਮੁੜ ਪ੍ਰਕਰਮਾ ਕਰਨਾ ਵੇਂ, ਤੇ ਕਰ ਕਰ ਕੇ ਨਹੀਂ ਰਜਦਾ ? ਓੈ ਕਾਲੇ-ਸੱਪਾ, ਕੀ ਤੂੰ ਆਪਣਾ ਰਾਜ਼ ਆਪ ਨਹੀਂ ਦੱਸੇਂਗਾ ? ਤਾਂ ਸੱਪ ਦੀ ਦੋਹਰੀ-ਜਿਹਵਾ ਉਤਾਵਲੀ ਉਤਾਵਲੀ ਦੋ ਸੁਰਾਂ ਨਾਲ ਇਉਂ ਬੋਲੀ : "ਕੋਈ ਮੈਨੂੰ ਗੁੱਗਾ ਪੀਰ ਆਂਹਦਾ ਏ, ਤੇ ਕੋਈ ਮੈਨੂੰ ਸੱਪ ਆਂਹਦਾ ਏ, ਮੈਂ ਵਿੰਙ-ਪਰਨੇ ਟੁਰਨ ਵਾਲਿਆਂ ਨੂੰ ਡੰਗਦਾ ਹਾਂ, ਕਿਉਂਕਿ ਮੇਰੀ ਧਰਤੀ ਨੂੰ ਓਹ ਮੱਲਦੇ ਨੇ, ਮੈਂ ਜੁ ਹੋਇਆ 'ਭੁਅੰਗਮ', ਭੋਇੰ ਨਾਲ ਅੰਗ ਰਗੜਨ ਵਾਲਾ, ਮੇਰੀ ਭੋਇੰ ਓਹ ਕਿਉਂ ਮਲਣ ! ਪਰ ਓਹਨਾਂ ਦਾ ਗੁੱਗਾ ਪੀਰ ਹਾਂ ਜੁ ਮੈਨੂੰ ਕਾਲਾ ਨਹੀਂ ਕਾਲ ਦਾ ਨਾਗ ਕਾਲੀ ਨਾਗ ਸਮਝਦੇ ਨੇ । ਵਾਹ ਵਾਹ ਜ਼ੈਹਰੀ ਜੀਆਂ ਨੂੰ ਵੀ ਮਿਠਾਸ ਦਾਤਾ ਅਰਥਾਤ ਕਾਲੀ ਨਾਗਾਂ ਨੂੰ ਨੱਥਣ ਆਇਆ ਅਕਾਲੀ-ਨਾਨਕ !

# ਖਰਾ--ਸੌਦਾ

ਓ ਮਿੱਠੇ ਬਾਬਾ, ਤੇਰੀਆਂ ਮਿੱਠੀਆਂ ਚੋਜਾਂ ਮੈਨੂੰ ਬੜਾ ਹੀ ਲੁਭਾਵਦੀਆਂ ਤੇ ਸੁਖਾਂਵਦੀਆਂ ਨੇ; ਪਰ ਜੇ ਕੋਈ ਮੇਰੇ ਕੋਲੋਂ ਪੁੱਛੇ ਜੁ ਬਾਲ-ਲੀਲ੍ਹਾ ਵਿਚੋਂ ਤੈਨੂੰ ਕਿਹੜੀ ਲੀਲ੍ਹਾ ਅਤੀ ਹੀ ਮਿੱਠੀ ਭਾਸਦੀ ਏ ਤਾਂ ਉਹ ਤੇਰਾ 'ਖਰਾ-ਸੌਦਾ' ਏ ! ਪਰ ਖਰੇ ਸੌਦੇ ਦਾ ਵੀ ਓਹ ਅਖੀਰਲਾ ਹਿੱਸਾ, ਜਦ ਤੂੰ ਆਪਣੇ ਪਿਤਾ ਨੂੰ ਵੇਖ ਕੇ ਕਾਸੇ ਜੰਡ ਕਰੀਰ ਤੇ ਚੜ੍ਹ ਗਿਆ, ਤੇ ਰਤਾ ਕੁ ਅੱਖੀਓਂ ਓਹਲੇ ਹੋ ਗਿਆ। ਤੇਰਾ ਪਿਤਾ ਇਹ ਸੁਣ ਕੇ ਜੁ ਤੈਂ ਓਹਦੇ ਗਾੜ੍ਹੇ ਪਸੀਨੇ ਦੀ ਕਮਾਈ ਭੁੱਖੇ ਸਾਧੂਆਂ ਨੂੰ ਚਾ ਖਿਲਾਈ ਤੇ ਨਫ਼ੇ ਦੀ ਥਾਂ ਨੁਕਸਾਨ ਕਰ ਕੇ ਘਰ ਆ ਵੜਿਓਂ, ਤੈਨੂੰ ਦੂਹੋਂ ਤਾੜਦਾ ਚਲਾ ਆਂਵਦਾ ਏ, ਜੀਕਣ ਕੋਈ ਅੱਗ ਦਾ ਬਿਗੋਲਾ। ਪਰ ਤੂੰ ਓਹਦੇ ਵੇਹਿੰਦਿਆਂ ਵੇਹਿੰਦਿਆਂ ਉਤਾਹਾਂ ਚੜ੍ਹ ਜਾਨਾ ਵੇਂ, ਤੇ ਅੱਖ ਫੜਕੇ ਵਿਚ ਪੱਤਰਾਂ ਵਿਚ ਸਾਵਾ-ਪੱਤਰ ਬਣ, ਓ ਨੂਰਾ, ਤੂੰ ਛਾਈਂ ਮਾਈਂ ਹੋ ਜਾਨਾ ਵੇਂ; ਤੇ ਤੇਰਾ ਪਿਤਾ ਤੈਨੂੰ ਇਉਂ ਅੱਖਾਂ ਦੇ ਜਾਲ ਪਾ ਪਾ ਕੇ ਲੱਭਦਾ ਏ ਜਿਉਂ ਸ਼ਿਕਾਰੀ ਮੱਛੀਆਂ ਨੂੰ, ਪਰ ਤੂੰ ਸੂਖਮ-ਮੱਛੀ, ਓਹਦੇ ਵਿੱਥਾਂ ਵਾਲੇ ਜਾਲ ਵਿਚ ਕੀਕਣ ਫਸੇਂ ? ਪਰ, ਓ ਨੱਸੜਾ, ਓ ਭੱਜੜਾ, ਕੀ ਤੂੰ ਨਹੀਂ ਜਾਣਦਾ ਜੁ ਡੰਡਾ ਪੀਰ ਏ ਵਿਗੜਿਆਂ ਤਿਗੜਿਆਂ ਦਾ ! ਫਿਰ ਤੂੰ ਕੀ ਆਪਣੇ ਪਿਤਾ ਦੇ ਗੁੱਸੇ-ਡੰਡੇ ਤੋਂ ਨਹੀਂ ਡਰਦਾ ? ਇਹ ਤੇਰਾ ਨੱਸਣ, ਤੈਂਡੇ ਪਿਤਾ ਦੇ ਜ਼ਖਮਾਂ ਉਪਰ ਲੂਣ

ਛਿੜਕਦਾ ਏਂ, ਓਹ ਤੈਨੂੰ ਲੱਭਣ ਲਈ ਆਇਆ ਏ, ਤੇ ਹੁਣ ਓਹ ਵੀ ਤੈਂ ਵਾਂਙ; ਤੇਰੇ ਛਪਾਵਣ ਵਾਲ਼ੇ ਆੜ੍ਹੀ-ਬੂਟਿਆਂ ਤੇ ਚੜ੍ਹ ਪਿਆ ਏ-ਹਾਂ ਅੱਜ ਤੇਰਾ ਪਿਤਾ, ਤੈਂ ਵਾਂਙ ਫ਼ਰਸ਼ ਤੋਂ ਉਠ ਅਰਸ਼ ਵਲ ਇਕ ਕਦਮ ਪੁੱਟਦਾ ਏ, ਤੇ ਤੈਨੂੰ ਜਾ ਮਿਲਦਾ, ਤੈਨੂੰ ਭਾਲਦਾ, ਤੇ ਆਖਰਕਾਰ ਲੱਭ ਲੈਂਦਾ ਏ ! ਲੱਭਣ ਤੇ ਓਹਦਾ ਅੱਧਾ-ਗੁੱਸਾ ਆਪੇ ਪੰਘਰ ਜਾਂਵਦਾ ਏ ਜੀਕਣ ਸੂਰਜ ਨੂੰ ਵੇਖ ਕੇ ਸਾਡਾ ਮੱਖਣ ਪੰਘਰ ਜਾਂਦਾ ਏ-ਤੇ ਰਿਹਾ ਸਿਹਾ ਗੁੱਸਾ ਜਦ ਚਪੇੜ ਬਣ ਕੇ ਤੈਂਡੇ ਮੁੱਖੜੇ ਨੂੰ ਛੂੰਹਦਾ ਏ, ਤਾਂ ਇਸ ਵਿਚੋਂ ਓਹ ਬਿਜਲੀ-ਥ੍ਰਾਟ ਨਿਕਲਦੀ ਏ, ਜੁ ਸ਼ਾਰਟ ਹੋਈਆਂ ਤਾਰਾਂ ਨੂੰ ਹੱਥ਼ ਲਾਵਣ ਤੇ ਸਾਡੇ ਹੱਥਾਂ ਨੂੰ ਆਪੇ ਮੋੜ ਛੱਡਦੀ। ਪਰ ਏਥੇ ਹੀ ਬੱਸ ਨਹੀਂ, ਤੂੰ ਮਾਰ ਖਾ ਕੇ ਖਿੜ ਖਿੜ ਹੱਸਨਾ, ਤੇ ਤੈਂਡੇ ਹੱਸਦੇ ਮੁਖਾਰ-ਬਿੰਦ ਵਿਚੋਂ ਓਹ ਨੂਰ-ਹੜ ਠਾਠਾਂ ਮਾਰਦਾ ਜਵਾਰ-ਭਾਟੇ ਵਾਂਙ ਵੱਗ ਟੁਰਦਾ ਏ, ਜੁ ਤੇਰੇ ਪਿਤਾ ਤੇ ਸਾਰੀ ਧਰਤੀ ਨੂੰ ਇਕ ਉਭਾਰ ਨਾਲ ਰੋੜ ਲੈ ਜਾਂਦਾ । ਹਾਂ ਇਸ ਸਾਰੇ ਸੰਸਾਰ ਨੂੰ ਆਪਣੇ ਆਪ ਵਿਚ ਲਪੇਟ ਲੈਂਦਾ ! ..ਵੇ ਅਣ-ਠਲਿਆ ਨੂਰਾ, ਜੇ ਇਹ 'ਖਰਾ-ਸੌਦਾ' ਨਹੀਂ ਤਾਂ ਹੋਰ ਕੀ ਏ ? ਜੇ ਇਹ ਕੱਖ ਦੇ ਕੇ ਲੱਖ ਨੂੰ ਖਰੀਦਣ ਵਾਲ਼ਾ ਬਿਉ-ਪਾਰ ਨਹੀਂ ਤਾਂ ਹੋਰ ਕੀ ਏ ? ਓ ਉਮਡਦਿਆ-ਹੜਾ, ਓ ਸਦ-ਖਿੜਦਿਆ ਹਾਸਿਆ, ਤੂੰ ਫ਼ਰਸ਼ ਤੇ ਅਰਸ਼ ਦੋਹਾਂ ਨੂੰ ਜੋੜਦਾ ਏਂ ! ਵਾਹ ਵਾਹ ਓ ਖਰਿਆ-ਪਾਸਿਆ, ਤੈਂਡਾਂ ਨਿਤ ਖਰਾ-ਸੌਦਾ !

Sri Satguru Jagjit Singh Ji eLibrary NamdhariElibrary@gmail.com

# ਗੁਰੂ ਨਾਨਕ ਪਾਠਸ਼ਾਲਾ ਵਿਚ ਪੰਡਤ ਨੂੰ ਪੜ੍ਹਾਨ ਲੱਗਾ

ੳ ਨਿੱਤ ਨਵ ਰੰਗੀਆ ! ਫਿਰ ਤੂੰ ਬਾਲਕ ਬਣ ਕੇ ਸਕੂਲੇ ਪੈ ਗਇਓਂ ਤੇ ਪੈਂਤੀਸ-ਅੱਖਰੀਆਂ ਪੜ੍ਹਨ ਲੱਗ ਪਇਓਂ ਤੇ ਪੰਡਤਾਂ ਕੋਲ ਪੰਡਤ ਬਣ ਕੇ ਓਮ ਮੰਤਰ ਦਾ ਉਚਾਰਨ ਕਰਨ ਲੱਗ ਪਇਓਂ । ਤਾਂ ਤੁਸਾਂ ਪੁੱਛਿਆ, ਪੰਡਤ ਜੀ: ਓਮ ਦਾ ਕੀ ਭਾਵ ਏ ? ਤਾਂ ਪੰਡਤ ਨੇ ਸਿਰ ਹਿਲਾ ਕੇ ਆਖਿਆ, "ਇਹ ਆਦ ਏ ਇਹ ਅੰਤ ਏ, ਜੀਕਣ ਸਾਡੀ ਸੁਰ ਦਾ ਆਦ 'ੳ' ਸਬਦ ਏ ਤੇ ਮਮੇ ਤੇ ਆ ਕੇ ਸਾਡਾ ਖੁਲ੍ਹਾ ਮੂੰਹ ਫਿਰ ਬੰਦ ਹੋ ਜਾਂਦਾ ਵੇ; ਤਿਉਂ ਹੀ ਓਮ ਸਾਡੇ ਪਵਿਤਰ ਵੇਦਾਂ ਦਾ ਤੱਤ ਏ, ਇਹ ਸਬਦ-ਸਾਰ ਏ, ਇਸ ਨਾਲ ਲੋਕ ਪ੍ਰਲੋਕ ਦੀ ਜੈ ਹੋਂਦੀ ਏ !" ਤਾਂ ਬਾਬੇ ਨੇ ਆਖਿਆ: "ਪੰਡਤ ਜੀਓ ਸੱਚ ਏ, ਇਹ ਓਮ ਸਬਦ ਤੱਤ–ਸਾਰ ਏ, ਤ੍ਰਿਭਵਣ ਦਾ ਸਾਰ ਏ, ਹੁਣ ਮੈਂ ਏਹ ਪੁੱਛਨਾ ਹਾਂ ਜੁ ਕੀ ਤੁਸਾਂ ਇਸ ਦੀ ਮਹਿਮਾ ਸੁਣੀ ਸੁਣਾਈ ਹੈ ਯਾ ਅਨੁਭਵ ਵੀ ਕੀਤੀ ਹੈ ? ਕੀ ਓਸ ਤੱਤ–ਸੱਤਾ ਨੇ ਤੁਹਾਡੇ ਅੰਦਰੋਂ ਵੀ ਕਿਰਣ-ਮੁਕਟ (ਮੁਖੜਾ) ਕੱਢ ਕੇ ਕਦੇ ਆਖਿਆ, ਜੁ ਪੰਡਤ ਜੀ ਹੁਣ ਮੈਂ ਆ ਗਈ ਹਾਂ, ਤੁਸੀਂ ਲਿਖਣਾ ਪੜ੍ਹਨਾ ਛੱਡ ਦਿਓ, ਮੈਂ ਆਪੇ ਲਿਖਾ ਪੜ੍ਹਾਂਗੀ ਤੇ ਪੜ੍ਹਾਵਾਂਗੀ–ਕਿਉਂਕਿ ਜਦ ਓਹ ਸੱਤਾ ਅੰਦਰ ਵੜ ਆਂਵਦੀ ਏ ਤਾਂ ਤਿੰਨ ਗੁਣਾਂ ਦਾ ਭਾਰ ਆਪੇ ਸਾਡੀ ਪਿਠ ਤੋਂ ਢਿਗ ਪੈਂਦਾ ਏ, ਤੇ ਅਸੀਂ ਹਲਕੇ ਫੁਲ ਹੋ ਕੇ ਉਡਦੇ

ਫਿਰਦੇ ਤੇ ਦੁੜੰਗੇ ਮਾਰਦੇ ਹਾਂ, ਫਿਰ ਜੋ ਬੋਲਦੇ ਹਾਂ ਸੋ ਗਿਆਨ ਹੈ, ਜੋ ਆਖਦੇ ਹਾਂ ਸੋ ਵੇਦ ਵਾਕ ਹੈ, ਜੋ ਵੇਖਦੇ ਹਾਂ ਓਹ ਸਾਡੇ ਨਾਲ ਅੰਦਰ ਵੜ ਕੇ ਜੱਫੀਆਂ ਪਾਂਵਦਾ ਏ, ਤੇ ਏਹ ਖੰਡ ਮੰਡਲ ਨੇ--ਪੰਡਤ ਜੀਓ, ਕੀ ਤੁਸਾਂ ਓਹ ਮਿੱਠੀ ਮਹਿਕ ! ਆਹ ! ਹਾ ! ਓ ਜੰਦੜ੍ਹੇ ਖੋਲ੍ਹਣ ਵਾਲੀ ਤੇਜਸ੍ਵੀ ਸੱਤਾ ਲੱਭੀ ਏ ?" ਤਾਂ ਪੰਡਤ ਨੇ ਆਖਿਆ, ਮੂੰਹ ਨਿੱਕਾ ਤੇ ਗੱਲ ਵੱਡੀ; ਤੂੰ ਨੱਢਾ ਏਂ ਕਿ ਬੁੱਢਾ ਏਂ, ਤੂੰ ਬਾਲਕ ਏਂ ਯਾ ਬਾਬਾ ਏਂ.... ਹਾਂ ਤੇਰੇ ਚਿਹਰੇ ਮੋਹਰੇ, ਤੇਰੀ ਗੱਲ ਬਾਤ ਵਿਚੋਂ, ਤੇਰੀ ਪੁੱਛ ਗਿਛ ਵਿਚੋਂ ਓਹ ਜੋਤ ਡਲ੍ਹ ਡਲ੍ਹ ਪੈਂਦੀ ਏ, ਜਿਸ ਤੋਂ ਇਹ ਪੈਂਤੀਆਂ ਤੇ ਹੋਰ ਮੁਹਾਰਨੀਆਂ ਨਿਕਲੀਆਂ, ਹਾਂ ਓਹ ਓਮ-ਜੋਤ ਤੇਰੇ ਵਿਚ ਲਟ ਲਟ ਕਰਦੀ ਮਘਦੀ ਜਾਪਦੀ ਏ, ਓ ਬੁੱਢੇ ਬਾਲਕਾ, ਤੂੰ ਇਸ ਸੰਸਾਰ ਯਾਤਰਾ ਵਿਚ ਕੀ ਇਸ ਲਈ ਆਇਆ ਏਂ ਜੁ ਮੇਰੀ ਤਿੰਨ ਗੁਣਾਂ ਦੀ ਪੰਡ ਉਤਾਰੇ-ਤੇ ਮੈਨੂੰ ਪੂਰਾ ਪੰਡਤ ਚਾ ਬਣਾਏ ! ਓ ਅਣੋਖੇ ਬਾਲਕਾ, ਓ ਜਗਦੀ ਜੋਤੇ, ਓ ਕੁਛੜ ਵਿਚ ਬੈਠ ਕੇ ਅੱਖਾਂ ਖੋਲ੍ਹਣ ਵਾਲਿਆ, ਬਲਿਹਾਰ, ਬਲਿਹਾਰ ਮੇਰੇ ਬਾਬਾ !

# ਨਿਰੰਕਾਰੀ ਫੁੱਲ ਹੁਣ ਮੁੱਲਾਂ ਕੋਲ ਇਲ–ਇਲਾ ਪੜ੍ਹਨ ਲੱਗਾ !

ਓ ਆਲਮਾ-ਫ਼ਾਜ਼ਲਾ, ਫਿਰ ਤੂੰ ਬਸਤਾ ਚੁੱਕ ਕੇ ਮੌਲਵੀ ਜੀ ਪਾਸ ਗਿਆ ਤੇ 'ਇਲ-ਇਲਾ' ਪੜ੍ਹਨ ਲੱਗਾ ! ਤਾਂ ਮੌਲਵੀ ਜੀ ਨੇ ਤੇਰੀ ਮਿੱਠੀ ਸੁਰ ਨੂੰ ਸੁਣ ਕੇ ਆਖਿਆ: ਓ ਬੱਚਾ, ਇਹ ਤੇਰੀ ਸੁਰ ਦਿਲ-ਖਿਚਵੀਂ ਤੇ ਵੱਜਦ ਵਿਚ ਲਿਆਣ ਵਾਲੀ ਏ, ਹੋਰਾਂ ਬਾਲਾਂ ਤੇ ਤੇਰੇ ਵਿਚ ਦਿਨ ਰਾਤ ਦਾ ਫ਼ਰਕ ਏ। ਕੀ ਤੈਂ ਇਹ ਸਬਕ ਅਗੇ ਵੀ ਕਿਧਰੇ ਪੜ੍ਹਿਆ ਹੈ ? ਤਾਂ ਓ ਫ਼ਾਜ਼ਲਾ, ਤੂੰ ਆਖਿਆ: ਮੌਲਵੀ ਜੀ, ਆਓ ਇਸ ਸਬਕ ਨੂੰ ਮੁੜ ਮੁੜ ਪੜ੍ਹੀਏ, ਇਸੇ ਵਿਚ **'ਅਲ-ਰਹਮਾਨ'** ਏ, ਇਸੇ ਵਿਚ **'ਕੁਨ-ਫ਼ਿਕਾਨ'** ਏ ! ਤਾਂ ਕੁਰਾਨ ਦੀਆਂ ਇਹ ਦੋ ਮੁੱਢਲੀਆਂ ਗੱਲਾਂ ਸੁਣ ਕੇ ਮੁੱਲਾਂ ਹੈਰਾਨ ਹੋ ਗਿਆ ਤੇ ਪੁੱਛਿਓ ਸੂ: ਓ ਬੀਬੇ ਰਾਣੇ ਕਾਕਾ ! ਕੀ ਤੂੰ ਜਾਣਦਾ ਏ ਜੁ **'ਕੁਨ-ਫ਼ਿਕਾਨ'** ਦਾ ਕੀ ਭਾਵ ਹੈ ? ਓ ਅਣੋਖਿਆ ਬਾਲਕਾ, ਫਿਰ ਤੂੰ ਮੁੱਲਾਂ ਦੇ ਅੰਦਰਲੇ ਹਿਰਦੇ ਨੈਣ ਖੋਹਲੇ ਤੇ ਇਸ ਦੇ ਅਰਥ ਦਸੇ, **'ਹੋ ਜਾ ਤੇ ਹੋ ਗਿਆ'** ਮੁੱਲਾਂ ਜੀਉ ! ਇਹ ਆਖਣਾ ਆਸਾਨ ਏ, ਪਰ ਕੀ ਤੁਹਾਨੂੰ ਪਤਾ ਏ ਜੁ ਓਹ ਨੂਰ ਕੇਹੜਾ ਏ ? ਓਹ ਬੜ੍ਹਈ, ਓ ਬਾਂਕਾ ਚਿਤ੍ਰਕਾਰ ਕੇਹੜਾ ਏ, ਜਿਸ ਨੇ ਅੱਲਾ-ਤਾਅਲਾ (ਨਿਰੰਕਾਰ) ਦਾ ਇਹ ਹੁਕਮ ਮੰਨਿਆ,

ਤੇ ਹੁਕਮ ਹੁੰਦੇ ਸਾਰ ਹੀ ਉਸ ਨੇ ਅਰਸ਼ ਕੁਰਸ਼ ਤੇ ਫ਼ਰਸ਼ (ਤ੍ਰੈ ਲੋਕ) ਝੱਟ ਰਚ ਧਰੇ ! ਹੋ ਜਾ ਤੇ ਹੋ ਗਿਆ--ਪਰ ਕੀਕਣ ? ਓ ਕਾਰਿੰਦਾ ਕੇਹੜਾ, ਓ ਨੂਰ-ਇਲਾਹੀ, ਓ ਤੱਜਲੀ, ਓ ਰਾਜ ਕੇਹੜਾ ? ਤਾਂ ਬੁੱਢਾ ਮੁੱਲਾਂ ਵੱਜਦ ਵਿਚ ਆਇਆ-"ਸੁਬਹਾਨ ਅੱਲਾ !" ਕੈਹ ਆਪਣੀਆਂ ਅੱਖਾਂ ਮਲਣ ਲੱਗਾ ! ਤਾਂ ਮੇਰੇ ਬੁੱਤ-ਸ਼ਿਕਨ ਬਾਬਾ, ਤੂੰ ਆਖਿਆ: ਮੁੱਲਾਂ ਜੀਓ, ਜੀਕਣ ਇਹ ਅੱਖਾਂ ਹੁਣ ਤੁਸਾਂ ਮਲੀਆਂ ਨੇ ਜੇ ਇੰਞ ਹੀ ਆਪਣੇ ਦਿਲ ਦੀ ਮਲਊਨ, ਮੈਲ ਨੂੰ ਨਿਵਾਰੋ ਤਾਂ ਤੁਹਾਨੂੰ ਓਹ ਰੰਗਲਾ ਬੜ੍ਹਈ ਹੁਣ ਹੀ ਆਰੀ ਤੇ ਤੇਸੀ ਲੈ ਕੇ ਘਾੜਤ ਘੜਦਾ ਜਾਪੇਗਾ--ਕਿਉਂਕਿ 'ਹੋ ਜਾ ਤੇ ਹੋ ਗਿਆ', 'ਕੁਨ-ਫ਼ਿਕਾਨ' ਦੀ ਹਥੌੜੀ ਤੇ ਹਥੌੜਾ ਨਿੱਤ ਨਿੱਤ ਵੱਜਦੇ ਗੱਜਦੇ ਤੇ ਕੰਮ ਕਰਦੇ ਨੇ । ਓਧੇ ਦਰਸ਼ਨ ਕਰਨੇ ਜੇ ? ਹਾਂ ਤਾਂ ਫਿਰ ਦਿਲ ਦੀਆਂ ਅੱਖਾਂ ਅੰਤਰ ਮੁੱਖ ਖੋਲ੍ਹੋ ਫਿਰ ਓ ਖਟੱ-ਖੱਟ, ਓ ਢੱਕ ਢੱਕ, ਓ ਮੁੱਢ-ਕਦੀਮੀ ਇਟ-ਵਟ, ਜਿਸ ਨਾਲ ਇਹ 'ਕੁਨ-ਫ਼ਿਕਾਨ' ਵਜੂਦ ਵਿਚ ਆਇਆ ਆਪੇ ਦਿਸ ਪਏਗਾ.....ਹਾਂ ਉਸ 'ਅਲ-ਰਹਮਾਨ' ਦੇ ਰਾਮ, ਉਸ ਦੇ ਬਿਰਧ ਵਲ ਤੱਕੋ, ਓ ਬੰਦਿਓ ਬੰਦਗੀ ਕਰੋ ....ਤਾਂ ਏਹ ਤੈਂਡੇ ਬੁਤ-ਸ਼ਿਕਨ ਸ਼ਬਦ ਸੁਣ ਕੇ ਓਸ ਬੁਤ-ਸ਼ਿਕਨ ਮੁੱਲਾਂ ਦਾ ਅਗਿਆਨ ਵਾਲਾ ਬੁੱਤ ਟੁੱਟ ਗਿਆ, ਜਹਾਲਤ ਦਾ ਭੂਤ ਭੱਜਾ ਤੇ ਵਿਚੋਂ 'ਕੁਨ-ਫ਼ਿਕਨ' ਵਾਲਾ ਜਬਰਾਈਲ ਫ਼ਰਿਸ਼ਤਾ ਸੁਨੈਹਰੀ ਰੰਗ ਵਾਲਾ ਦਮਕਦਾ ਦਿਸਿਆ ! ਬਲਿਹਾਰ ਓ ਆਲਮ, ਫਾਜ਼ਲਾ, ਤੂੰ ਵਾਹ ਵਾਹ !

# ਵੈਦ ਬੁਲਾਇਆ ਵੈਦਗੀ !

ਓ ਬੀਮਾਰਾਂ ਨੂੰ ਵੱਲ ਕਰਨ ਵਾਲਿਆ, ਅੱਜ ਤੂੰ ਕੀ ਕੌਤਕ ਰਚਿਆ ਏ ? ਅੱਜ ਤੂੰ ਬੀਮਾਰ ਬਣ, ਧ੍ਰਿਗੀ ਮੰਜੀ ਤੇ ਲੇਟਿਆ, ਤੇਰੇ ਆਲੇ ਦਵਾਲੇ ਤੇਰੇ ਮਾਪੇ, ਤੇ ਹੋਰ ਸੰਗੀ-ਸਾਥੀ, ਤੂੰ ਕੁਝ ਨਹੀਂ ਬੋਲਦਾ ਤੇ ਚਾਲਦਾ, ਤੂੰ ਕਿਸੇ ਡੂੰਘੀਆਂ ਚਿਤਵਣੀਆਂ ਵਿਚ ਰੁੱਝਾ ਹੋਇਆ ਜਾਪਦਾ ਏਂ ? ਕੀ ਤੈਨੂੰ ਜਿਨ-ਭੂਤ ਯਾ ਚੁੜੇਲ ਆ ਚਿਮੜੀ ਏ, ਤੇਰੇ ਮਾਪੇ ਹੈਰਾਨ ਤੇ ਪਸ਼ੇਮਾਨ ਨੇ, ਤੇ ਵੈਦ ਜੀ ਹੁਣੇ ਹੁਣੇ ਆਏ ਨੇ ਤੇ ਹੱਥ ਵਿਚ ਬਾਂਹ ਲੈ ਕੇ ਪਏ ਵੇਖਦੇ ਨੇ ! ਓ ਵੈਦਾ, ਤੂੰ ਵੀ ਵੇਖ ਕੇ ਹੈਰਾਨ ਏ: ਬੁਖਾਰ ਕੋਈ ਨਹੀਂ, ਫਿਰ ਵੀ ਨਬਜ਼ ਤੇਜ ਏ, ਚਿਹਰੇ ਤੇ ਪਿਲਿਆਈ ਦੀ ਥਾਂ ਭਖਦਾ ਨੂਰ ਏ, ਦਿਲ ਧੜਕਦਾ ਏ, ਪਰ ਇਸ ਦਿਲ-ਧੜਕਣ ਵਿਚੋਂ ਕੋਈ ਅਣੋਖੀ ਢੋਲਕ ਵੱਜਦੀ ਜਾਪਦੀ ਏ, ਤੇ ਮੁੜ ਮੁੜ ਆਖਦੀ ਏ: 'ਵੈਦ ਬੁਲਾਇਆ ਵੈਦਗੀ ਪਕੜ ਢੰਢੋਲੇ ਬਾਂਹ ॥ ਭੋਲਾ ਵੈਦ ਨ ਜਾਣਈ ਕਰਕ ਕਲੇਜੇ ਮਾਂਹਿ ॥" ਵੈਦ ਵੀ ਆ ਕੇ ਚੁੱਪ ਹੋ ਗਿਆ ਵੇ, ਕੀ ਉਸ ਨੇ ਬੀਮਾਰੀ ਨੂੰ ਲੱਭਾ ਏ, ਯਾ ਓਹੋ ਬੀਮਾਰੀ ਓਸ ਦੇ ਸਿਰ ਤੇ ਵੀ ਤਾਰੀ ਹੋ ਗਈ ਏ ! ਨੀ ਅਣੋਖੀਏ ਬੀਮਾਰੀਏ ! ਸਾਰੇ ਪਾਸੇ ਸੁਨਸਾਨ ਏ, ਪਰ ਫਿਰ ਆਖਰਕਾਰ ਵੈਦ ਜੀ ਆਪਣੀ ਤਸ਼ਖੀਸ਼ ਦੱਸਦੇ ਨੇ: ਇਹ ਮੁੰਡਾ ਕਿਸੇ ਡੂੰਘੀ ਵਿਚਾਰ ਵਿਚ ਮਸਤ ਏ, ਨਾ ਇਹਨਾਂ ਨੂੰ ਕੋਈ ਬੀਮਾਰੀ ਏ, ਨਾ ਹੀ ਕਾਸੇ ਤੀਮਾਰ-ਦਾਰੀ ਦੀ ਲੋੜ ਏ । ਪਰ ਮਾਤਾ

Sri Satguru Jagjit Singh Ji eLibrary NamdhariElibrary@gmail.com

ਜੀ ਪੁੱਛਦੇ ਹਨ: ਫਿਰ ਇਹ ਸਾਡਾ ਬਾਲਕਾ ਕਿਤਨੇ ਦਿਨਾਂ ਤੋਂ ਮੂੰਹ ਕਿਉਂ ਨਹੀਂ ਖੋਲ੍ਹਦਾ; ਕਿਉਂ ਨਹੀਂ ਬੋਲਦਾ;ਇਸ ਦੀ ਚੁੱਪ ਨਾਲ ਸਾਡੀ ਗਲੀ ਮਹੱਲਾ ਤੇ ਵੇਹੜਾ ਵੀ ਚੁੱਪ ਏ, ਤਲ-ਵੰਡੀ ਦੇ ਹਰੇ ਭਰੇ ਬਿਰਛ ਬੂਟੇ ਵੀ ਸੁੰਨ ਮਸੁੰਨ ਜਾਪਦੇ ਨੇ ! ਇਸ ਦੀ ਗੱਲ ਨਾਲ ਅਸੀਂ ਜੀਂਓਦੇ ਤੇ ਜਾਗਦੇ ਸਾਂ, ਵੈਦ ਜੀ, ਫਿਰ ਇਹ ਕੀਕਣ ਬੋਲੇ ! ਤਾਂ ਵੈਦ ਜੀ ਨੇ ਬਾਂਹ ਨੂੰ ਦੁਬਾਰਾ ਫੜਿਆ ਤੇ ਨਬਜ਼ ਨੂੰ ਟਟੋਲਿਆ ! ਹੁਣ ਨਬਜ਼ ਦਾ ਘੋੜਾ ਸਰਪਟ ਦੌੜ ਰਿਹਾ ਸੀ, ਚਿਹਰੇ ਤੇ ਜਲਾਲ ਠਾਠਾਂ ਮਾਰ ਰਿਹਾ ਸੀ, ਨੂਰ ਦੀ ਕਾਂਗ ਜਵਾਰ-ਭਾਟੇ ਵਾਂਙ ਅਗੇ ਵਧੀ ਤੇ ਬਾਲਕ ਹੁਣ ਰਹਿ ਨਾ ਸੱਕਿਆ ! ਓ ਬਾਬਾ, ਫਿਰ ਤੂੰ ਆਪਣਾ ਗੱਚ ਭਰ ਕੇ ਡੋਲ੍ਹਿਆ, ਉਤੋਂ ਤਾਂ ਤੂ ਵੈਦ ਨਾਲ ਗੱਲਾਂ ਕੀਤੀਆਂ, ਪਰ ਸੰਸਾਰ-ਰੋਗੀ ਵੇਖ ਕੇ ਤੂੰ ਵੀ ਰੋਗੀ ਹੋ ਗਇਓਂ; ਸੰਸਾਰ ਨੂੰ ਧ੍ਰਿਗੀ-ਮੰਜੀ ਤੇ ਲੇਟਿਆ ਹੋਇਆ ਵੇਖ ਕੇ ਤੂੰ ਵੀ ਓਸੇ ਵਾਹਣੀ-ਮੰਜੀ ਤੇ ਲੇਟ ਗਇਓਂ, ਸੰਸਾਰ ਨੂੰ ਅਗਿਆਨ ਦੀ ਸੁਖ-ਨੀਂਦਰਾਂ ਵਿਚ ਡੁੱਬਾ ਹੋਇਆ ਵੇਖ ਕੇ ਤੂੰ ਵੀ ਕੁਝ ਦੇਰ ਲਈ ਚੁੱਪ ਹੋ ਗਿਆ.........ਪਰ ਓ ਬਾਬਾ, ਇਹ ਵੀ ਤੇਰਾ ਚੋਜ ਸੀ ! ਵੈਦ ਹੋਰਨਾਂ ਦਾ ਦੁੱਖ ਫੋਲਦਾ ਆਪਣਾ ਭੂਤ ਕਢਵਾ ਕੇ ਟੁਰਿਆ, ਓ ਸੁੱਤਾ ਹੋਇਆ ਆਪ ਜਾਗਿਆ, ਮਾਪੇ ਜਾਗੇ ! ਵਾਹ ਵਾਹ ਓ ਬਿਰਹੁੰ ਰੋਗੀਆ, ਲੋਕਾਂ ਦਾ ਰੋਗ ਉਤਾਰਣ ਲਈ ਤੂੰ ਵੀ ਚਿੰਤਾ ਚਿਖਾ ਤੇ ਜਾ ਚੜ੍ਹਿਆ !!

# ਨਾਨਕ ਤੇ ਨਾਨਕੀ !

ਮਿੱਠੀਆਂ ਪ੍ਰੀਤਾਂ ਪਾਣ ਵਾਲੇ ਬਾਲਕਾ, ਸੰਸਾਰ ਵਿਚ ਇਸ ਤੋਂ ਵਧੇਰੀ ਪ੍ਰੀਤ ਕੇਹੜੀ ਏ ਜੋ ਭੈਣ ਤੇ ਭਰਾ ਵਿਚ ਹੋ ਸਕਦੀ ਏ ? ਇਸ ਵਿਚ ਸ਼ੱਕ ਨਹੀਂ ਜੁ ਪਤੀ ਤੇ ਪਤਨੀ ਵਿਚ ਵੀ ਉਬਲਦੀ ਪ੍ਰੀਤ ਏ ! ਮਾਪਿਆਂ ਦੀ ਪ੍ਰੀਤ ਵੀ ਆਪਣੇ ਧੀਆਂ-ਪੁੱਤਾਂ ਨਾਲ ਪ੍ਰਬਲ ਹੋਂਵਦੀ ਏ, ਪਰ ਓਹ ਵੀ ਕਾਸੇ ਹੋਰ ਭਾ ਦੀ ਏ, ਭਰਾਵਾਂ ਭਰਾਵਾਂ ਦੀ ਵੀ ਪ੍ਰੀਤ ਹੋਂਦੀ ਏ, ਪਰ ਓਹ ਵੀ ਕਾਸੇ ਹੋਰ ਰੰਗ ਢੰਗ ਦੀ ਏ—ਪਤੀ-ਪਤਨੀ ਦੀ ਪ੍ਰੀਤ-ਦੇਗ ਵਿਚੋਂ ਤੱਤਾ ਉਬਾਲ ਕੱਢ ਲਵੋ, ਮਾਪਿਆਂ ਦੀ ਪ੍ਰੀਤ-ਚੁਲੀ ਵਿਚੋਂ ਸੁਆਰਥ ਦੀ ਝਾਤੀ ਕੱਢ ਲਵੋ, ਤੇ ਭਰਾਵਾਂ ਦੇ ਸਾਂਝੇ-ਬਾਟੇ ਵਿਚੋਂ ਆਵਣ ਵਾਲੀਆਂ ਵੰਡੀਆਂ ਦਾ ਖਾਰਾ ਪਾਣੀ ਕੱਢ ਲਓ—ਤੇ ਫਿਰ ਜੁ ਨਿਰਮਲ ਪ੍ਰਬਲ ਤੇ ਛੈਲ ਛਬੀਲੀ ਪ੍ਰੀਤੀ ਬਾਕੀ ਰਹਿ ਜਾਏਗੀ ਓਹ ਇਕੋ ਇਕ ਭੈਣ ਦਾ ਆਪਣੇ ਇਕੋ ਇਕ ਭਰਾ ਨਾਲ ਪਿਆਰ, ਹਾਂ ਤਦ ਓਹ ਪ੍ਰਤੱਖ ਭਾਸੇਗਾ ! ਇਸ ਪਵਿਤਰ-ਪਿਆਰ ਦੀਆਂ ਦੋ ਪ੍ਰਤੱਖ ਮੂਰਤਾਂ ਤੁਸੀਂ—ਓ ਵੀਰ ਨਾਨਕ, ਓ ਬੇਬੇ ਨਾਨਕੀ ! ਓ ਬਾਬਾ, ਓ ਵੀਰ ਬਾਬਾ, ਤੂੰ ਆਪਣੀ ਭੈਣ ਨੂੰ ਘੁੱਟ ਕੇ ਛਾਤੀ ਨਾਲ ਲਾਵਨਾ ਏਂ ਤੇ ਤੇਰੀ ਭੈਣ ਤੈਨੂੰ ਚੁੰਮ ਚੁੰਮ ਕੇ ਨਹੀਂ ਰੱਜਦੀ, ਇਹ ਕਿਹੜਾ ਪੁਰਾਣਾ ਰਿਸ਼ਤਾ ਏ ?—ਕੀ ਇਹ ਯੁਗਾਂ ਯੁਗਾਂ ਦੀ ਰਹੀ-ਖਈ ਭੜਾਸ

Sri Satguru Jagjit Singh Ji eLibrary NamdhariElibrary@gmail.com

ਏ, ਜੁ ਠਰਨ ਵਾਸਤੇ ਤੁਹਾਡੀਆਂ ਹਿਕਾਂ ਵਿਚ ਆ ਕੇ ਮੂਰਤੀ ਮਾਨ ਹੋਈ--ਤੇ ਇਉਂ ਤੱਪਦਾ ਕਲਯੁਗ ਵੀ ਠਰ ਕੇ ਸੀਤਲ ਸਤਯੁਗ ਹੋ ਗਿਆ ! ਓ ਵੀਰਾ, ਤੂੰ ਬਾਲਕ ਬਣ ਕੇ ਚਪੇੜਾਂ ਖਾਨਾਂ ਏ, ਪਰ ਚਪੇੜਾਂ ਦੀਆਂ ਸਲਾਟਾਂ ਤੈਂਡੇ ਕੋਮਲ ਮੁੱਖੜੇ ਤੇ ਨਹੀਂ, ਤੇਰੀ ਭੈਣ ਦੀਆਂ ਗਲ੍ਹਾਂ ਤੇ ਜਾ ਵੱਜਦੀਆਂ ਨੇ। ਤੂੰ ਰੋਨਾ ਏਂ ਤਾਂ ਹੱਸ ਕੇ, ਪਰ ਅੱਥਰੂ ਤੇਰੀ ਭੈਣ ਦੀਆਂ ਅੱਖਾਂ ਵਿਚੋਂ ਮੋਤੀਆਂ ਦੀ ਲੜੀ ਬਣ ਕੇ ਛਮਾ ਛਮ ਵੱਗਦੇ ਨੇ। ਤੂੰ ਨਿਤ ਨਿਤ ਉਦਾਸੀਆਂ ਤੇ ਟੁਰ ਜਾਨਾ ਏਂ, ਤੇ ਤੇਰੀ ਅੰਮਾ-ਜਾਈ ਭੈਣ ਚਾਤ੍ਰਿਕ ਵਾਂਙ ਤੇਰੇ ਦਰ-ਸ਼ਨਾਂ ਲਈ ਮੁੜ ਮੁੜ ਤਾਂਘਦੀ ਏ, ਓਹ ਜੇ ਤੈਨੂੰ ਪ੍ਰਬਲ-ਪ੍ਰੀਤਾਂ ਦਾ ਤਣੁਕਾ ਚਾ ਘਲੇ ਤਾਂ ਸੱਤ ਸਮੁੰਦਰੋਂ ਪਾਰੋਂ ਵੀ ਤੂੰ ਝੱਬ ਮੁੜ ਆਏਂ ! ਓ ਵੀਰਾ ਇਹ ਤੇਰੀ ਕੋਈ ਭੈਣ ਨਹੀਂ ਜਾਪਦੀ--ਜਾਪਦਾ ਏ ਜੇ ਤੂੰ ਚੰਨ ਏਂ ਤੇ ਇਹ ਅਕਾਸ ਗੰਗਾ ਏ, ਦੋਵੇਂ ਇਕੋ ਨੂਰ ਫੁਹਾਰ, ਤੂੰ ਪਵਿਤਰ-ਆਤਮਾ ਤੇ ਇਹ ਪਵਿਤਰ ਮਾਇਆ-ਓਹ ਮਾਇਆ, ਜੁ ਜੁਗਾਂ ਜੁਗਾਂ ਦੇ ਸਾਬਣਾਂ ਨਾਲ ਧੋ ਧੋ ਕੇ ਹੁਣ ਆ ਹੋਈ ਏ ਨੂਰ-ਮਨੂਰ ਹੋ ਕੇ, ਵਾਹ ਵਾਹ ਓ ਵੰਨ ਸਵੰਨੀਏ ਜੋੜੀਏ; ਤੂੰ ਥਿਰ-ਸਥਿਰ, ਸਦੱਕੜੇ, ਕੁਰਬਾਨ ਇਸ ਅਬਚਲ ਜੋੜੀ ਤੋਂ !!

----

Sri Satguru Jagjit Singh Ji eLibrary NamdhariElibrary@gmail.com

# ਬਾਬੇ ਮੱਝੀਆਂ ਚਾਰੀਆਂ

ਓ ਗਊ ਪਾਲ ਬਾਬਾ, ਤੂੰ ਹਥ ਵਿਚ ਖੂੰਡੀ ਤੇ ਮੋਢੇ ਖੇਸ ਲੈ ਕੇ ਮੱਝੀਆਂ ਨੂੰ ਵੀ ਚਾਰਨ ਵਗ ਟੁਰਿਆ : ਗਊਆਂ ਤੈਂ ਚਾਰੀਆਂ, ਮਹੀਆਂ ਤੈਂ ਚਾਰੀਆਂ, ਕੂਰੀਆਂ-ਮਹੀਆਂ ਵੀ ਤੈਂ ਚਾਰੀਆਂ; ਇਹ ਬਾਰਾਂ ਤੇ ਔਹ ਬੇਲੇ ਹੁਣ ਤਕ ਤੇਰੀ ਪ੍ਰਭਾਤ ਫੇਰੀ ਦੀ ਗਵਾਹੀ ਨੇ, ਓ ਚੌਂਕੀਦਾਰਾ ਤੇਰੀ ਫਿਰ ਰਾਖੀ ਕੇਹੀ ਜੇ ਤੇਰੀਆਂ ਮਹੀਆਂ ਇਹ ਲਾਗੇ-ਚਾਗੇ ਦੀਆਂ ਪੈਲੀਆਂ ਚਰ ਆਈਆਂ, ਤੇ ਨਾਲ ਦੇ ਸਾਰੇ ਮੁਜਾਰੇ ਅਜ ਭਜੇ ਭਜੇ ਫਿਰ ਤੇਰੇ ਘਰ ਆਏ ਹੋਏ ਨੇ ਤੇ ਆਂਹਦੇ ਨੇ : ਇਹ ਬਾਲਕ ਠੀਕ ਰਾਖੀ ਨਹੀਂ ਕਰਦਾ, ਸਾਡੀਆਂ ਸਧਰਾਂ-ਪਲੀਆਂ ਪੈਲੀਆਂ ਇਸ ਦੀਆਂ ਮਹੀਂਆਂ ਚਰ ਗਈਆਂ ਤੇ ਸਾਡੀਆਂ ਆਸਾਂ ਤੇ ਪਾਣੀ ਫਿਰ ਗਿਆ ! ਤੇ ਨਿਤ ਚੈਤੰਨ-ਚੌਂਕੀਦਾਰ ਤੂੰ ਆਪਣੀ ਖੂੰਡੀ ਖੜਕਾ ਕੇ ਆਖਿਆ : ਕੌਣ ਆਂਹਦਾ ਏ ਜੇ ਤੁਹਾਡੀ ਪੈਲੀਆਂ ਸਖਣੀਆਂ ਨੇ ਤੇ ਇਸ ਵਿਚ ਮੇਰੀਆਂ ਮਹੀਆਂ ਨੇ ਮੂੰਹ ਮਾਰਿਆ ਏ ! ਤਾਂ ਪਿੰਡ ਦੇ ਸਾਰੇ ਮੋਹਰਮ ਇਕੱਠੇ ਹੋ ਕੇ ਆਪਣੀਆਂ ਪੈਲੀਆਂ ਨੂੰ ਦੇਖਣ ਵਾਸਤੇ ਫਿਰ ਜਾਂਦੇ ਨੇ ਤੇ ਲੋ ! ਓਹੋ ਖੇਤੀਆਂ ਹਰੀਆਂ-ਭਰੀਆਂ ਤੇ ਵਧੀਆਂ ਚੜ੍ਹੀਆਂ ਨੇ, ਸਗੋਂ ਓਹਨਾਂ ਵਿਚ ਅਜ ਹੋਰ ਹੀ ਕੋਈ ਰੰਗ ਏ, ਰੂਪ ਏ, ਨਖਰਾ ਏ। ਓ ਸੋਹਣੀਓਂ ਮਸਤਾਨੀਓਂ ਖੇਤੀਓ, ਤੁਹਾਡੇ ਵਿਚ ਕੇਹੜਾ ਜਾਦੂਗਰ ਫਿਰ ਗਿਆ ਏ : ਕਲ ਜਿਥੇ ਤੁਸੀਂ ਨਿਮੋਝੂਣ ਸੌ, ਅੱਜ ਤੁਸੀਂ ਮਸ ਫੁੱਟੇ ਗੱਭਰੂ ਵਾਂਙ ਗਰਦਨ ਨੂੰ ਓਤਾਂਹਾਂ ਚੁਕ ਕੇ ਮਾਨ ਨਾਲ ਤੱਕ ਰਹੀਆਂ ਹੋ--ਤੇ

ਜਿਥੇ ਓਹਨਾਂ ਗਊਆਂ ਤੇ ਮੱਝਾਂ ਨੇ ਮੂੰਹ ਮਾਰਿਆ ਸੀ, ਓਥੇ ਸਗੋਂ ਦੂਣਾ ਝਾੜ ਏ ! ਕੀ ਇਹ ਸੁਫਨਾ ਏ, ਯਾ ਕੋਈ ਜਾਦੂ ਏ––ਜੋਗੀ ਆਂਹਦੇ ਨੇ ਇਹ ਬਾਲਕ ਬਾਲਕ ਨਹੀਂ; ਇਹ ਚੌਂਕੀਦਾਰ ਚੌਂਕੀਦਾਰ ਨਹੀਂ; ਏਹ ਤਾਂ ਕਿਸੇ ਅਰਸ਼ ਤੋਂ ਉਤਰਿਆ ਫ਼ਰਿਸ਼ਤਾ ਏ। ਚੌਦਵੀਂ ਦਾ ਚੰਨ ਪਰ ਹੁਣ ਧਰਤੀ ਤੇ ਪਾਇਲਾ ਪਾਂਵਦਾ, ਇਹ ਓਸ ਕਾਮਧੇਨੂ-ਗਊ ਦਾ ਮਾਲਕ, ਜੋ ਸਾਡੀਆਂ ਸਾਰੀਆਂ ਕਮੀਆਂ ਤੇ ਖਾਮੀਆਂ ਨੂੰ ਪੂਰਣ ਕਰਣ ਵਾਲਾ ! ਓ ਬਾਲਕਾ, ਸਾਡੀ ਖੇਤੀ ਤਾਂ ਸਚਮੁਚ ਉਜੜ ਗਈ ਸੀ, ਅਸੀਂ ਝੂਠੇ ਨਹੀਂ, ਨਾ ਹੀ ਸਾਡਾ ਗਿਲ੍ਹਾ ਬਨੌਟੀ ਸੀ––ਪਰ ਤੈਂ ਕੋਈ 'ਕਾਮਧੇਨੂ' ਵਸ ਕੀਤੀ ਹੋਈ ਏ, ਜੋ ਸਾਡੇ ਉਜੜੇ ਹੋਏ ਖੇਤਾਂ ਨੂੰ ਫਿਰ ਮੁੜ ਤੁੜ ਕੇ ਹਰਾ-ਭਰਾ ਕਰ ਦਿਤਾ ਤੇ ਓਹਨਾਂ ਵਿਚ ਜੌਂ ਦੀ ਥਾਂ ਕਣਕਾਂ ਦੇ ਝਾੜ ਝਾੜੇ ! ਓ ਸਾਡੇ ਕਰਮਾਂ ਦੀਆਂ ਕੰਡਿਆਂ-ਵਾੜੀਆਂ ਨੂੰ ਮੁੜ ਮੁੜ ਫੁਲਵਾੜੀਆਂ ਕਰਣ ਵਾਲਿਆ, ਇਹ ਜ਼ਰੂਰੀ ਏ ਜੁ ਸਾਡੀਆਂ ਕਾਲੀਆਂ ਪੈਲੀਆਂ, ਭੱਖੜੇ ਵਾਲੀਆਂ ਕਰਮ ਵਾੜੀਆਂ ਤੇਰੀਆਂ ਜਪ ਤਪ ਅਲੂਣੀ ਘਾਲਾਂ ਰੂਪ ਮੱਝਾਂ ਦੀ ਡਾਰ ਨਾਲ ਪੈਹਲੋਂ ਇੰਝ ਭਾਸਣ ਜਿਵੇਂ ਉਜੜ ਰਹੀਆਂ ਹਨ, ਪਰ ਫੇਰ ਹਰੀਆਂ ਭਰੀਆਂ ਹੋ ਕੇ ਨਾਮ-ਰੰਗ ਵਿਚ ਵਿਗਸਨ ! ਵਾਹ ਵਾਹ ਬਾਬੇ ਨੇ ਮੱਝੀਆਂ ਚਾਰੀਆਂ !

-----

# ਅੰਤ੍ਰਯਾਮੀ ਬਾਬਾ ਨਿਮਾਜ਼ ਪੜ੍ਹਨ ਮਸੀਤੇ ਗਿਆ !

ਓ ਨਿਮਾਜ਼ੀ ਬਾਬਾ, ਅਜ ਤੂੰ ਨਿਮਾਜ਼ ਪੜ੍ਹਨ ਲਈ ਵੀ ਉਠ ਟੁਰਿਆ; ਕੋਈ ਆਖੇ ਤੂੰ ਹਿੰਦੂ ਤੂੰ ਮੁਢ-ਕਦੀਮਾਂ ਦਾ ਸਨਾਤਨੀ ਤੇ ਕੋਈ ਤੈਨੂੰ ਆਖੇ ਨੂਰ-ਅੱਲ੍ਹਾ, ਤੂੰ ਮੰਦਰਾਂ ਵਿਚ ਵੀ ਟੱਲ ਖੜਕਾਨ ਵੇਲੇ ਹਾਜ਼ਰ ਤੇ ਮਸੀਤਾਂ ਵੇਲੇ ਵੀ ਨਮਾਜ਼ ਪੜ੍ਹਨ ਲਈ ਤਿਆਰ। ਕਿਉਂ ਨਾ ਜਾਏਂ, ਤੂੰ ਦੋਵਾਂ ਦਾ ਸਾਂਝਾ, ਪਰ ਅਜ ਨਵਾਬ ਤੇ ਪਿੰਡ ਦੇ ਚੌਧਰੀ ਤੇ ਮੁਲਾਂ ਮੁਲਾਣੇ ਸਾਰੇ ਇਕੱਠੇ ਹੋਏ ਹੋਏ ਨੇ ਤੇ ਜੁਮੇ ਦੀ ਜਮਾਇਤੀ-ਨਿਮਾਜ਼ ਏ। ਹੋਰਾਂ ਨਾਲ ਇਹ ਸਾਂਝਾ-ਸੂਰਜ ਵੀ ਉਠ ਟੁਰਿਆ ਤੇ ਕੰਨ ਤੇ ਹੱਥ ਰਖ ਕੇ ਨਿਮਾਜ਼ ਪੜ੍ਹਨ ਲਈ ਸੱਫ ਵਿਚ ਆ ਖੜੋਤਾ ਏ। ਹੋਰ ਸਾਰੇ ਬੈਠ ਜਾਂਦੇ ਨੇ, ਪਰ ਓ ਬਾਬਾ ਤੂੰ ਨਹੀਓਂ ਬਹਿੰਦਾ, ਹੋਰ ਉਠਦੇ ਨੇ ਬਹਿੰਦੇ ਨੇ ਫਿਰ ਉਠਦੇ ਨੇ, ਪਰ ਤੂੰ ਅਗੇ ਹੀ ਨੈਣ ਮੂੰਦੀ ਕਿਸੇ ਅਰਾਧਨਾ ਵਿਚ ਖਲਾ ਏਂ ! ਓ ਬਾਬਾ, ਨਿਮਾਜ ਖਤਮ ਹੋਣ ਤੇ ਤੇਰੇ ਕੋਲੋਂ ਸਾਰੇ ਪੁਛਦੇ ਨੇ, ਜੇ ਤੂੰ ਚੰਗੀ ਨਿਮਾਜ ਪੜ੍ਹੀ ਏ ! ਸਿਰਫ 'ਅਲਫ' ਨੂੰ ਪੜ੍ਹ ਕੇ ਹੋਰ ਸਾਰੇ ਕਾਇਦੇ ਨੂੰ ਭੁਲ ਬੈਠਾ ! ਤਾਂ ਓ ਰਬੀ-ਬਾਬਾ ! ਤੈਂ ਓਹ ਨਿਮਾਜ਼ ਪੜ੍ਹੀ ਜਿਸ ਨੂੰ ਸੁਣ ਕੇ ਨਵਾਬ ਤੇ ਨਵਾਬ ਜਾਦੇ, ਮੁਲਾਂ ਤੇ ਮੌਲਾਣੇ, ਪੜ੍ਹੇ ਤੇ ਅਨਪੜ੍ਹੇ ਸਾਰੇ ਵੱਜਦ ਵਿਚ ਆ ਗਏ ਤੇ ਸਾਰਿਆਂ ਦੇ ਸਿਰ ਤੇ ਹੌਲ ਚੜ੍ਹ ਗਿਆ, ਤੇ ਤੇਰੇ ਵਾਂਙ ਮਸਤਾਨੇ

ਹੋ ਕੇ 'ਅਨਉਲ ਹੱਕ' 'ਮੈਂ-ਰੱਬ-ਹਾਂ' 'ਮੈਂ-ਰੱਬ-ਹਾਂ' ਆਖਣ ਲਗੇ--ਕਿਤਨੀ ਦੇਰ ਏਹ ਧੁਨੀ ਉਸ ਮਸੀਤ ਦੇ ਕੋਨੇ ਕੋਨੇ, ਓਸ ਮਹਿਰਾਬ ਦੀ ਗੋਲਾਈ ਵਿਚੋਂ ਮੁੜ ਮੁੜ ਕੇ ਇਉਂ ਹੀ ਆਉਂਦੀ ਰਹੀ, ਤੇ ਤੇਰੇ ਪਾਰਖੂਆਂ ਨੇ ਫਿਰ ਤੈਨੂੰ ਪਰਖਣ ਦੀ ਥਾਂ ਆਪਣੀਆਂ ਹਿੱਕਾਂ ਤੇ ਬਿਠਾ ਲਿਆ ਤੇ ਆਖਿਓਨੇ, ਤੂੰ ਸਚਮੁਚ 'ਵਲੀ-ਅੱਲ੍ਹਾ' ਏਂ--ਪਰ ਕੀ ਫਿਰ ਤੂੰ ਨਹੀਂ ਦਸੇਂਗਾ ਜੇ ਤੂੰ ਉਠ ਕੇ ਸਾਡੇ ਨਾਲ ਕਿਉਂ ਨਹੀਂ ਗੋਡੇ ਟੇਕ ਕੇ ਸਿਜਦਾ ਕੀਤਾ ! ਤਾਂ, ਓ ਕੋਹ ਨੂਰੀ ਰਤਨਾਂ, ਤੂੰ ਅੱਖ-ਪਲਕਾਰੇ ਵਿਚ 'ਕਾਹਬਾ' ਆਪ ਬਣ ਗਿਆ, ਤੇ ਇਉਂ ਭਾਸਿਆ, ਜੁ ਸਾਰਾ ਆਲਮ (ਬ੍ਰਹਮੰਡ) ਤੈਂ ਵਲ ਝੁਕ ਕੇ ਸੱਜਦਾ ਕਰ ਰਿਹਾ ਏ--ਏਹ ਮੌਜਜ਼ਾ, ਇਹ ਕਰਾਮਾਤ ਵੇਖ ਕੇ, ਸਾਰੇ ਆਖਣ ਲੱਗੇ : ਓ ਟੁਰਦਿਆ, ਓ ਖੜੋਤਿਆ ਕਾਬਿਆ ਤੂੰ ਸਦਾ ਹੀ ਖੜੋਤਾ ਰਹੁ, ਜੇ ਤੂੰ ਵੀ ਬੈਠ ਜਾਵੇਂ ਤਾਂ ਹੋਰ ਕਿਸ ਨੂੰ ਝੁਕ ਕੇ ਸਜਦਾ ਕਰਣ ? ਓ ਬਾਬਾ ਇਹ ਕਾਰਣ ਸੀ, ਜੁ ਤੂੰ ਨਹੀਂ ਬੈਠਾ--ਸਚ ਏ ਜੇ ਕਾਜ਼ੀ ਦਾ ਦਿਲ ਓਸ ਦੇ ਵਛੇਰੇ ਵੱਲ ਸੀ ਜੁ ਕਿਧਰੇ ਖੂਹ ਵਿਚ ਨਾ ਡਿਗ ਪਏ, ਤੇ ਨਵਾਬ ਦਾ ਦਿਲ ਤਾਜ਼ੀ ਘੋੜੇ ਖਰੀਦਣ ਕਾਬਲ ਕੰਧਾਰ ਸੀ, ਪਰ ਤੂੰ ਓਥੇ ਹੀ ਓਨ੍ਹਾਂ ਨੂੰ ਤੱਕ ੨ ਵਿਗਸਦਾ ਰਿਹਾ ! ਹੋਇਆ ਜੂ ਅੰਤ੍ਰਯਾਮੀ ! ਵਾਹ ਵਾਹ ਬਾਬੇ ਅੱਜ ਨਿਮਾਜ਼ ਪੜ੍ਹੀ !

# ਬਾਲਾ ਤੇ ਮਰਦਾਨਾ !

ਓ ਸਾਂਝੀ-ਸਰਕਾਰੇ, ਤੂੰ ਵਿੱਥਾਂ ਮੇਲਣ ਲਈ ਅਵਤਾਰ ਧਾਰਿਆ ! ਹਿੰਦੂ-ਮੁਸਲਮ, ਤੇ ਹੋਰ ਸਭ ਸੰਪ੍ਰਦਾਂ ਜੁ ਭਾਰਤ ਵਰਸ਼ ਵਿਚ ਅੱਡੋ ਅੱਡਰੇ ਡੇਰੇ ਜਮਾ ਕੇ ਬੈਠੀਆਂ ਸਨ, ਓਹਨਾਂ ਦੇ ਮਿਲਣ ਦਾ ਸਮਾ ਹੁਣ ਆ ਗਿਆ, ਤਾਂ ਤੇ ਤੂੰ ਸੁਨੈਹਰੀ-ਪੁਲ ਬਣ ਕੇ ਦੋਵੇਂ ਹੱਥ ਖਲਿਆਰ ਕੇ ਆਇਆ: ਤੇਰੇ ਇਕ ਪਾਸੇ ਭਾਈ ਬਾਲਾ ਤੇ ਦੂਜੇ ਪਾਸੇ ਭਾਈ ਮਰ-ਦਾਨਾ, ਇਕ ਹਿੰਦੂ ਤੇ ਇਕ ਮੁਸਲਮਾਨ, ਇਕ ਚੁੱਪ ਤੇ ਇਕ ਵਡ-ਬੋਲਾ । ਭਾਈ ਬਾਲਾ ਤੂੰ ਕਿਉਂ ਚੁੱਪ ਏਂ, ਤੇਰੇ ਭਾਈ ਨੂੰ ਭੁੱਖ ਲੱਗਦੀ ਏ, ਤ੍ਰੇਹ ਲੱਗਦੀ ਏ, ਹੋਰ ਲੋੜਾਂ ਦੀ ਥੋੜ ਸਦਾ ਸਤਾਂਵਦੀ ਏ, ਪਰ ਓ ਗਹਿਰ ਗੰਭੀਰ ਬਾਲਿਆ, ਤੂੰ ਚੁੱਪ ਗੜੁਪ ਰਜੋਂ-ਕਜੋਂ, ਸਦਾ ਹੀ ਤ੍ਰਿਪਤ ! ਓ ਮੇਰੇ ਪਿਆਰੇ ਭਾਪਿਆ, ਤੇਰੀ ਚੁੱਪ ਦਾ ਕਾਰਣ ਮੈਂ ਸਮਝ ਗਿਆ, ਤੂੰ ਪੀਤਾ ਏ ਓ ਅੰਮ੍ਰਿਤ-ਘੁੱਟ ਜੁ ਪੀਤੇ ਤੇਰੀ ਸਾਰੀ ਤਿਖਾ ਇਕ ਡੀਕ ਨਾਲ ਹੀ ਮੁੱਕ ਚੁੱਕ ਗਈ । ਇਹ ਠੂਠਾ, ਅੰਮ੍ਰਿਤ-ਭਰਿਆ ਪੀ ਕੇ ਫਿਰ ਤੂੰ ਕੀਕਣ ਕੁਸਕੇਂ ? ਓ ਭੋਲੇ ਭਾਲੇ ਭਾਈ ਬਾਲਿਆ, ਤੂੰ ਬਾਲਕਾਂ ਵਰਗੀ ਭੋਲਪਣ ਲੱਭੀ ਏ, ਹੁਣ ਤੂੰ ਆਪਣੇ ਆਪ ਨਾਲ ਖੇਡਦਾ ਤੇ ਆਪਣੇ ਆਪ ਨਾਲ ਗੱਲਾਂ ਕਰਦਾ । ਤੂੰ ਪੂਰਾ, ਕਦੇ ਨਾ ਊਰਾ ! ਪਰ ਜਦ ਤੂੰ ਸਾਖੀਆਂ ਲਿਖਵਾਣ ਤੇ ਆਵੇਂ ਤਾਂ ਤੂੰ ਕਦੇ ਨ ਰੱਜਦਾ, ਤੂੰ ਇੰਵ ਆਪਣੇ ਹਿਰਦੇ ਦੀਆਂ ਰੀਲਾਂ ਭਰ ਭਰ ਕੇ ਖੋਲ੍ਹੀ

Sri Satguru Jagjit Singh Ji eLibrary NamdhariElibrary@gmail.com

ਜਾਂਵਦਾ, ਜੀਕਣ ਕੋਈ ਸਿਨਮਾ ਵਿਚ ਫ਼ਿਲਮਾਂ ਦੀਆਂ ਰੀਲਾਂ ਖੋਲ੍ਹੀ ਜਾਂਦਾ ਏ ! ਓ ਗਹਿਰ ਗੰਭੀਰ ਵੀਰਾ, ਸੱਚ ਮੁੱਚ ਤੈਨੂੰ ਕੋਈ ਅਣਮੁਕਾ ਵ੍ਹੀ-ਖਾਤਾ ਲੱਭਾ ਏ, ਫਿਰ ਤੂੰ ਕੀਕਣ ਆਪਣੀ ਰਾਮ ਕਹਾਣੀ ਨੂੰ ਲੁਕਾਏਂ ਯਾ ਮੁਕਾਏਂ ?

ਤੇ ਓ ਮਰਦਾਨਿਆ, ਤੂੰ, ਮੈਂ ਤੈਂ ਤੇ ਹਭ ਕੋਈ ਦੀ ਸੱਚੀ ਮੂਰਤ ਏਂ, ਭੁੱਖੇ ਤੈਂ ਵਾਂਙ ਅਸੀਂ, ਤਿਆਹੇ ਤੈਂ ਵਾਂਙ ਅਸੀਂ, ਤੋਟਾਂ ਤੇ ਖੋਟਾਂ ਨਾਲ ਭਰਪੂਰ; ਕਸਕਾਂ, ਚੱਸਕਾਂ ਤੇ ਚੀਸਾਂ ਨਾਲ ਅਸੀਂ ਮੁੜ ਮੁੜ ਕਰਿਝਦੇ ਤੇ ਝੂਰਦੇ, ਤੂੰ ਸਾਡੇ ਵਾਂਙ ਕਦੇ ਰਤੀ, ਕਦੀ ਮਾਸਾ, ਕਦੇ ਤੋਲਾ। ਕਦੇ ਤੂੰ ਸ਼ੇਰਾਂ ਨਾਲ ਜੱਫੀ ਮਾਰੇਂ, ਕਦੇ ਤੂੰ ਲੇਲਾ ਬਣ ਕੇ ਕਿਸੇ ਸੁੰਦਰਾਂ ਦੇ ਚਰਖੇ ਕੋਲ ਮਿਊਂ ਮਿਊਂ ਕਰੇਂ। ਓ ਉਤਾਵਲਿਆ, ਓ ਬਾਵਲਿਆ ਮਰਦਾਨਿਆ, ਇਕ ਮਰਦ ਤੂੰ ! ਪਰ ਫਿਰ ਮਰਦਾਂ ਦਾ ਮਰਦ, ਮਰਦੇ-ਮਰਦਾਨ ਵੀ ਤੂੰ, ਕਿਉਂਕਿ ਜਦ ਤੂੰ ਆਪਣੀ ਰਬਾਬ ਖਿਚ ਖੁੱਚ ਕੇ ਵਜਾਏਂ, ਤਾਂ ਤੇਰੀ ਰਬਾਬ ਸੁਣ ਕੇ ਵਣ ਤ੍ਰਿਣ ਤ੍ਰਿਭਵਣ ਝੂਮਨ, ਤੇ ਓਹਨਾਂ ਵਿਚੋਂ ਅਨੰਦ ਦੀਆਂ ਗੰਗਾ-ਧਾਰਾਂ ਵੱਗ ਵੱਗ ਟੁਰਨ ! ਓ ਨੰਗੀਂ ਪੈਰੀਂ ਮੱਕਾ-ਮਦੀਨਾ ਤੇ ਜਗਨ ਨਾਥ ਕੱਛਣ ਵਾਲਿਆ ਰਬਾਬੀਆ, ਤੇਰੀ ਰੱਬ-ਗੁੱਧੀ ਰਬਾਬ ਕਿਸ ਨੇ ਨਹੀਂ ਸੁਣੀ ? ਇਹ ਪੰਜ ਦਰਿਆ, ਔਹ ਗੰਗਾ ਤੇ ਜਮਨਾ ਭੈਣਾਂ, ਤੇ ਓਹਨਾਂ ਦਾ ਦੂਰ ਵੱਸਦਾ ਵੀਰ ਬ੍ਰਹਮ-ਪੁੱਤਰ। ਹੁਣ ਤੱਕ ਤੇਰੀ ਲੈ, ਤੇਰੀ ਰਬਾਬ ਦੀ ਮਸਤੀ ਨਾਲ ਮਸਤ ਤੇ ਤੇਰੇ ਤਾਲ ਨਾਲ ਇਕ ਤਾਲ ਹੋ ਕੇ ਟੁਰ ਰਹੇ ਨੇ । ਵਾਹ ਵਾਹ ਮੇਰੇ ਬਾਬੇ ਦੇ ਦੋ ਸੰਗੀ, ਚੁਪ੍ਹ–ਬਾਲਾ ਤੇ ਗਲੋਖੜ–ਮਰਦਾਨਾ !!

Sri Satguru Jagjit Singh Ji eLibrary NamdhariElibrary@gmail.com

# ਮਾਪੇ ਤੇ ਪਵਿਤਰ ਪੱਤਨੀ !

ਓ ਪੁੱਤ-ਸਪੁੱਤ ਬਾਬਾ, ਓ ਜਾਣੀ-ਜਾਣ ਬਾਬਾ, ਤੂੰ ਆਪਣੇ ਮਾਪਿਆਂ ਨੂੰ ਚੰਗੀ ਤਰ੍ਹਾਂ ਜਾਣਦਾ ਤੇ ਪਹਿਚਾਨਦਾ, ਪਰ ਓਹ ਤੈਨੂੰ ਕੀਕਣ ਜਾਨਣ ? ਸੱਚ ਏ, ਦੀਵੇ ਹੇਠਾਂ ਹਨੇਰਾ ਹੋਂਦਾ ਏ, ਤੀਕਣ ਹੀ ਤੇਰੇ ਮਾਪੇ ਤੈਨੂੰ ਨਿਤ ਨਿਤ ਵੇਖਦੇ, ਚੁੰਮਦੇ ਤੇ ਚੱਟਦੇ, ਪਰ ਚਪੇੜਾਂ ਮਾਰਨ ਵੇਲੇ ਚਪੇੜਾਂ ਵੀ ਮਾਰ ਲੈਂਦੇ ਤੇ ਇਹ ਨਾ ਜਾਣਦੇ, ਜੇ ਇਹ ਜਾਤਕ ਕੌਣ ਏ, ਜੁ ਚਪੇੜਾਂ ਨੂੰ ਚੁੰਮਦਾ ਤੇ ਰੋਣ ਦੀ ਬਜਾਏ ਖਿੜ ਖਿੜ ਹੱਸਦਾ !--ਹਾਂ ਰੋਣਾ ਤਾਂ ਇਸ ਬਾਲਕ ਦੇ ਹੱਥ ਹੀ ਨਹੀਂ ਆਇਆ, ਜੰਮਦਾ ਵੀ ਹਸਦਾ, ਤੇ ਖੇਡਾਂ ਖੇਡਣ ਵੇਲੇ ਵੀ ਹੱਸਦਾ ਤੇ ਗਵਾਚਣ ਵੇਲੇ ਵੀ ਹਸਦਾ, ਤੇ ਲੱਭਣ ਵੇਲੇ ਵੀ ਹੱਸਦਾ ! ਓ ਮਾਪਿਓ ਤੁਸੀਂ ਕੀਕਣ ਜਾਣੋ, ਇਹ ਕੇਹੜਾ ਨੂਰਿ-ਨੂੱਕਾ ਏ, ਇਹ ਕੇਹੜੀ ਜੋਤੀ-ਜੋਤ, ਸੋਲਾਂ ਕਲਾਂ ਸੰਪੂ-ਰਨ ਜੋਤ ਏ !

ਤੇ ਓ ਨਿਮਾਣੀਏ-ਅਰਧੰਗੀਏ, ਤੂੰ ਭਾਵੇਂ ਅੱਖੋਂ ਓਹਲੇ ਤੇ ਘੱਟ ਬੋਲਦੀ ਤੇ ਘੱਟ ਚਾਲਦੀ, ਪਰ ਤੂੰ ਮੈਨੂੰ ਬੜੀ ਹੀ ਮਿੱਠੀ ਜਾਪਦੀ ਏਂ, ਤੂੰ ਓਹ ਸਨਾਤਨ ਦੇਵੀ ਏਂ ਜੋ ਸੀਤਾ ਤੋਂ ਵੀ ਵਧੇਰੇ ਸੱਤ ਨੂੰ ਪਾਲਦੀ ਏਂ, ਤੂੰ ਉਂਗਲ ਨਾਲ ਉਂਗਲ ਫੜ ਕੇ ਨਾਲ ਨਹੀਂ ਟੁਰਦੀ, ਤੈਨੂੰ ਚੰਨ-ਸੂਰਜ ਵੀ ਕਦੇ ਨਹੀਂ ਡਿੱਠਾ, ਤੂੰ ਮੇਰੇ ਬਾਬੇ ਦੀਆਂ ਉਦਾਸੀਆਂ

ਨਾਲ ਉਦਾਸ ਤੇ ਬਾਬੇ ਦੀਆਂ ਫੇਰੀਆਂ ਨਾਲ ਫਿਰਦੀ, ਪਰ ਘਰ ਬੈਠ ਕੇ, ਆਪਣੇ ਅੰਙਣ ਵਿਚ ਛੁੱਪ ਲੁੱਕ ਕੇ ! ਓ ਸੋਹਲ, ਓ ਸੁਲੱਖਣੀ, ਓ ਸੁਸ਼ੀਲ ਨਾਰੇ, ਤੂੰ ਅਰਸ਼ਾਂ ਦੇ ਸਾਂਈਂ ਬਾਬੇ ਦੀ ਅਰਧ-ਅੰਗੀ; ਤੂੰ ਅੰਮ੍ਰਿਤ ਕੁੰਡ ਨਾਲ ਤਦਾ-ਕਾਰ ਹੋਣ ਵਾਲੀ, ਮਿੱਠੇ ਨੈਣਾਂ ਵਿਚ ਨੈਣ ਮੇਲਣ ਵਾਲੀ, ਤੂੰ ਕੇਡੀ ਭਾਗ ਸੁਲੱਖਣੀ ! ਪਰ ਫਿਰ ਵੀ ਭਾਈ ਬਾਲੇ ਵਾਂਙ ਚੁੱਪ ! ਹਾਂ ਤੂੰ ਵੀ ਓਸ ਨੂਰ ਨੂੰ ਨੇੜੇ ਹੋ ਕੇ, ਅੰਗ ਨਾਲ ਅੰਗ ਜੋੜ ਕੇ ਭਖਿਆ ਏ, ਫਿਰ ਤੂੰ ਕੀਕਣ ਬੋਲੇਂ, ਤੇ ਤੂੰ ਕੀਕਣ ਗਿਲ੍ਹੇ-ਗਲੋਚ ਤੋਲੇਂ ? ਓ ਬੀਬੀਏ, ਓ ਰਾਣੀਏ, ਓ ਸੁਆਣੀਏ, ਤੂੰ ਵੀ ਓਸ ਰੰਗ ਵਿਚ ਰੰਗੀ ਓਸੇ ਹੀ ਸਰੂਰ ਵਿਚ ਰੱਜੀ-ਕੱਜੀ, ਤੇ ਓਸੇ ਹੀ ਮਸਤੀ ਵਿਚ ਮਖਮੂਰ ਜਿਸ ਵਿਚ ਮੇਰਾ ਬਾਬਾ ! ਕੀ ਹੋਇਆ ਜੇ ਬਾਬਾ ਚੌਕੁੰਟੀ ਵਿਚ ਚੱਕਰ ਲਾਏ, ਕੀ ਹੋਇਆ ਜੇ ਕਦੇ ਓਹ ਪੂਰਬ, ਪੱਛਮ ਉੱਤਰ ਦੱਖਣ ਜਾਏ ਤੇ ਆਏ, ਤੂੰ ਓਹਦੇ ਸਦਾ ਅੰਗ-ਸੰਗ, ਤੂੰ ਹੋਈ ਜੁ ਓਹਦੀ ਅਰਧੰਗੀ-ਭਾਵੇਂ ਤਨ ਨਹੀਂ ਨਾਲ, ਪਰ ਮਨ ਤਾਂ ਹੈ ਵੇ ਨਾਲ--ਤਾਂ ਤੇ ਧੰਨ ਧੰਨ ਤੂੰ ਓ ਜਨਨੀ, ਓ ਸੰਸਾਰ-ਜਣਨੀ ਮਾਤਾ !

ਇਹ ਅਣੋਖੀ ਜੋੜੀ ਏ। ਮਾਪੇ ਤਾਂਘਦੇ, ਬਿਲਲਾਂਦੇ, ਤੈਨੂੰ ਤੋਤੇ ਵਾਂਙ ਪਿੰਜਰੇ ਵਿਚ ਪਾਂਵਦੇ ਤੇ ਹਟਾਂ ਤੇ ਚੁੱਕ ਬੁਲ੍ਹਾਂਦੇ, ਪਰ ਇਹ ਅਰਧੰਗੀ ਨਾ ਬੋਲਦੀ ਨਾ ਚਾਲਦੀ ਆਪਣੇ ਪਰਦੇ ਵਿਚ ਕੱਜੀ, ਆਪਣੇ ਹਿਰਦੇ ਵਿਚ ਰੱਜੀ-ਓ ਪਾਠਕੋ, ਕੀ ਤੁਸੀਂ ਨਹੀਂ ਜਾਣਦੇ: ਮਾਪੇ ਨੇ ਤੌਂਖਲਿਆ-ਭੁੱਜੇ ਬਿਰਹੋਂ-ਸੱਲ ਤੇ ਪੀੜਾਂ ਤੇ ਇਹ ਰੱਜੀ-ਪੁੱਜੀ ਅਰਧੰਗੀ ਏ;

'ਨਾਮ' ਦੀ ਸਤ ਸੰਗਣ, ਤ੍ਰਿਪਤ-ਅਘਾਈ ਜਿੰਦੜੀ ! ਵਾਹ ਵਾਹ ਧੰਨ ਮਾਪੇ ਤੇ ਤ੍ਰਿਪਤ-ਪੱਤਨੀ !

# ਭੈਣ ਤੇ ਜੀਜੇ ਕੋਲ ਜਾਵਣਾ !

ਓ ਬਾਬਾ, ਖਰੇ ਸੌਦੇ ਕਰਨ ਵਾਲਿਆ ਬਿਉਪਾਰੀਆ, ਹੁਣ ਵੇਲਾ ਆ ਗਿਆ ਏ, ਜੁ ਤੂੰ ਦੁਧ ਦੇ ਦੰਦ ਛਡ ਕੇ ਪਕੇ ਦੰਦ ਬਦਲਾਵੇਂ, ਤੇ ਇਕ ਘਰ ਹੋਰ ਅਗੇ ਜਾ ਹੱਟ ਚਲਾਵੇਂ। ਹਾਂ ਤੇਰੀ ਭੈਣ ਤੇ ਤੇਰਾ ਜੀਜਾ ਤੈਨੂੰ ਬਾਹਾਂ ਉਲਾਰ ਕੇ ਪਏ ਉਡੀਕਦੇ ਨੇ, ਤੇ ਆਂਹਦੇ ਨੇ ਓ ਪੈਲੀਆਂ ਹਰੀਆਂ ਭਰੀਆਂ ਕਰਣ ਵਾਲਿਆ ਪਾਰਸਾ, ਹੁਣ ਤੂੰ ਰਤਾ ਕੁ ਸਾਡੇ ਵੱਲ ਵੀ ਕਦੇ ਫੇਰੀ ਪਾਵੇਂ। ਇਸ ਚੁੰਬਕ ਦਾ ਖਿਚਿਆ ਹੋਇਆ ਓ ਬਾਬਾ ਤੂੰ ਮਾਪਿਆਂ ਨੂੰ ਥੋੜੀ ਦੇਰ ਛਡ ਜੀਜੇ ਦੇ ਘਰ ਜਾ ਪੈਰ ਪਾਇਆ-ਤੇਰੀ ਭੈਣ ਤੈਤੋਂ ਅੱਗੇ ਹੀ ਸਧਰਾਈ ਹੁਣ ਤੇਰਾ ਰਾਹ ਪੂੰਝ ਪੂੰਝ ਕੇ ਤੇ ਚੁੰਮ ਚੁੰਮ ਕੇ ਨਹੀਂ ਰਜਦੀ ! ਹਾਂ ਭੈਣ ਦੇ ਘਰ ਭਰਾ ਨੇ ਆਵਣਾ ਏ ਤੇ ਇਸ ਕੱਖਾਂ ਦੀ ਕੁੱਲੀ ਵਿਚ ਵੀ ਉਸ ਨੇ ਮੋਤੀ-ਚੰਬਾ ਤੇ ਕੇਸਰ ਕਿਆਰੀਆਂ ਲਾਵਣੀਆਂ ਨੇ। ਔਹ ਵੇਖੋ ਨਾ, ਮੇਰਾ ਬਾਬਾ, ਮਸ ਫੁੱਟਾ ਗੱਭਰੂ, ਹਥ ਵਿਚ ਖੂੰਡਾ, ਤੇ ਪੈਰਾਂ ਵਿਚ ਖੜਾਵਾਂ ਪਾਈ, ਆਪਣੀ ਭੈਣ ਦੇ ਘਰ ਇੰਝ ਭਜਾ ਆਂਵਦਾ ਏਂ, ਜੀਕਣ ਸਿੰਧਸਾਗਰ ਵਿਚ ਕੋਈ ਜਵਾਰ ਭਾਟਾ ਚੰਨ-ਛਾਤੀ ਵਲ ਭਜਾ ਜਾਂਵਦਾ ਏਂ। ਤੇ ਭੈਣ ਤੇ ਭਰਾ ਦੀਆਂ

Sri Satguru Jagjit Singh Ji eLibrary NamdhariElibrary@gmail.com

ਪਿਆਰ ਭਰੀਆਂ ਗਲਾਂ ਨੂੰ ਸੁਣਨ ਤੇ ਸੋਗੇ ਰੱਖਣ ਵਾਲਾ ਜੀਜਾ ਮੌਜੂਦ ਏ--ਹਾਂ ਨੈਲੇ ਉਪਰ ਕੋਈ ਦੈਹਲਾ! ਭੈਣੇ, ਤੂੰ ਤਾਂ ਅਗੇ ਹੀ ਮਾਸ ਨਾਲ ਮਾਸ ਤੇ ਲਹੂ ਨਾਲ ਰਲੀ ਬੋਟੀ ਏਂ, ਤੈਂ ਵਿਚ ਤੇ ਤੈਂਡੇ ਵੀਰ ਵਿਚ ਕੀ ਫਰਕ, ਪਰ ਇਹ ਜੀਜਾ ਹੋਰ ਕਾਸੇ ਕੁੱਖ ਵਿਚੋਂ ਜਾਇਆ, ਤੇ ਹੋਰ ਕਾਸੇ ਦੇਸ ਦਾ ਪੁਤਲਾ, ਓਹ ਵੀ ਆਪਣੀ ਪਤਨੀ ਕੋਲੋਂ ਵਧੇਰੇ ਉਛਲਦਾ ਤੇ ਹਿਰਨ ਵਾਂਙ ਭਜਦਾ ਤੈਂਡਾ ਰਾਹ ਮਲ ਖੜੋਤਾ ਏ। ਹਾਂ ਅਜ ਕਾਸੇ ਸੁਨੈਹਰੀ ਰੰਗ-ਢੰਗੇ ਨੇ ਆਵਣਾ ਏ, ਤੇ ਦੋਵਾਂ ਨੂੰ ਘੁਟ ਕੇ ਗਲੇ ਨਾਲ ਲਾਵਣਾ ਏ! ਓ ਇਕ ਪਾਸੇ ਦੋ, ਤੇ ਦੂਜੇ ਪਾਸੇ ਕਲਮਕਲੀ ਜਿੰਦੜੀ, ਇਕ ਪਾਸੇ ਚੰਨ ਤੇ ਸੂਰਜ ਪਰ ਦੂਜੇ ਪਾਸੇ ਨਿਰੋਲ-ਨੂਰ ਦੇ ਅੱਜ ਮੇਲੇ ਨੇ। ਹਾਂ ਅੱਜ ਕੋਈ ਅਣੋਖੀ ਵਿਸਾਖੀ ਏ ਤੇ ਵਣਤ੍ਰਿਣ ਤ੍ਰਿਭਵਣ ਪੱਬਾਂ ਭਾਰ ਖਲੋ ਹੋਏ ਇਸ ਅਣੋਖੇ ਜੋੜ-ਮੇਲ ਦਾ ਸੁਆਗਤ ਕਰਣ ਲਈ ਹਥ ਵਿਚ ਝੰਡੇ ਲੈ ਕੇ ਖੜੋਤੇ ਹੋਏ ਨੇ! ਹਾਂ, ਵੇਖੋ ਨਾ, ਵੇਖੋ ਨਾ, ਓ ਖੰਡਮੰਡਲ ਤੇ ਬ੍ਰਹਮੰਡੋ! ਵੇਖੋ ਓਹ ਪੂਰਬ ਦੀ ਥਾਂ ਅੱਜ ਪੱਛਮ ਵਲੋਂ ਚੜ੍ਹਿਆ ਏ! ਸੂਰਜ ਤੇ ਓਹਨੂੰ ਵੇਹਦਿਆਂ ਸਾਰ ਹੀ ਇਹ ਦੋਵੇਂ ਪਤੀ ਤੇ ਪਤਨੀ ਪੋਹ ਫੁਟਾਲ ਵਾਂਙ ਲਾਲ ਗੁਲਾਲ ਤੇ ਕਾਸੇ ਗੁਲਾਬ ਵਾਂਙ ਖਿੜ ਗਏ ਨੇ! ਓ ਜੀਜਿਆ, ਤੂੰ ਜੁਗ ਜੁਗ ਜੀ, ਕੀ ਤੈਨੂੰ ਇਸ ਲਈ ਜੀਜਾ ਆਂਹਦੇ ਨੇ ਜੁ ਤੂੰ ਇਸ ਆਪਣੇ ਸੁਚੜੇ-ਸਾਲੜੇ ਨੂੰ ਵੇਖ ਕੇ ਲਾਲ ਵਾਂਙ ਭਖਦਾ ਏਂ--ਹਾਂ ਤੂੰ ਭੈਣ-ਮਾਇਆ ਦਾ ਸੁਚਾ ਪਤੀ: ਧਰਮ; ਓਹ ਧਰਮ ਜੁ ਪੰਖ ਲਾ ਕੇ ਏਸ ਸੰਸਾਰ ਤੋਂ ਉਡਰ ਗਿਆ ਸੀ, ਹੁਣ

Sri Satguru Jagjit Singh Ji eLibrary NamdhariElibrary@gmail.com

ਫਿਰ ਮੁੜ ਆਇਆ ਤੇ ਏਸ ਸੁਹਾਵਣੇ ਘਰ ਓ ਪਾਰਸਾ ਤੈਂ ਅਜ ਡੇਰਾ ਆ ਲਾਇਆ? ਵਾਹ ਵਾਹ ਬਾਬੇ ਨੇ ਅਜ ਪੈਂਤਰਾ ਬਦਲਾਇਆ, ਭੈਣ ਤੇ ਭਣਵਈਏ ਦੇ ਘਰ ਆਇਆ!

# ਮੋਦੀਖਾਨੇ ਵਿਚ ਅਦਲੀ ਤਰਕੱੜ!

ਮਾਤਾ-ਪਿਤਾ ਦੀ ਤੀਬਰ ਇਛਾ ਤਾੜ ਕੇ, ਓ ਬਾਬਾ, ਤੂੰ ਸਚ ਮੁਚ ਆਖਰ ਆਪਣੇ ਉਚੜੇ ਤੇ ਸੁਚੜੇ ਟਿੱਬੇ ਤੇ ਆ ਹੀ ਬੈਠਾ! ਹਾਂ ਅੱਜ, ਮੇਰੇ ਬਾਬਾ ਤੂੰ ਮੋਦੀ-ਖਾਨੇ ਦਾ ਇਨਚਾਰਜ ਏਂ, ਧਨ ਮਾਲ ਸਰਕਾਰ ਦਾ, ਧੁਰ ਸ਼ਰਕਾਰ ਦਾ, ਪਰ ਓਸ ਦਾ ਦਫੇਦਾਰ, ਓਸ ਦਾ ਵੰਡਦਾਰ, ਓਸ ਦਾ ਵੇਲ ਦਾਰ ਤੂੰ, ਮੇਰਾ ਸੋਹਣਾ ਬਾਬਾ! ਤੂੰ ਭਰ ਭਰ ਕੇ ਛਾਬੇ ਪਾਂਵਦਾ ਏ, ਤੇ ਸਵਾਏ-ਗੱਫੇ ਤੋਲਦਾ ਏਂ। ਜੋ ਕੋਈ ਆਂਵਦਾ ਏ ਓਹ ਨੂੰ ਖਿੜੇ ਮਥੇ ਬੋਲਦਾ ਏਂ, ਓਹਨੂੰ ਸਵਾਈ ਚੀਜ਼ ਦੇ ਕੇ ਚਾ ਟੋਰਦਾ ਏਂ, ਇਹ ਹਭ ਕੋਈ ਨੂੰ ਰਜਾਂਵਦਾ, ਤੇ ਓਹੋ ਖਰੀਦਾਰ ਫਿਰ ਤੈਂ ਕੋਲ ਮੁੜ ਮੁੜ ਭਜੇ ਆਂਵਦਾ, ਤੇ ਕਿਸੇ ਦਾ ਇਸ 'ਹਟੜੀ' ਤੋ ਉਠਣ ਦਾ ਵੀ ਜੀ ਨਹੀਂ ਕਰਦਾ! ਭਲਾ ਕਦੀ ਮਾਖਿਓਂ ਦੀਆਂ ਮੱਖੀਆਂ ਵੀ ਫੁਲਾਂ ਤੋਂ ਉਠੀਆਂ, ਫਿਰ ਜੇ ਕਿਧਰੇ ਮਾਖਿਓਂ ਆਪ ਡੁਲ੍ਹਿਆ ਹੋਵੇ ਤਾਂ ਤੇ ਫਿਰ ਹੋਰ ਚਾਹੀਦਾ ਹੀ ਕੀ ਏ। ਜੋ ਕੋਈ ਆਂਵਦਾ ਏ ਝੋਲੀਆਂ ਭਰ ਭਰ ਕੇ ਲੈ ਜਾਂਵਦਾ ਏ। ਖਰੀਦਾਰ, ਪ੍ਰਚੂਣੀਆਂ,

ਵਣਜਾਰਿਆਂ ਤੇ ਅਹਿਲਕਾਰਾਂ ਦੀ ਭਰਮਾਰ ਲਗੀ ਹੋਈ ਲਾਈਨ ਡੋਰੀਆਂ ਲਾ ਲਾ ਕੇ ਲੋਗ ਬੈਠੇ ਹੋਏ ਨੇ, ਬੂਹੇ ਮੱਲੇ ਹੋਏ ਨੇ, ਪਰ ਅਣਥਕ-ਬਾਬਾ ਛਾਬੇ ਭਰ ਭਰ ਕੇ ਪਾਈ ਜਾਂਦਾ ਏ, ਓਹ ਆਪਣੇ ਪਵਿਤਰ-ਹੱਥ ਨਾਲ ਆਪ ਤੋਲਦਾ ਏ। ਓਸ ਦੀ ਤੋਲ ਹੁਣ ਕੋਈ ਅਜੇਹੀ ਫਬੀ ਤੇ ਸਿਖਰ ਚੜ੍ਹੀ ਏ ਜੇ ਇਕ ਵਾਰੀ ਹੀ ਪੂਰਾ ਤੋਲ ਤੋਲੀਂਦਾ ਏ, ਵਧ ਘਟ ਕਰਣ ਦੀ ਲੋੜ ਨਹੀਂ, ਤੇ ਗਾਹਕ ਵੀ ਵੇਖਦੇ ਨੇ, ਜੁ ਛਾਬੇ ਦੀ ਸਿਰੀ ਉਹਨਾਂ ਵਲ ਹੀ ਉੜੀ ਹੋਈ ਏ–– ਇਸ ਕਰਕੇ ਕਿਸੇ ਨੂੰ ਗਿਲ੍ਹਾ ਨਹੀਂ ਗਿਲੋਚ ਨਹੀਂ, ਕੋਈ ਧਾਰਨ ਵਲ ਤਾਂ ਤਕਦਾ ਹੀ ਨਹੀਂ, ਤੱਕੇ ਤਾਂ ਕੋਈ ਤਦ ਜੇ ਓਹ ਨੂੰ ਕੋਈ ਸ਼ਕ ਸ਼ੁਬ੍ਹਾ ਜਾਂ ਘਾਟੇ ਦੀ ਖ਼ੁੜਕ ਹੋਵੇ! ਇਉਂ ਬਾਬੇ ਦਾ ਛਾਬਾ ਸੁਦਰਸ਼ਨ ਚੱਕ੍ਰ ਵਾਂਙ ਨਿਤ ਨਿਤ ਚਲਦਾ ਏ, ਨਾ ਬਾਬਾ ਥੱਕਦਾ ਏ ਨਾ ਅੱਕਦਾ, ਨਾ ਇਸ ਮਿਠ-ਬੋਲੜੇ ਦੇ ਗਾਹਕ ਅੱਕਦੇ ਨੇ! ਏਹ ਬਾਬਾ, ਇਕ ਹੋਰ ਪ੍ਰਕਾਰ ਦਾ ਜਾਦੂਗਰ ਵੀ ਏ। ਇਹ ਇਕ, ਦੋ, ਤਿੰਨ ਚਾਰ...... ਪੰਜ, ਦਸ, ਵੀਹ ਤੀਹ..... ਵੀ ਨਹੀਂ ਜਾਣਦਾ, ਇਹ ਤਾਂ 'ਤੇਰਾ ਹੀ ਤੇਰਾ' ਜਾਣਦਾ ਏ, ਪਰ ਫਿਰ ਹੈਰਾਨਗੀ ਦੀ ਕੀ ਗੱਲ ਜੇ ਹਥ ਅਟਕਲ ਪਚੂ ਪੂਰੇ ਮਾਪ ਮਾਪਦੇ ਤੇ ਤਰਕੜ ਧਰਮ ਦਾ ਤੋਲ ਤੋਲਦੇ! ਲੋਕੀ ਜਾ ਕੇ ਧੁਰ ਸਰਕਾਰੇ ਰੀਪੋਟਾਂ ਕਰਦੇ ਨੇ। ਹਾਂ ਦਾਲ ਵਿਚ ਕੋਈ ਕੋਰੜੂ ਮੋਠ ਵੀ ਹੋਇਆ ਕਰਦੇ ਨੇ। ਪਰ ਫਿਰ ਨਾ ਮੋਦੀ ਖਾਨੇ ਵਿਚ ਤਿਲ ਜਿਡਾ ਘਾਟਾ ਤੇ ਨਾ ਵਾਧਾ! ਓ ਨਿਰੰਕਾਰੀ-ਮੋਦੀਆ, ਧੰਨ ਤੇਂਡੀਆ ਸਵਾਈਆਂ ਤੋਲਾਂ, ਤੂੰ ਘਾਟਾ ਪਾਣ ਨੂੰ ਵੀ ਏਸੇ

ਛਾਬੇ ਨਾਲ ਤੋਲਨਾ ਏਂ । ਵਾਹ ਵਾਹ ਬਾਬਾ ਬਿਬੇਕ-ਛਾਬੇ ਹੁਣ ਤੋਲ ਤੋਲ ਕੇ ਵੰਡਣ ਲਗਾ !!

# ਵੇਂਈ ਨਦੀ ਵਿਚ ਨ੍ਹਾ ਕੇ

## ਬਾਬਾ ਬਾਹਰ ਨਹੀਂ ਨਿਕਲਿਆ !

ਅਜ ਪਤਾ ਨਹੀਂ ਕੇਹੜੀ ਘੁਮਣ ਘੇਰੀ, ਮੇਰੇ ਬਾਬੇ ਦੇ ਸਿਰ ਤੇ ਸਵਾਰ ਏ, ਤੂੰ ਅਜ ਭੱਜਾ ਭੱਜਾ ਕੋਲ-ਵਗਦੀ ਨਦੀ 'ਵੇਂਈ' ਤੇ ਜਾ ਬੈਠਾ ਏ ! ਓ ਮੇਰੇ ਪਿਆਰਿਆ, ਮੇਰੀ ਅੱਖ ਦਿਆ ਤਾਰਿਆ, ਪ੍ਰਭਾਤੇ ਤੂੰ ਓਧਰ ਗਇਓਂ ਤਦ ਦੀਆਂ ਇਹ ਸੂਰਜ-ਮੁਖੀ ਅਖਾਂ ਓਸ ਵੇਂਈ ਵਾਲੇ ਸੂਰਜ ਵਲ ਲਗੀਆਂ ਹੋਈਆਂ ਨੇ । ਲੋਕੀ ਆਪਣੇ ਪਰਨੇ ਤੇ ਲੰਗੋਟੇ, ਧੋਤੀਆਂ ਤੇ ਕੱਛੇ ਲੈ ਕੇ ਮੁੜ ਵੀ ਆਏ ਨੇ, ਪਰ ਹੇ ਮੇਰੇ ਅੱਖ ਦਿਆ ਤਾਰਿਆ, ਤੂੰ ਅਜੇ ਤਕ ਉਥੇ ਹੀ ਵਾਹ ! ਵਾਹ ! ਦੇ ਡੂੰਘੇ ਪਾਣੀਆਂ ਵਿਚ ਸਮਾਧੀ ਲਾਈ ਲੁਕਿਆ ਬੈਠਾ ਏਂ--ਤੈਨੂੰ ਵੇਖੇ ਤਾਂ ਕੌਣ ਵੇਖੇ, ਤੈਨੂੰ ਲਭੇ ਤਾਂ ਕੌਣ ਲਭੇ, ਤੂੰ ਉਤੇ ਕਿਧਰੇ ਨਹੀਂ, ਨਹੀਂ ਤਾਂ ਮੈਂ ਵੀ ਇੱਲ ਬਣ ਕੇ ਤੈਨੂੰ ਆਪਣਿਆਂ ਪੈਰਾਂ ਵਿਚ ਝਪਟ ਲਿਆਂਵਾਂ, ਤੂੰ ਕੋਈ ਕੰਢੇ ਉਪਰ ਨਹੀਂ, ਨਹੀਂ ਤਾਂ ਮੈਂ ਵੀ ਬਗਲਾ ਭਗਤ ਬਣ ਕੇ ਤੈਨੂੰ ਹੜੱਪ ਕਰ ਜਾਵਾਂ, ਤੂੰ ਕੋਈ ਮੱਛੀ ਨਹੀਂ ਜੋ ਮੈਂ ਤੈਨੂੰ ਮਗਰਮਛ ਬਣ ਕੇ ਢੂੰਡ ਕੱਢਾਂ ਤੇ ਫਿਰ ਆਪਣੇ ਸੀਨੇ ਵਿਚ ਚਾ ਬਿਠਾਵਾਂ ! ਤੇ ਹੇ ਵੇਂਈ, ਅਜ

ਪਤਾ ਨਹੀਂ ਤੈਨੂੰ ਕੀ ਸੁਰਖਾਬ ਲਗੇ ਨੇ, ਤੂੰ ਮੇਰੇ ਨੇੜੇ ਨਹੀਂ ਆਂਵਦੀ, ਤੇ ਨਾਂ ਹੀ ਤੂੰ ਦਿਸਦੀ, ਕਾਸ਼ੇ ਛੁਣ ਛੁਣ ਕਰਦੀ ਅਪੱਛਰਾਂ ਵਾਂਙ ਦੂਹੋਂ ਹੀ ਆਪਣੀਆਂ ਝਾਂਝਰਾਂ ਛਣਕਾਂਵਦੀ, ਪਰ ਇਹਨਾਂ ਤਰਸਦੀਆਂ-ਅਖਾਂ ਤੋਂ ਤ੍ਰਿਲਕ ਤ੍ਰਿਲਕ ਪੈਂਦੀ। ਨੀ ਵੰਨ ਸੁਵੰਨੀਏ ਨਾਟੇ, ਤੂੰ ਕੋਈ ਮੋਹਣੀ ਏ, ਤੈਂ ਅਜ ਮੇਰਾ ਲਾਲਣ ਆਪਣੇ ਭੂਣੇ ਨਾਲ ਖੋਹ ਲਿਆ, ਖੱਸ ਲਿਆ, ਤੈਂ ਮੇਰਾ ਅੱਖ ਦਾ ਤਾਰਾ ਆਪਣੀਆਂ ਸੰਘਣੀਆਂ ਜ਼ੁਲਫ-ਬਦਲਾਂ ਵਿਚ ਲੁਕਾ ਲਿਆ! ਓ ਤਪਾਈ-ਕੱਸੀਏ, ਜੇ ਤੂੰ ਆਪਣੇ ਮਿਤ ਵਿਚ ਹੋਂਦੀ ਤਾਂ ਮੈਂ ਤੈਨੂੰ ਨੇਜੇ ਨਾਲ ਮਿਣਦਾ ਤੇ ਫਰੋਲਦਾ, ਪਰ ਅੱਜ ਤੇਰੇ ਕੱੜ ਪਾਟੇ ਹੋਏ ਨੇ, ਤੇ ਤੇਰਾ ਪੇਟ ਉਫਰ ਕੇ ਸਿੰਧ-ਸਾਗਰ ਨੂੰ ਵੀ ਆਪਣੇ ਵਿਚ ਸਮਾਈ ਬੈਠਾ ਏ! ਓ ਵਗਦੀਏ ਵੈਹਿੰਦੀਏ ਵੇਂਈਏਂ, ਤੈਨੂੰ ਕੀ ਇਸੇ ਕਰਕੇ ਹੀ 'ਵੇਂਈ' ਆਂਹਦੇ ਨੇ ਜੇ ਤੂੰ ਸਦਾ ਸਦਾ ਠੁਮਕ ਠੁਮਕ ਕੇ ਅਗੇ ਹੀ ਵੈਨੀ ਏਂ--ਹਾਂ ਜੀਕਣ ਤੂੰ ਸਦਾ ਵਧਦੀ ਸਰਿਤਾ ਤੀਕਣ ਹੀ ਮੈਂਡਾ ਨੂਰੀ-ਬਾਬਾ, ਤੂੰ ਕਾਲ-ਜਾਈ ਕਾਲ-ਵਿਆਹੀ, ਪਰ ਤੈਂ ਵਿਚ; ਹਾਂ ਅਜ ਤੈਂ ਵਿਚ ਮੇਰੀ ਅਕਾਲ-ਨੂਰ ਟਿੱਕੀ ਆ ਸਮਾਈ! ਓ ਕਾਲ-ਕੱਖੀਏ, ਅੱਜ ਤੈਂ ਵਿਚ ਆ ਵੜਿਆ ਮੈਂਡਾ ਕਾਹਨ, ਮੈਂਡਾ ਬਾਵਨ ਮੈਂਡਾ ਨਿਰੰਕਾਰੀ-ਨੂਰ! ਵਾਹ ਵਾਹ ਅਜ ਕਾਲ-ਨਦੀ ਦੀ ਤੈਹ ਵਿਚ ਵੜ ਬੈਠਾ ਮੇਰਾ ਅਕਾਲੀ-ਕਛੂਆ, ਜਗ-ਕਛਣ ਵਾਲਾ ਮਛੂਆ--ਇਸ ਕਾਲੀ-ਕੋਠੀ ਵਿਚ ਚਿਟਾ ਚੌਦਵੀਂ ਦਾ ਚੰਨ!

---

# ਵੇਂਈ ਨਦੀ ਵਿਚੋਂ ਮੁੜ ਆਇਆ

ੳ ਨੂਰਾ, ੳਇ ਕੋਹਿ-ਤੂਰਾ, ਤੂੰ ਸਿਫਤ-ਸਲਾਹ ਵਾਹ ਵਾਹ ! ਰੂਪ ਵੇਂਈ-ਨਦੀ ਵਿਚ ਡੂੰਘੀ ਡੁਬਕੀ ਜੇ ਮਾਰੀ ਏ, ਤਾਂ ਫਿਰ ਇਸ ਸੰਸਾਰ ਦਾ ਰਾਖਾ ਕੌਣ ? ੳ ਚੰਨਾ, ਜੇ ਤੂੰ ਸਦਾ ਲਈ ਅਖੋਂ ਓਹਲੇ ਹੋ ਗਿਆ ਤਾਂ ਇਸ ਅਮੱਸਿਆ ਗ੍ਰਸੀ ਧਰਤੀ ਦਾ ਵਾਲੀ-ਵਾਰਸ ਕੌਣ ? ੳ ਚੰਨਾ, ੳ ਸੂਰਜਾ, ਕੀ ਕਦੇ ਲੰਮੇ ਚੌਨ ਗ੍ਰੈਹਣ ਤੇ ਸੂਰਜ ਗ੍ਰੈਹਣ ਵੀ ਲੋਕਾਂ ਨੂੰ ਚੰਗੇ ਲਗੇ-- ਗ੍ਰੈਹਣ ਆਏ ਗਏ, ਸੁਤਿਆਂ ਨੂੰ ਜਗਾ, ਭੁਲਿਆਂ ਨੂੰ ਰਾਹ ਪਾ ਕੇ, ਤੇ ਭਟਕਿਆਂ ਨੂੰ ਰਤਾ ਕੁ ਹੋਰ ਭਟਕਾ ਕੇ ਗ੍ਰੈਹਣ ਹਟ ਜਾਇਆ ਕਰਦੇ ਨੇ ! ਤੀਕਣ ਹੀ, ੳ ਮੇਰਿਆ ਚੰਨਾ, ਤੂੰ ਪ੍ਰਗਟ ਹੋ, ਇਸ ਵੇਂਈ ਵਿਚ ਫੇਰ ਮੁੜ ਆ. ਹਾਂ ਤੇਰੇ ਸੁਹਾਵਣੇ ਮੁਖੜੇ ਨੂੰ ਮੁੜ ਤੱਕਣ ਲਈ ਸਾਰੀ ਸ੍ਰਿਸ਼ਟੀ ਪਈ ਤਰਸਦੀ ਆ ! ਤੇ ਸਾਰਿਆਂ ਤੋਂ ਵੱਧ ਤਰਸਦੀ ਆ, ਕੌਣ ? ਤੇਰੀ ਭੈਣ, ਜੋ ਤੈਨੂੰ ਆਪਣਾ ਪ੍ਰਾਹੁਣਾ ਬਣਾ ਕੇ ਆਪਣੇ ਘਰ ਚਾ ਲੈ ਆਈ ਊ, ਉਸ ਵੀ ਤਾਂ ਆਪਣੇ ਮਾਪਿਆਂ ਨੂੰ ਹਿਸਾਬ ਦੇਣਾ ਏਂ, ਓਸ ਦੀ ਜਿੰਦੜੀ ਇੰਝ ਤਰਬਕਦੀ ਏ, ਜੀਕਣ ਆਪਣੇ ਚੂਚਿਆਂ ਨੂੰ ਇੱਲਾਂ ਦੇ ਪੰਜੇ ਵ੍ਹਿਚ ਪੈਂਦਾ ਵੇਖ ਕੇ ਕੁਕੜੀ ਤੜਫਦੀ ਤੇ ਤਰੱਪ ਤਰੱਪ ਕੇ ਮਰਦੀ ਏ ! ੳ ਮੇਰਿਆ ਚੰਨਾ, ੳ ਵਡ-ਬੇਬੇ, ਵਡ-ਭੈਣ ਨਾਨਕੀ ਦਿਆ ਚੰਨਾ, ਮੁੜ ਆ, ਮੁੜ ਆ, ਮੁੜ ਆ--ਇਸ ਆਵਾਜ਼ ਦੀ ਗੂੰਜ ਅਰਸ਼ ਫ਼ਰਸ਼ ਵਿਚ ਅਜ ਤਕ ਸਮਾਈ ਹੋਈ ਏ---ੳ ਸੋਲਾਂ ਕਲਾ ਸੰਪੂਰਨ

Sri Satguru Jagjit Singh Ji eLibrary NamdhariElibrary@gmail.com

ਚੰਨਾਂ ਮੁੜ ਆ, ਮੁੜ ਆ, ਮੁੜ ਆ! ਤੈਂਡੀ ਉਦਾਸੀ ਤੇ ਫੇਰੀ ਲਈ ਪੂਰਬ ਪੱਛਮ ਉਤਰ ਦਖਨ ਸਭ ਜੁਗਾਂ ਜੁਗਾਂਤਰਾਂ ਦੇ ਤ੍ਰਿਆਹੇ ਨੇ, ਕੀ ਤੂੰ ਓਹਨਾਂ ਤਪਿਆਂ ਨੂੰ ਨਹੀਂ ਠਾਰੇਂਗਾ! ਤੇ ਏਹ ਖੰਡ ਮੰਡਲ ਤੇ ਬ੍ਰਹਮੰਡ ਤੈਂਡੀ ਜੋਤ ਬਿਨਾਂ ਸੁਨੇ ਨੇ, ਤੇ ਇਹ ਗਗਨ ਵੀ ਆਪਣੀ ਭੈਣ ਧਰਤੀ ਤੋਂ ਪੁਛਣ ਲਈ ਹੇਠਾਂ ਫ਼ਰਸ਼ ਤੇ ਆਇਆ ਏ । ਅੱਜ ਇਸ ਧਰਤੀ ਤੇ ਇਸ ਸ੍ਰਿਸ਼ਟੀ ਤੇ ਕੀ ਕੁਰਲਾਟ ਏ! ਓ ਡੁਬੇ ਲੁਕੇ ਹੋਏ ਚੰਨਾ, ਓ ਸੂਰਜਾ, ਓ ਨੂਰਾ, ਜਗ-ਨੂਰਾ, ਇਸ ਤਿਹਾਈ, ਤਿਖਾਈ, ਤੀਬਰ-ਤਾਈ ਧਰਤੀ ਤੇ ਆਪਣੀ ਸੁੰਦਰ, ਸੂਰਜ-ਟਿਕੀ ਫਿਰ ਆ ਦਿਖਾ!.........ਇਸ ਵਿਰਲਾਪ, ਇਸ ਕੁਰਲਾਟ, ਇਸ ਘੱਟ ਘੱਟ ਦੀ ਸਾਂਝੀ ਤੜਫਾਟ ਨੂੰ ਸੁਣ ਕੇ ਓ ਸੋਹਣਿਆ, ਤੂੰ ਤੀਜੇ ਦਿਨ ਇਉਂ ਮੁੜ ਆਇਆ ਜੀਕਣ ਈਸਾ-ਮਸੀਹ ਕਬਰ ਤੋੜ ਕੇ ਮੁੜ ਆਇਆ ਸੀ--ਹਾਂ ਵਗਦੀ-ਵੈਂਈ ਨੇ ਮੋੜ ਦਿਤਾ ਮੈਂਡਾ ਲਾਲ, ਮੈਂਡਾ ਬਾਲ ਗੁਪਾਲ, ਮਾਤ ਯਸੋਧਾ ਹਥ ਵਿਚ ਆਇਆ ਗਵਾਚਾ ਹੋਇਆ ਇਹ ਨਵਾਂ ਕ੍ਰਿਸ਼ਨ! ਵਾਹ ਵਾਹ ਵੈਂਈ-ਮਛੀ ਨੇ ਮੁੜ ਚਾ ਉਗਲਿਆ ਮੈਂਡਾ ਗਵਾਚਾ ਰਤਨ : ਕੋਹਿਨੂਰ-ਮਖ਼ਮੂਰ!

— ——

Sri Satguru Jagjit Singh Ji eLibrary NamdhariElibrary@gmail.com

# ਭਾਈ ਲਾਲੋ ਤੇ ਕੋਧਰੇ ਦੀ ਰੋਟੀ

ਓ ਲਾਲ ਵੇਚਣ ਵਾਲਿਆ ਵਣਜਾਰਿਆ, ਤੈਂਡਾ ਪੈਹਲਾ ਗਾਹਕ ਲਾਲ-ਪ੍ਰਖਣ ਵਾਲਾ 'ਲਾਲੋ'। ਹਾਂ ਕੱਚ ਨੂੰ ਕੱਚ ਪਿਆਰਾ ਏ, ਹੀਰੇ ਨੂੰ ਹੀਰਾ ਤੇ ਲਾਲਾਂ ਨੂੰ ਲਾਲ! ਓ ਸੁਭਾਗੀ ਲਾਲੋ, ਤੈਂ ਅਤੇ ਤੈਂਡੇ ਲਾਲਣ ਵਿਚ ਕੋਈ ਅਣੋਖੀ ਗੰਢ ਏ, ਤੂੰ ਜੁਗਾਂ ਜੁਗਾਂ ਤੇ ਇਸ ਗਵਾਚੇ ਲਾਲ ਨੂੰ ਲੱਭੇਂ, ਤੇ ਤੈਂਡਾ ਲਾਲਣ ਵੇਈਂ ਨਦੀ ਵਿਚੋਂ ਸਿਰੋੜੀ ਕੱਢ ਕੇ ਆਖੇ ਭ੍ਰਾਤ! ਓ ਪ੍ਰੀਤ ਤਣਾਵੇ, ਤੁਸੀਂ ਕੇਹੀਆਂ ਪਬਲ ਹੋ, ਇਕ ਤੁਣਕੇ ਨੇ ਇਸ ਕੋਹਿਨੂਰ ਨੂੰ ਖਿੱਚ ਕੇ ਤਲਵੰਡੀਓਂ ਸੁਲਤਾਨ ਪਰ ਲੈ ਆਂਦਾ। ਦੂਜੇ ਤੁਣਕੇ ਨੇ ਇਸ ਨੂੰ ਹੋਰ ਜਗਤ-ਫੇਰੀ ਵਲ ਚਾ ਪਾਇਆ! ਪਰ ਇਸ ਜਗਤ-ਫੇਰੀ ਦੀ ਦਲ੍ਹੀਜ ਤੂੰ, ਓ ਲਾਲੋ-ਗੁਲ-ਲਾਲੋ ਇਸ ਨੂਰ ਨੂੰ ਕਾਸੇ ਖੁੰਦਰ ਤੋਂ ਖਿਚ ਕੇ ਬਾਹਰ ਲੈ ਆਵਣ ਦਾ ਸਿਹਰਾ ਤੈਂਡੇ ਸਿਰ ਤੇ! ਓ ਲਾਲੋ, ਤੈਨੂੰ ਲੋਗ ਬੜ੍ਹਈ ਆਂਹਦੇ ਨੇ, ਦਸਾਂ ਨਹੁੰਆਂ ਦੀ ਕਮਾਈ ਤੂੰ ਕਰੇਂ, ਤੂੰ ਆਂਦੇ ਜਾਂਦੇ ਨੂੰ ਰੋਟੀ ਖਿਲਾਏਂ, ਤੇ ਹੋਰਾਂ ਨੂੰ ਖਿਲਾ ਕੇ ਆਪ ਖੁਸ਼ ਹੋਵੇਂ! ਤੇਰੇ ਕੋਧਰੇ ਦੀ ਰੋਟੀ ਵਿਚ ਕੋਈ ਰੱਸ ਏ, ਕੋਈ ਸਵਾਦ ਏ, ਕੋਈ ਖਿਚ ਏ, ਪਰ ਤੈਂਡਾ ਗਵਾਂਡੀ ਅੱਜ ਮਾਹਲ ਪੂੜੇ ਤੇ ਹਲਵਾ ਬਣਾਈ ਬੈਠਾ ਹੈ। ਓਸ ਨੇ ਅੱਜ ਬ੍ਰਹਮ ਭੋਜ ਰਚਿਆ ਏ। ਓਸ ਦੀ ਦਸਤਰਖਾਨ ਤੇ ਅਜ ਸਾਰੀ ਸਿਰ-ਕਢ ਜਨਤਾ ਨੇ ਆਵਣਾ ਏ, ਅਜ ਗਲੀਆਂ ਵਿਚ ਝੰਡੀਆਂ ਲਗੀਆਂ

ਹੋਈਆਂ ਨੇ, ਤੇ ਰਾਹ ਵਿਚ ਫੂਲਦਾਨ ਤੇ ਇਤਰਦਾਨ ਛਿਟਕੇ ਹੋਏ ਨੇ। ਚੂੰਕਿ ਮੈਂਡੇ ਲਾਲਨ ਨੇ ਵੀ ਇਸ ਪਿੰਡ ਫੇਰੀ ਪਾਣੀ ਏ ਏਹ ਓਸ ਦੀ ਫੇਰੀ ਵਿਚ ਪਹਿਲਾ ਪੜਾਂ ਏ—ਪਤਾ ਨਹੀਂ ਇਸ-ਘਰ ਕਿ ਓਸ-ਘਰ ਓਸ ਨੇ ਡੇਰੇ ਜਾ ਲਾਵਣੇ ਨੇ! ਹਾਂ ਇਕ ਪਾਸੇ ਕੋਈ ਰਾਜਾ ਭੋਜ ਏ ਤੇ ਦੂਜੇ ਪਾਸੇ ਕੋਈ ਗਾਂਗਾ-ਤੇਲੀ ਏ, ਪਰ ਇਸ ਤੇਲੀ ਦੇ ਛਿਲਾਂ ਵਿਚ ਕੋਈ ਅਣੋਖੀ ਖੁਸ਼ਬੋ ਏ, ਕੋਈ ਨੂਰਾਨੀ-ਭਾ ਏ, ਕੋਈ ਅਣੋਖੀ ਲਿਸ਼ਕ ਏ। ਪਰ, ਸਚ ਏ ਓਹੋ ਰਾਣੀ ਜੋ ਖਸਮੇ ਭਾਣੀ। ਪਤਾ ਨਹੀਂ ਓਸ ਲਾਲਨ ਨੂੰ ਏਹ ਯਾ ਔਹ ਮਨ-ਭਾਣੀ ਭਾਸੇਗੀ? ਹਾਂ, ਸਾਰੇ ਰਾਹ ਮਲ ਕੇ ਖੜੋਤੇ ਹੋਏ ਇਸ ਗਲ ਨੂੰ ਝਾੜ ਰਹੇ ਨੇ———ਪਤਾ ਨਹੀਂ ਤੂੰ ਕੇਹੜੇ ਰਾਹੀਂ ਆਇਆ, ਓ ਬਾਬਾ, ਤੂੰ ਮਲਕੜੇ ਹੀ ਕੱਖਾਂ-ਦੀ-ਕੁਲੀ ਵਿਚ ਜਾ ਬੈਠਾ, ਓਥੇ ਸੁਨੈਹਰੀ ਸਿੰਘਾਸਨ ਛਡ ਕੇ ਤੇ ਮੂੜੇ, ਟੁਟੇ ਹੋਏ ਮੂੜ੍ਹੇ ਨੂੰ ਮੱਲ ਬੈਠਾ! ਓ ਹਿਰਦੇ ਤੋਲਣ ਵਾਲਿਆ ਜਾਦੂ-ਤਰੱਕੜਾ, ਤੈਨੂੰ ਇਸ ਚੋਣ ਵਿਚ ਕੋਈ ਖੇਚਲ ਨਹੀਂ ਹੋਈ। ਕੋਈ ਢਿਲ ਨਹੀਂ ਹੋਈ ਕੋਈ ਘਬਰਾਹਟ ਨਹੀਂ ਹੋਈ——ਜੀਕਣ ਸਹਜ-ਸੁਭਾ ਚੁੰਬਕ-ਪੱਥਰ ਵਲ ਸੂਈ ਖਿਚੀ ਹੋਈ ਚਲੀ ਜਾਂਦੀ ਏ, ਤੀਕਣ ਤੂੰ ਧੌਲੱਰ ਛੱਡ ਕੇ ਕੱਖਾਂ ਦੀ ਕੁਲੀ ਵਿਚ ਜਾ ਮਿਲਿਆ! ਤੇ ਜਾਵੇਂ ਵੀ ਤੂੰ ਨਾ ਕੀਕਣ? ਜਦ ਓਹਨਾਂ ਮਾਲ੍ਹ-ਪੂੜਿਆ ਵਿਚ ਲੋਗਾਂ ਦੀ ਚੂਸੀ ਹੋਈ ਰਤੀ-ਰੱਤ ਸੀ, ਤੇ ਕੋਧਰੇ ਦੀ ਰੋਟੀ ਵਿਚ ਦਸਾਂ ਨਹੁੰਆਂ ਦੀ ਬਰਕਤ ਸੀ। ਵਾਹ ਵਾਹ ਮਾਯਾ ਪ੍ਰਸਤੀ ਨੂੰ ਕੁਚਲ ਕੇ, ਠੁਡਾ ਮਾਰ ਕੇ ਗਰੀਬੀ ਭਾਵ ਨੂੰ ਉਚਾ ਕਰਨ ਵਾਲਿਆ ਤੂੰ ਧੰਨ ਏਂ!

# ਬਾਬਰ-ਵਾਣੀ

## ਆਵਨ ਅਠੱਤਰੇ ਜਾਨ ਸਤਾਨਵੇਂ ਦੀ ਰਮਜ਼

ਓਹਨਾਂ ਹੀ ਦਿਨਾਂ ਵਿਚ ਓ ਬਾਬਾ, ਜਦ ਤੂੰ ਲਾਲੋ ਨਾਲ ਗਲ ਲਗ ਕੇ ਓਹ ਨੂੰ ਨਿਹਾਲ ਕਰ ਰਿਹਾ ਸੈਂ, ਤਦ ਦੂਜੇ ਪਾਸੇ ਇਸ ਪੰਜਾਂ ਦਰਿਆਂਵਾਂ ਦੀਆਂ ਪਵਿਤਰ ਨਦੀਆਂ ਵਿਚ ਜਲ ਦੀ ਥਾਂ ਲਹੂ ਵੱਗ ਠਾਠਾਂ ਮਾਰਦਾ ਭਜ ਰਿਹਾ ਸੀ। ਕਈ ਥਾਵਾਂ ਤੇ ਇਕ ਬਾਦਸ਼ਾਹ ਦੀ ਦੂਜੇ ਨਾਲ ਲੜਾਈ ਹੋ ਚੁਕੀ ਸੀ, ਤੇ ਇਸ ਗਰਮ ਬਾਜ਼ਾਰੀ ਤੇ ਭਾਜੜ ਵਿਚ ਕਈ ਹਿੰਦਵਾਣੀਆਂ ਤੇ ਠਕਰਾਣੀਆਂ ਜ਼ੁਲਮ ਦਾ ਸ਼ਿਕਾਰ ਹੋ ਕੇ ਆਪਣੀ ਜ਼ਾਤ ਪਤ ਤੇ ਆਬਰੂ ਨੂੰ ਖੁਹਾ ਬੈਠੀਆਂ ਸਨ ! ਓ ਬਾਬਾ, ਜਿਨ੍ਹਾਂ ਸੁੰਦਰੀਆਂ ਦੇ ਸਿਰ ਤੇ ਕਦੀ ਗੁੰਦੀਆਂ ਹੋਈਆਂ ਪੱਟੀਆਂ ਤੇ ਵਿਚ ਮਾਂਗੀ ਪਿਆ ਸੰਧੂਰ ਸੀ, ਓਹਨਾਂ ਨੂੰ ਹੁਣ ਜ਼ਾਲਮਾ ਨੇ ਭੇਡ ਦੀ ਜੱਤ ਵਾਂਙ ਚਾ ਕਤਰਿਆ ਸੀ ਤੇ ਸਿਰ ਮੁੰਨ ਢਕੀਓ ਬੁਨ੍ਹ ਉਤਾਰਿਆ ਸੀ। ਓਹ ਨਾਜ਼ਨੀਨਾਂ, ਕੋਮਲ ਕੂੰਜਾਂ ਜਿਹੜੀਆਂ ਹੱਥ ਲਾਇਆਂ ਮੈਲੀਆਂ ਹੁੰਦੀਆਂ ਸਨ, ਜੋ ਗਿਰੀ ਛੁਹਾਰੇ ਖਾਂਦੀਆਂ ਤੇ ਗਲਾਂ ਵਿਚ ਮੋਤ ਸਰੀਆਂ ਦੀਆਂ ਮਾਲ਼ਾ ਲਟਕਾਈ ਬੈਠੀਆਂ ਸਨ, ਹੁਣ ਅਥਰੂਆਂ ਦੇ ਹਾਰ ਪਾ ਕੇ ਘਰੋਂ ਬੇ-ਘਰ ਹੋ ਰਹੀਆਂ ਸਨ। ਮੁੰਡੇ ਰੋਂਦੇ ਸਨ ਤੇ ਕੁਰਲਾਂਦੇ ਸਨ, ਪਤੀ ਤੋਂ ਪਤਨੀ

ਵਿਛੜ ਕੇ ਹੁਣ ਚਿੰਤਾ-ਚਿਖਾ ਤੇ ਸਵਾਰ ਸੀ ਤੇ ਪਤ ਦੀ ਥਾਂ ਬੇ-ਪਤੀ ਦਾ ਬਾਜ਼ਾਰ ਗਰਮ ਸੀ । ਓ ਭਾਰਤ-ਮਾਤਾ, ਸਚ ਮੁਚ ਇਸ ਨਾਜ਼ਕ ਹਾਲਤ ਨੂੰ ਵੇਖਕੇ ਤੈਂ ਖੂਨ-ਦੇ-ਸੋਹਿਲੇ ਗਾਏ, ਤੇ ਓ ਬਾਬਾ, ਜਦ ਤੂੰ ਇਹ ਜੁਗ-ਗਰਦੀ ਵੇਖੀ ਤਾਂ ਤੂੰ ਭਾਰਤ-ਮਾਤਾ ਦਾ ਸੁੱਚਾ ਲਾਲ, ਤਾਂ 'ਘੜੇ ਹੰਝੂਆਂ ਦੇ ਚਾ ਪਲਟਿਓ ਸੂ---' ਤੇਰੇ ਕੀਰਨੇ, ਜਗ ਚੀਰਨੇ, ਕੌਣ ਸੁਣ ਸਕਦਾ ਏ, ਕੌਣ ਸੁਣਾ ਸਕਦਾ ਏ ! ਓ ਭਾਰਤ-ਮਾਤਾ, ਤੂੰ ਨਾ ਰੋ, ਤੂੰ ਨਾ ਢਾਂਈ ਮਾਰ, ਤੂੰ ਨਾਂ ਲੱਤਪੱਤ ਹੋ ਕੇ ਚਿੰਤਾਤਰ ਹੋ, ਤੇਰੀ ਕੁਖ ਵਿਚੋਂ ਨਿਕਲੇਗਾ, ਓ ਮਰਦ-ਕਾ-ਚੇਲਾ, ਜੋ ਪੁੱਠੀ ਗੰਗਾ ਮੁੜ ਵਹਾਏਗਾ, ਜੋ ਆਪਣਾ ਸੂਰਜ ਪੂਰਬ ਦੀ ਥਾਂ ਪਛਮ ਨੂੰ ਫਿਰ ਜਾ ਚਾੜ੍ਹੇਗਾ, ਤੇ ਜੋ ਤੈਨੂੰ ਫਿਰ ਆਪਣੇ ਸਿੰਘਾਸਨ ਤੇ ਜਾ ਬਿਠਾਏਗਾ ! ਹਾਂ ਮਰਦਿ-ਮਰਦਾਨ, ਇਕੋ ਇਕੋ ਜਵਾਨ, ਵਰਿਆਮ ਇਕੇਲਾ ! ਓ ਜਾਬਰ-ਬਾਬਰ, ਕੀ ਤੈਨੂੰ ਪਤਾ ਨਹੀਂ ਜੁ ਇਹ ਭਾਰਤ-ਮਾਤਾ ਸੀਤਾ-ਸਤਵੰਤੀ ਹੈ, ਇਸ ਨੂੰ ਸਤਾਇਆਂ ਇਸ ਦਾ ਲਹੂ ਵਗਾਇਆਂ, ਇਸ ਵਿਚੋਂ ਓਹ 'ਰਕਤ-ਬੀਜ' ਉਠਣ ਗੇ, ਜੋ ਤੈਨੂੰ ਆਪਣੀ ਅੱਗ ਵਿਚ ਲਪੇਟ ਕੇ ਤੈਨੂੰ ਹੀ ਸਾੜਨ ਗੇ ! ਓ ਜਾਬਰਾ, ਬਾਬਰਾ, ਤੂੰ ਸਿਧੇ ਰਸਤੇ ਤੇ ਆ ਜਾਂ, ਨਹੀਂ ਤਾਂ ਤੇਰੀ ਵੀ ਇਟ ਨਾਲ ਇਟ ਖੜਕ ਜਾਏਗੀ, ਤੇ ਭਾਰਤ—ਮਾਤਾ ਦਾ ਕੋਈ ਅਣਖੀਲਾ ਸਪੁਤ, ਤੈਨੂੰ ਤੇਰੀ ਨਸਲ ਨੂੰ ਅੱਗ ਬਗੋਲੇ ਵਾਂਙ ਉਡਾ ਕੇ ਪਰੇ ਲੈ ਜਾਵੇਗਾ—ਆਵਣ ਅਠਤਰੇ ਜਾਨ ਸਤਾਨਵੇਂ ਹੋਰ ਵੀ ਉਠਸੀ ਇਕ ਮਰਦ ਕਾ ਚੇਲਾ । ਵਾਹ ਵਾਹ ਬਾਬੇ ਦਾ ਵਡ—ਬੋਲਾ, ਹਰ ਇਕ ਜੁਗ ਗਰਦੀ ਸਿਆਹ ਗਰਦੀ ਦੇ ਪਿਛੋਂ ਜ਼ਾਲਮਾਂ ਦਾ ਨਾਸ਼ ਤੇ ਸੱਚ

ਦਾ ਪਰਗਾਸ ਹੁੰਦਾ ਹੈ, ਜਿਵੇਂ ੭੮ ਪਿਛੋਂ ੯੭ਮੁੜ ਮੁੜ। ਵਾਹ ਵਾਹ ਮੱਸਿਆ ਪਿਛੋਂ ਫਿਰ ਪੁਨਿਆ।

# ਬਾਬਰ-ਵਾਣੀ (੨)

## (੨)

## ਆਪ-ਟੁਰਦੀ-ਚੱਕੀ

ਓ ਬਾਬਾ, ਤੂੰ ਦੋਰਾਹੇ ਤੇ ਖੜੋਤਾ ਜਾਪਦਾ ਏਂ, ਜਿਥੇ ਵੀ ਮੈਂ ਜਾਵਾ, ਜਦ ਵੀ ਮੈਂ ਉਠ ਕੇ ਖੜੋਵਾਂ ਤੂੰ ਦੋਰਾਹੇ ਤੇ ਖੜੋਤਾ ਹੋਇਆ। ਭਾਰਤ ਦਾ ਕਾਲਾ ਭੂਤ ਦੇਖ ਕੇ ਰੋਂਦਾ ਤੇ ਆਵਣ ਵਾਲੇ ਚਿਟੇ ਭਵਿਖ ਵਾਸਤੇ ਪਨੀਰੀ ਲਾਉਂਦਾ ਪਿਆ ਜਾਪਦਾ ਏ! ਖੂਨ–ਦੇ–ਸੋਹਿਲੇ, ਤੈਂ ਗਾਏ, ਰੱਤ ਵਿਚ ਲੱਤ–ਪੱਤ ਤੂੰ ਹੋਇਓਂ, ਤੇ ਅੱਜ ਦੀ ਭਾਜੜ ਵਿਚ ਹੋਰਾਂ ਨਾਲ ਬੱਧਾ ਹੋਇਆ ਤੂੰ ਵੀ ਇਕ ਗੁਲਾਮ ਤੇ ਕੈਦ-ਖਾਨੇ ਅੰਦਰ ਬੰਦ! ਓ ਕੈਦੀਓ, ਤੁਹਾਡੇ ਨਾਲ ਹਾਂ ਉਂਗਲ ਨਾਲ ਉਂਗਲ ਪਕੜ ਕੇ ਮੇਰਾ ਬਾਬਾ ਵੀ ਚੱਕੀ ਪੀਸਣ ਤੇ ਤਤ। ਪਰ, ਪਰ ਓ ਕੈਦੀਓ ਤੁਸੀਂ ਕਦੇ ਥੱਕ ਜਾਂਦੇ ਹੋ, ਕਦੇ ਆਪਸ ਵਿਚ ਹੱਥ ਵਟਾਂਦੇ ਹੋ, ਕਦੇ ਸੌਂ ਜਾਂਦੇ ਹੋ, ਪਰ ਪਤਾ ਨਹੀਂ ਇਹ ਕੇਹੜੀ ਰੱਬੀ-ਜੋਤ, ਅੱਜ ਮੱਛੀਆਂ ਦੇ ਨਾਲ ਕੱਛੂ ਵਾਂਙ ਫਸ ਕੇ ਆਈ ਏ। ਨਾ ਇਸ ਦੀਆਂ ਅੱਖਾਂ ਵਿਚ ਨੀਂਦਰ, ਨਾ ਇਸ ਦੇ ਅੰਗਾਂ ਵਿਚ ਥਕਾਵਟ, ਨਾ ਇਸ ਦੀ ਚੱਕੀ ਵਿਚ ਰੋਕ ਟੋਕ ਯਾ ਰੁਕਾਵਟ––ਅੱਜ ਓਹੋ

ਚੱਕੀ ਹੌਲੀ-ਫੁਲ ਹੋ ਕੇ ਆਪਣੇ ਆਪ ਵੱਗ ਟੁਰੀ ! ਓ ਪਾਵਨ-ਛੋਹੇ ! ਓ ਬੰਦੀ-ਛੋੜ ਛੋਏ ! ਓਏ ਜੁਗ-ਜੁਗਾਂਤਰੀ ਚੱਕੀਏ, ਅੱਜ ਤੂੰ ਆਪਣੇ ਆਪ ਉੱਡ ਟੁਰੀ, ਅੱਜ ਕੀੜੀ ਨੂੰ ਵੀ ਫੰਗ ਲੱਗ ਗਏ ! ਲੋਕ ਵੇਹਿੰਦੇ ਨੇ ਤੇ ਵੇਖ ਕੇ ਚਕ੍ਰੱਤ ਪਏ ਹੋਂਦੇ ਨੇ । ਬਾਬਰ-ਜਾਬਰ ਤੱਕ ਵੀ ਗੱਲ ਜਾ ਅਪੜੀ ਏ, ਤੇ ਓਹ ਨੱਸਿਆ ਨੱਸਿਆ ਨੰਗੀਂ ਪੈਰੀਂ ਚਰਨ ਸ਼ਰਨ ਤੇ ਆ ਡਿੱਗਦਾ ਏ ਤੇ ਆਪਣੀ ਭੁਲ ਬਖ਼ਸ਼ਾਵੇਂਦਾ ਏ--ਪਰ ਹੁਣ ਇਹ ਚਕੀ ਚੁੱਪ ਕਰਨ ਦੀ ਥਾਂ ਵਧੇਰੇ ਗੇੜ ਖਾਵੇਂਦੀ ਏ, ਤੇ ਆਟੇ ਦੀ ਥਾਂ, ਬਾਬਰ ਦਾ ਬੱਜਰ ਹਿਰਦਾ ਪੀਂਹਦੀ ਏ ! ਇਕ ਪਾਸੇ ਜਾਬਰ-ਬਾਬਰ ਤੇ ਦੂਜੇ ਪਾਸੇ ਮੇਰਾ ਕੋਮਲ ਮਲਾਈ-ਬਾਬਾ ! ਇਕ ਪਾਸੇ ਰਾਤ ਤੇ ਦੂਜੇ ਪਾਸੇ ਪ੍ਰਭਾਤ ! ਇਕ ਪਾਸੇ ਬੰਦੀ ਵਿਚ ਬੰਨ੍ਹਣ ਵਾਲਾ ਤੇ ਦੂਜੇ ਪਾਸੇ ਬੰਦੀ ਛੋੜ ! ਪਰ ਅੱਜ ਜਾਬਰ-ਬਾਬਰ, ਉਹ ਬਾਬਰ ਨਹੀਂ ਜੁ ਕਲ ਸੀ । ਹੁਣ ਹੱਥ ਬੰਨ੍ਹ ਤੇ ਸਿਰ ਨਿਵਾ ਕੇ ਮਿੱਟੀ ਨਾਲ ਮਿੱਟੀ ਹੋ ਗਿਆ ਹੈ; ਹੁਣ ਓਹ ਕੰਨ ਫੜ ਕੇ ਆਪਣੇ ਕੀਤੇ ਹੋਏ ਕਸੂਰਾਂ ਦੀ ਮਾਫ਼ੀ ਮੰਗਦਾ ਹੈ ਤੇ ਅਗੋਂ ਵਾਸਤੇ ਧਰਮ ਤੇ ਇਨਸਾਫ ਦਾ ਇਕਰਾਰ ਕਰਦਾ ਹੈ । ਆਪ-ਟੁਰਦੀ ਚੱਕੀ ਨੂੰ ਵੇਖ ਵੇਖ ਕੇ ਅੱਜ ਉਹ ਭੈ-ਭੀਤ ਹੈ, ਓਹ ਕਿਉਂ ਨਾ ਮਿੱਟੀ ਵਿਚ ਰੁਲ ਕੇ ਮਿੱਟੀ ਹੋ ਜਾਵੇ ? ਇਹ ਚੱਕੀ ਓਹਦੀ ਚੱਕੀ ਹੀ ਨਹੀਂ, ਇਹ ਤਾਂ ਓਹ ਜੁਗਾਂ-ਜੁਗਾਤਰਾਂ ਦੀ ਹੇਰ ਫੇਰੀ ਹੈ, ਜੁ ਆਏ ਅਠੱਤਰ ਨੂੰ ਝੱਟ-ਪੱਟ ਗਏ-ਸਤਾਨਵੇਂ, ਆਈ ਵਿਸਾਖੀ ਨੂੰ ਗਈ ਵਿਸਾਖੀ ਕਰ ਕੇ ਬਾਬਰਵਾਣੀ ਤੇ ਪਾਣੀ ਵਾਰਨ ਵਾਲ।

ਚੱਕੀ ਏ ! ਓ ਜ਼ਾਲਮਾਂ ਦੀ ਕਰਨੀ ਦੀ ਸੱਚੀਏ ਫ਼ੋਟੋ, ਤੂੰ ਵੇਂ ਬਾਬੇ ਦੀ ਆਪ-ਭੌਂਦੀ ਚੱਕੀ, ਤੂੰ ਹੁਣ ਤਕ ਚਲਨੀ ਏਂ । ਇਉਂ ਕਾਲੇ ਪਿਛੋਂ ਚਿੱਟਾ ਪੈਹਰ ਆਪੇ ਅਵੱਸ਼ ਚੱਕਰ ਲਾ ਕੇ ਆਵੰਦਾ ਏ ! ਵਾਹ ਵਾਹ ਬਾਬਾ ਤੇਰੀ ਚੱਕੀ !!

# ਬਾਬਰ-ਵਾਣੀ

## ਤੇ ਅਕਾਲ ਪੁਰਖ ਵੱਡੇ ਬਾਬੇ ਨਾਲ ਗੋਸ਼ਟ

## (੩)

ਓ ਬਾਬਾ, ਇਹ ਕੀ ਕੌਤਕ ਏ, ਜੁ ਤੂੰ ਅੱਜ ਕੈਦਾਂ ਵਿਚ ਇਕ ਕੈਦੀ, ਤੇ ਤੇਰਾ ਬੰਨ੍ਹਣ ਵਾਲਾ ਤੇਰੇ ਦਰ ਤੇ ! ਉਹ ਬੰਨ੍ਹਣ ਵਾਲਾ ਤੈਨੂੰ ਆਪ ਖੋਲ੍ਹਦਾ, ਪਰ ਤੂੰ ਨਹੀਂ ਖੁਲ੍ਹੀਂਦਾ, ਓਹ ਆਪ ਭੱਜਾ-ਭੱਜਾ ਆਵੰਦਾ ਪਰ ਤੂੰ ਉੱਠ ਕੇ ਵੀ ਨਾ ਖੜੋਂਦਾ । ਓਹ ਤੈਂ ਵਲ ਮੁੜ ਝੁਕ ਝੁਕ ਕੇ ਡੰਡੌਤ ਬੰਦਨਾ ਕਰਦਾ; ਪਰ ਤੂੰ ਓਸ ਨੂੰ ਸਲਾਮ ਇਲੈਕਮ ਵੀ ਨਾ ਆਖਦਾ ! ਹਾਂ, ਅੱਜ ਇਸ ਜਾਬਰ-ਬਾਬਰ ਤੇ ਬਾਬੇ ਦੀ ਮੁੱਠ-ਭੇੜ ਏ, ਹਾਂ ਅੱਜ ਕੱਚ ਤੇ ਸੱਚ ਦੀ ਲੜਾਈ ਏ । ਅੱਜ ਕਿਆਮਤ ਅਗੇਤਰੇ ਹੀ ਚਾ ਆਈ ਏ ਤੇ ਖ਼ੂਨ ਦੀਆਂ ਨਦੀਆਂ ਬਹਾਣ ਵਾਲਾ ਆਪ ਉਸੇ ਨਦੀ ਵਿਚ ਵੱਗ ਟੁਰਿਆ ਏ ! ਤਾਂ ਰੁੜ੍ਹੀ ਰੁੜ੍ਹੀ ਜਾਂਦਾ ਬਾਬਰ ਹੱਥ ਬੰਨ੍ਹ ਕੇ ਅਰਜ਼ਾਂ ਕਰਦਾ ਏ: ਓ ਬਾਬਾ ਬਖਸ਼ ਲੈ, ਬਖਸ਼ ਲੈ, ਬਖਸ਼ ਲੈ, ਮੈਂ ਭੁੱਲੇ ਨੂੰ ਬਖਸ਼ ਲੈ ! ਤਾਂ ਓਹਦੀ ਕੂਕ ਫਰਿਆਦ

ਧੁਰ-ਦਰਗਾਹ ਵਿਚ ਸੁਣੀ ਜਾਂਦੀ ਏ; ਤੇ ਓਹ ਵੱਡਾ-ਬਾਪ ਅਕਾਲ ਪੁਰਖ ਹੁਣ ਇਸ ਪਾਤਸ਼ਾਹ ਦਾ ਸਫਾਰਸ਼ੀ ਬਣ ਕੇ ਇਸ ਮੰਡੇ ਬਾਬੇ ਕੋਲ ਆਂਵਦਾ ਏ, ਤੇ ਦੱਸਦਾ ਏ ਜੁ ਕੀਕਣ ਇਸ ਭਾਰਤ-ਵਰਸ਼ ਵਿਚ **ਵਿਭਚਾਰ** ਤੇ ਦੁਰਾਚਾਰ ਦਾ ਜਦ ਜ਼ੋਰ ਵਧ ਗਿਆ; **ਉੱਦਮ** ਨੂੰ ਪਰਾਂ ਸੁਟ ਕੇ ਜਦ ਲੋਗ ਟੂਣੇ ਟਾਣਿਆਂ ਵਿਚ ਲੱਗ ਗਏ, ਜਦ ਦੁੱਧ ਦੀ ਥਾਂ ਕੱਚੀ-ਲੱਸੀ ਤੇ ਬੇਹੀ ਲੱਸੀ ਦਾ ਵਰਤਾਰਾ ਹੋ ਗਿਆ; ਤਦ ਇਸ ਉੱਜੜੀ ਹੋਈ ਫੁਲਵਾੜੀ ਨੂੰ ਕੱਟ ਕੇ ਮੁੜ ਨਵੇਂ ਸਿਰੇ ਤੋਂ ਲਾਣ ਲਈ ਇਸ ਬਾਬਰ-ਜਾਬਰ ਦੀ ਵੀ ਲੋੜ ਪੈ ਗਈ। ਕਾਲ ਦੀ ਦਾਤਰੀ ਭੱਖੜਾ ਤੇ ਭੰਗ ਕੱਟਣ ਵਾਸਤੇ ਜ਼ਰੂਰੀ ਏ, ਨਹੀਂ ਤਾਂ ਓਹ ਪੈਲੀ ਕਣਕ ਆਦ ਉਤਮ ਫ਼ਸਲਾਂ ਦੇ ਬੀਜਣ ਤੋਂ ਵਾਂਜੀ ਰਹੇਗੀ! ਇਹ ਮੇਰਾ ਵੱਡ-ਬਾਪੂ ਅਕਾਲ ਪੁਰਖ, ਆਪਣੇ ਸਪੁੱਤ, ਮੈਂਡੇ ਬਾਬੇ ਨਾਲ ਗੱਲਾਂ ਕਰਦਾ ਏ ਤੇ ਬਾਬਰ ਦੀ ਹੱਥ-ਟੱਡੀ ਅਰਜੋਈ ਨੂੰ ਬਾਬੇ ਦੇ ਕੰਨਾਂ ਤੱਕ ਪਹੁੰਚਾਂਦਾ ਏ--ਹਾਂ ਅੱਜ ਬਾਬਾ ਜੱਜ ਤੇ ਓਹ ਵੱਡ-ਬਾਬਾ ਵਕੀਲ! ਪਰ ਮੈਂਡਾ ਬਾਬਾ, ਵਕੀਲ ਦੀ ਵਕਾਲਤ ਨਹੀਂ ਮੰਨਦਾ। ਆਂਹਦਾ ਏ, ਸੱਚ ਏ, ਬਾਬਰ ਜਿਹੇ ਜਾਬਰ ਦੀ ਵੀ ਲੋੜ ਸੀ; ਇਹਨਾਂ ਜਾਬਰਾਂ, ਇਹਨਾਂ ਹਿਟਲਰਾਂ ਦੀ ਵੀ ਲੋੜ ਹੋਇਆ ਕਰਦੀ ਏ, ਸ਼ੇਰਾਂ ਦਾ ਮੁਕਾਬਲਾ ਸ਼ੇਰਾਂ ਨਾਲ, ਸਕਤੇ ਦਾ ਸਕਤੇ ਨਾਲ, ਪਰ ਇਹਨਾਂ ਗ੍ਰੀਬਣੀਆਂ ਗਊਆਂ ਦਾ ਲਹੂ ਕਿਉਂ......ਤਾਂ ਇਸ ਪ੍ਰਸ਼ਨ ਦਾ ਉੱਤਰ, ਵੱਡ-ਬਾਬਾ ਜੀ ਦੀ ਥਾਂ ਹੱਥ ਜੋੜ

ਅਗੇ ਵਧ ਭਾਰਤ ਮਾਤਾ ਆਪ ਇੰਜ ਦੇਂਦੀ ਏ "ਓ ਕੋਹਨੂਰੀ ਲਾਲ ! ਜੇ ਇਹ ਮਹਾਨ ਉਪੱਧ੍ਰਵ ਨਾ ਹੋਂਦੇ, ਤਾਂ ਓ ਜਗ ਜੀਵਣ, ਓ ਮੇਰੇ ਬਰਖੁਰਦਾਰ-ਪੁੱਤਰਾ, ਤੇਰਾ ਆਗਮਨ ਇਸ ਤਰਸਦੀ ਧਰਤੀ ਤੇ ਕੀਕਣ ਹੁੰਦਾ । ਬਾਬਰ ਆਵਣ ਜਾਵਣ ਤਾਂ ਹੀ ਤਾਂ ਨਾਲੋ ਨਾਲ ਤੈਂ ਜੇਹੇ ਬਾਬੇ ਅੰਮ੍ਰਿਤ ਦੇ ਭਰੇ ਛਾਬੇ ਆ ਵੰਡਦੇ ਨੇ ! ਵਾਹ ਵਾਹ ! ਮੈਂਡੇ ਬਾਬੇ ਤੇ ਵੱਡ-ਬਾਬੇ ਅਕਾਲ ਪੁਰਖ ਦੀ ਗੋਸ਼ਟ !!

# ਕਲਯੁਗ ਬਾਬੇ ਦਾ ਵੱਡਾ ਤੇ ਪੈਹਲਾ ਸਿੱਖ !

ਓ ਬਾਬਾ, ਇਹ ਤੈਂਡੀ ਪੈਹਲੀ ਝੜਪ, ਕਾਲ-ਕਲਾ ਨਾਲ ਪੈਹਲੀ ਮੁੱਠ ਭੇੜ ਏ, ਜਿਸ ਵਿਚ ਵੱਡ-ਬਾਬਾ ਅਕਾਲ ਪੁਰਖ ਆਪ ਆ ਕੇ ਹਿੱਸਾ ਲੈਂਦਾ ਤੇ ਤੈਨੂੰ ਪਿਠ ਤੇ ਥਾਪੀ ਦੇ ਕੇ ਜਗਤ-ਜਲੰਦੇ ਨੂੰ ਰਖਿਆ ਲਈ ਆਪ ਨਿਵਾਜਦਾ ਤੇ ਸਾਜਦਾ ਏ । ਹਾਂ ਅਰਸ਼ੋਂ ਉਤਰ ਕੇ ਮੇਰਾ ਬਾਪੂ ਫ਼ਰਸ਼ ਤੇ ਆਇਆ ਤੇ ਮਾਤ-ਲੋਕ ਦੀ ਸੌਂਪਾਂ-ਸਾਂਪੀ ਕਰਨ । ਹੁਣ ਵੱਡ-ਬਾਪੂ ਵੀ ਆਇਆ ! ਇਸ ਅਣੋਖੇ ਕੌਤਕ ਨੂੰ ਵੇਖ ਕੇ 'ਕਾਲ' Time ਦਾ ਵੱਾਲੀ ਕਲਯੁੱਗ Time Personified ਘਬਰਾਇਆ; ਜੀਕਣ ਥਾਨੇਦਾਰ ਨੂੰ ਵੇਖ ਕੇ ਚੋਰ ਘਬਰਾਂਵਦਾ ਤੇ ਥਰ ਥਰ ਕੰਬਦਾ ਏ ! ਇਹ ਗੱਲ ਤਾੜ ਕੇ ਕਲਯੁਗ ਨੇ ਆਪਣਾ ਰੂਪ ਵਟਾਇਆ ਤੇ ਹੱਥ

ਬੰਨ੍ਹ ਕੇ ਬਾਬੇ ਦੇ ਦਰ ਆਇਆ ਤੇ ਆ ਕੇ ਆਖਿਓ ਸੂ: ਓ ਬਾਬਾ ! ਤੂੰ ਤਾਂ ਕੋਈ ਅਰਸ਼ੀ ਬਾਲਾ ਏਂ; ਤੂੰ ਮਸ-ਫੁੱਟਾ ਗੱਭਰੂ ਏਂ, ਤੂੰ ਜਤੀ-ਸਤੀ ਏਂ, ਔਹ ਮੋਹਣੀਆਂ ਤੇ ਅਪੱਛਰਾਂ ਤੇਰੀਆਂ ਬਾਂਦੀਆਂ, ਤੇਰੀਆਂ ਦਾਸੀਆਂ, ਤੇਰੇ ਚਰਨ ਘਸਾਣ ਵਾਲੀਆਂ ਹੱਥ-ਬੱਧੀਆਂ ਹੂਰਾਂ ! ਤਾਂ ਬਾਬੇ ਨੇ ਆਖਿਆ: ਓ ਕਾਲਿਆ ਮਤਵਾਲਿਆ, ਕੀ ਤੈਨੂੰ ਨਹੀਂ ਪਤਾ ਜੁ ਇਹ ਫੋਕੀਆਂ-ਵਿਸ ਗੰਦਲਾਂ ਨੇ ! ਇਹਨਾਂ ਹੂਰਾਂ ਵਿਚ ਉਹ ਮਿੱਠਾ ਨੂਰ ਨਹੀਂ; ਇਹਨਾਂ ਬੰਦੀਆਂ ਵਿਚ ਬੰਦਗੀ ਦਾ ਸਰੂਰ ਨਹੀਂ ! ਇਹ ਮੈਨੂੰ ਨਹੀਂ ਮੋਹ ਸੱਕਦੀਆਂ !

ਇਸ ਚਲਿਤਰੀ ਨੂੰ ਕਾਰਗਰ ਹੋਂਦਾ ਨਾ ਵੇਖ ਕੇ ਕਲਯੁਗ ਰਤਾ ਕੁ ਪਿਛੇ ਹਟ ਗਿਆ, ਪਰ ਹੁਣ ਫਿਰ ਅਗਾਂ ਵਧਿਆ ਤੇ ਓਸ ਦੇ ਅਗੇ ਵਧਣ ਨਾਲ ਇਕ ਲੰਮੀ ਲਾਈਨ ਤੋਰੀ, ਰਾਜਿਆਂ ਮਹਾਰਾਜਿਆਂ ਤੇ ਚੱਕਰਵਰਤੀ ਰਾਜਿਆਂ ਦੀ ਨਾਲ ਸਿਰ ਨਿਵਾਵੰਦੀ ਆਈ, ਤੇ ਨਾਲੇ ਰਥ, ਹਾਥੀ, ਘੋੜੇ ਤੇ ਫੌਜਾਂ ਵੀ ਆਈਆਂ ! ਝੰਡੇ ਝੂਲੇ ਤੇ ਘੜਿਆਲ ਵੱਜੇ ਤੇ ਫੌਜਾਂ ਨੇ ਸਿਰ ਨਿਵਾ ਕੇ ਸਲਾਮੀ ਉਤਾਰੀ ਤੇ ਕਲਯੁਗ ਨੇ ਆਖਿਆ: "ਬਾਬਾ, ਤੂੰ ਸੱਚਾ ਪਾਤਸ਼ਾਹ ਏਂ, ਇਹ ਸਭ ਕੁਝ ਤੇਰੀਆਂ, ਇਹ ਰਾਜ-ਪਾਟ, ਇਹ ਮੈਹਲ-ਮਾੜੀਆਂ, ਇਹ ਧੋਪੜ-ਪਾਪੜ, ਇਹ ਰੰਗ-ਬਰੰਗ, ਇਹ ਪੌਲਰ ਤੇ ਮੰਮਟ, ਇਹ ਬਾਂਕੀਆਂ ਅਸਵਾਰੀਆਂ, ਇਹ ਚੌਹੁ-ਕੁੰਟੀ ਦਾ ਰਾਜ !" ਤਾਂ ਬਾਬੇ ਆਖਿਆ: "ਓ ਕਾਲਿਆ ਬਾਵਲਿਆ, ਕੱਚ ਕੱਚ ਤੇ ਸੱਚ ਸੱਚ, ਅਸੀਂ ਸੱਚ ਦਾ ਝੰਡਾ ਝੁਲਾਣ ਲਈ ਆਏ ਹਾਂ, ਸਾਡੀਆਂ ਪਾਤਸ਼ਾਹੀਆਂ ਸੱਚੀਆਂ, ਇਹ ਕੱਚੀਆਂ ! ਓ

ਕੱਚਿਆ, ਪੱਕ ਜਾ, ਤੇ ਸਿਧੇ ਰਸਤੇ ਤੇ ਆ ਜਾ!"

ਤਾਂ ਕਲਯੁਗ ਹੋਰ ਚੱਕ੍ਰਿਤ ਹੋਇਆ ਤੇ ਜਦ ਓਹਦੀ ਮਿਆਨ ਵਿਚ ਹੋਰ ਕੋਈ ਤਲਵਾਰ ਨਾ ਰਹੀ, ਤਾਂ ਰਿਧੀਆਂ ਸਿਧੀਆਂ ਤੇ ਕਰਾਮਾਤਾਂ ਦੀਆਂ ਸੁਨੈਹਰੀ ਪਰੀਆਂ ਲਿਆ ਕੇ ਬਾਬੇ ਨੂੰ ਆਖਣ ਲੱਗਾ: "ਨਿੱਕੇ ਤੋਂ ਵੱਡਾ, ਅਣੁਮਾ ਤੋਂ ਤੋਂ ਮਹਿਮਾ, ਸਥੂਲ ਤੋਂ ਸੂਖਮ, ਮਹਿਮਾ ਤੋਂ ਲਘੂਮਾ.....ਇਹ ਕੱਖ ਦਾ ਲੱਖ ਬਣਨਾ;ਇਹ ਸਭ ਮੌਜਜ਼ੇ ਕਰਾਮਾਤਾਂ ਤੇਰੀਆਂ!" ਤਾਂ ਬਾਬੇ ਆਖਿਆ: "ਓ ਕਾਲਿਆ ਕੋਲਿਆ, ਕੀ ਕਦੇ ਕੋਲਾ ਵੀ ਹੀਰੇ ਦੇ ਤੁਲ ਹੋਇਆ ? ਅਸੀਂ ਓਸ ਹੀਰੇ ਲਾਲ, 'ਨਾਮ' ਦਾ ਬਿਉਪਾਰ ਕਰਨ ਆਏ ਹਾਂ ਨਾ ਕਿ ਕੱਚ ਪਿਚ ਤੋਲਣ ?" ਤਾਂ ਕਲਯੁਗ ਪੈਰੀ ਪਿਆ, ਭੁਲ ਬਖ਼ਸ਼ਾ ਕੇ ਇਕ 'ਸਿੱਖ' ਹੋਇਆ, ਗ੍ਰਿਹਸਤ ਵਿਚ ਅੱਜ ਇਹ ਆਪ-ਨਿਰਬਾਨ! ਵਾਹ ਵਾਹ ਕਾਲਾ ਕਲਯੁਗ ਬਾਬੇ ਨੂੰ ਪਰਖ ਕੇ ਆਪ ਸਾਵਧਾਨ ਹੋਇਆ ਤੇ ਇਹ ਪਰਖ ਅੱਜ ਤਕ, ਰੋਜ਼ ਰੋਜ਼ ਨਿੱਤ-ਨਵੀਂ !!

-----

# ਚੌਦਿਸਾਂ ਦਾ ਪ੍ਰਾਹੁਣਾ ਬਾਬਾ

ਓ ਕਲੀ ਕਾਲ ਨੂੰ ਨੱਥਣ ਵਾਲਿਆ ਬਾਬਿਆ, ਹੁਣ ਤੂੰ ਕਿਤ ਵਲ ਪੈਹਲੋਂ ਫੇਰੀ ਪਾਵੇਂਗਾ ? ਪੂਰਬ ਪੱਛਮ, ਉਤਰ-ਦੱਖਨ, ਇਹ ਸਾਰੇ ਬਾਹਵਾਂ ਲਮਿਆਰ ਕੇ ਤੇਰਾ ਰਾਹ ਤੱਕ ਰਹੇ ਨੇ, ਤੂੰ ਸੂਰਜ ਵਾਂਙ ਸਭ ਦਾ ਸਾਂਝਾ। ਤੂੰ ਆਂਹਦਾ, ਓ ਉਤਾਵਲਿਓ ਠੈਹਰ ਜਾਵੋ; ਮੈਂ ਤੁਸਾਂ ਸਭ ਦਾ ਪ੍ਰਾਹੁਣਾ, ਤੁਸਾਂ ਸਭ ਦਾ ਰਿਝਾ ਖਾਵਣਾ ! ਤਾਂ ਸਚ ਮੁਚ ਬਾਬਾ ਚਿਟੇ-ਚੰਨ ਵਾਂਙ ਹਰ ਇਕ ਨਖੱਤਰ-ਘਰ ਵਿਚ ਫੇਰੀ ਪਾਂਵਦਾ, ਹਰ ਇਕ ਘਰ ਦੀ ਮੈਲ ਧੋਂਵਦਾ ਤੇ ਫਿਰ ਅੱਗੇ ਵਧਦਾ। ਅੱਜ ਦਾ ਕੰਮ ਕਲ ਤੇ ਨਾ ਛੱਡਦਾ, ਆਪਣਾ ਕੰਮ ਆਪ ਕਰਦਾ ਦੂਜੇ ਦੇ ਹਵਾਲੇ ਨਾ ਕਰਦਾ ! ਓ ਤੱਤਪਰ ਤੇ ਸਾਵਧਾਨ ਜੋਤੇ, ਜਿਥੇ ਕਿਧਰੇ ਲੋੜ ਓਥੇ ਤੂੰ ਆਪ, ਤੂੰ ਜਲਾਂ ਵਿਚ, ਤੂੰ ਥਲਾਂ ਵਿਚ, ਤੂੰ ਬੇਲਿਆਂ ਵਿਚ; ਤੂੰ ਗਦੇ-ਲਿਆਂ ਵਿਚ, ਤੂੰ ਸੁਮੇਰ-ਘਾਟੀਏ, ਤੂੰ ਪਾਤਾਲ-ਪੁਰੀਏ, ਤੂੰ ਆਪਣੀ ਸੇਲੀ ਨਾਲ ਹਭ ਕਾਸੇ ਦਾ ਦਿਲ ਕਸਦਾ ਤੇ ਬੰਨ੍ਹਦਾ, ਤੂੰ ਆਪਣੀ ਬਾਣੀ ਨਾਲ ਘਟ ਘਟ ਨਿਰਮਲ ਕਰਦਾ ਤੇ ਸੰਵਾਰਦਾ, ਤੂੰ ਭਰਮ ਦੇ ਜਾਲੇ ਆਪਣੀ ਖੂੰਡੀ ਨਾਲ ਤੋੜਦਾ, ਤੂੰ ਵੈਹਮਾਂ ਦੀਆਂ ਆਰਸੀਆਂ ਨੂੰ ਗਿਆਨ ਹਥੌੜੇ ਨਾਲ ਭੰਨਦਾ, ਤੂੰ ਟੋਇ ਟਿੱਬਿਆਂ, ਊਚ-ਨੀਚ ਦੇ ਫਰਕਾਂ ਨੂੰ ਪੂਰਦਾ, ਤੂੰ ਜਾਤ ਪਾਤ ਦੇ ਭੂਤ ਨੂੰ ਭਾਰਤ-ਮਾਤਾ ਦੀ ਕੁੱਖ ਤੋਂ ਕੱਢਦਾ,

Sri Satguru Jagjit Singh Ji eLibrary NamdhariElibrary@gmail.com

ਤੂੰ ਕਲਯੁਗ ਦੀ ਸੰਘੀ ਘੁੱਟ ਕੇ ਓਸ ਨੂੰ ਗ੍ਰਿਹਸਤ-ਵਿਚ ਨਿਰਬਾਨ ਦਾ ਦਾਨ ਦੇਂਵਦਾ, ਤੂੰ ਮੋਇਆਂ ਨੂੰ ਜਵਾਲਦਾ, ਤੇ ਅੰਨਿਆਂ ਨੂੰ ਅੱਖਾਂ ਦੇਂਦਾ, ਤੂੰ ਡੋਰਿਆਂ ਦੇ ਭਿੱਚੇ ਕੰਨ ਖੋਲ੍ਹਦਾ, ਤੂੰ ਸੰਪ੍ਰਦਾਵਾਂ ਦੇ ਘੜਿਆਂ ਨੂੰ ਇਕ ਇਕ ਕਰ ਕੇ ਤੋੜਦਾ, ਤੇ ਫਿਰ ਜੋੜਦਾ ਤੇ ਸੁੱਕੇ ਠੂਠਿਆਂ ਵਿਚ ਅੰਮ੍ਰਿਤ ਨੂੰ ਨਕੋ ਨੱਕ ਭਰਦਾ ਤੇ ਇਉਂ ਹਿੰਦ ਦੀ ਉੱਜੜੀ ਫੁਲਵਾੜੀ ਨੂੰ ਸੁਰਜੀਤ ਕਰਦਾ ਅਗਾਹਾਂ ਵਧਦਾ। ਤੂੰ ਓਹ ਬਾਬਾ, ਇਥੇ ਓਥੇ, ਜਿਥੇ ਕਿਥੇ, ਹਰ ਥਾਂ ਜਾਂਵਦਾ, ਪਰ ਪ੍ਰੇਮ-ਤਣੁਕੇ ਦੇ ਖਿਚਿਆਂ ਸੱਤ-ਸਮੁੰਦਰ ਗਾਹ ਕੇ ਵੀ ਫਿਰ ਮੁੜ ਆਂਵਦਾ, ਤੇ ਭੈਣਾਂ ਦੇ ਹਿਰਦੇ ਠਾਰਦਾ, ਜੰਗਲਾਂ ਵਿਚ ਮੰਗਲ ਕਰਦਾ, ਤੱਤਿਆਂ ਨੂੰ ਠਾਰਦਾ, ਠਰਿਆਂ ਨੂੰ ਨਿੱਘਾ ਕਰਦਾ, ਛਾਤੀ ਨਾਲ ਛਾਤੀ ਲਾਂਵਦਾ, ਤੇ ਕੋਹੜੀਆਂ ਦੇ ਕੋਹੜ 'ਨਾਮ' ਦਾਰੂ ਨਾਲ ਨਵਿਰਤ ਕਰਦਾ। ਇਓਂ ਰਤਾ ਰਤਾ, ਚੱਪਾ ਚੱਪਾ ਅਗੇ ਵਧਦਾ, ਦਹਿਦਿਸਾਂ ਵਲ ਜਾਂਵਦਾ ਤੇ ਆਂਵਦਾ, ਓਤ-ਪੋਤ, ਓ ਜਗ ਜੀਵਣ, ਤੂੰ, ਤੂੰ ਏ ਰੱਬ-ਘੱਲੀ ਜੋਤ ! ਵਾਹ ਵਾਹ ਦਹਦਿਸਾਂ ਖਲੀਆਂ ਤੈਨੂੰ ਜੀ ਆਇਆਂ ਨੂੰ, ਜੀ ਆਇਆਂ ਨੂੰ ਆਂਹਦੀਆਂ !!

# ਪੂਰਬ-ਫੇਰੀ

## ਹਰਦਵਾਰ ਯਾਤਰਾ

## (੧)

ਓ ਫਿਰਤੂ ਬਾਬਾ, ਤੈਨੂੰ ਚਹੁ ਦਿਸਾਂ ਦੇ ਮਾਣ-ਪੱਤਰ ਤੇ ਪ੍ਰੀਤ-ਮੰਗਾਂ ਵਾਲੇ ਸੁਨੇਹੜੇ ਆਏ। ਪਰ ਓ ਪੂਰਬ-ਦਿਸਾ! ਪੈਹਲੀ ਵਾਰੀ ਤੇਰੀ, ਕੀ ਮੇਰਾ ਬਾਪੂ, "ਸੂਰਜ ਪੈਹਲੋਂ ਤੈਨੂੰ ਨਹੀਂ ਵਡਿਆਂਦਾ ? ਹਾਂ ਪੈਹਲੀ ਚੋਣ ਤੇਰੀ! ਓ ਪੂਰਬ-ਮਈਯਾ, ਤੂੰ ਭਾਰਤ ਮਾਤਾ ਦੀ ਵੱਖੀਂ ਏਂ, ਜਿਸ ਨੂੰ ਗੰਗਾ ਜਮਨਾ ਦੀਆਂ ਪਵਿੱਤਰ ਭੈਣਾਂ ਹਰਾ-ਭਰਾ ਕਰਦੀਆਂ ਨੇ, ਤੇ ਏਹਨਾਂ ਦੇ ਤੱਟ ਤੇ ਹੀ ਤਾਂ ਅੱਠ ਸੱਠ ਵਿਚੋਂ ਸ਼੍ਰੋਮਣੀ-ਤੀਰਥ ਮੌਜੂਦ ਨੇ। ਗੰਗਾ ਦੇ ਤੱਟ ਤੇ ਹਰਿਦਵਾਰ, ਫਿਰ ਕਾਂਸ਼ੀ ਜੀ, ਫਿਰ ਅੰਤ ਨੂੰ ਜਗਨ ਨਾਥ, ਤੇ ਜੇ ਇਹਨਾਂ ਵਿਚ ਗਯਾ ਵੀ ਚਾ ਰਲਾਈਏ ਤਾਂ ਹਿੰਦੂ ਮੱਤ ਦੇ ਹੱਥ ਦੀਆਂ ਚਾਰ ਉਂਗਲੀਆਂ ਸੰਪੂਰਨ -- ਤਾਂ ਤੇ ਪੰਜਵਾਂ ਅੰਗੂਠਾ ਓਹ ਕਰੋ-ਸ਼ੇਤਰ, ਜਿਸ ਤੇ ਕੈਰੋਂ ਤੇ ਪਾਂਡਵਾਂ ਨੇ ਆਪਣਾ ਲਾਲ-ਲਹੂ ਡੋਲ੍ਹਿਆ ਤੇ ਜਿਸ ਪਵਿਤਰ ਭੂਮੀ ਤੇ ਹੁਣ ਵੀ ਲੋਕ ਪੈਰ ਡਰ ਡਰ ਕੇ ਰੱਖਦੇ ਨੇ, ਮਤੇ ਕਿਧਰੇ ਮੋਏ ਹੋਇਆਂ ਦੀ ਸਾਡੇ ਪੈਰਾਂ ਦੇ ਖੜਾਕ ਨਾਲ ਨੀਂਦ ਉਚਾਟ ਨਾ ਹੋ ਜਾਵੇ! ਓ ਬਾਬਾ, ਤੂੰ ਇਕ ਇਕ ਕਰ ਕੇ ਇਹਨਾਂ ਸਭ ਪਵਿੱਤ੍ਰ ਭੂਮੀਆਂ

Sri Satguru Jagjit Singh Ji eLibrary NamdhariElibrary@gmail.com

ਤੇ ਗਇਓਂ, ਤੇ ਆਪਣੀ ਖੂੰਡੀ ਤੈਂ ਹਰ ਥਾਂ ਜਾ ਖੜਕਾਈ ! ਤੈਂ ਬਿਨ ਓਹ ਪਵਿਤਰ ਨਹੀਂ, ਅਪਵਿਤਰ—ਪਰ ਹੁਣ ਤੱਤਪਰ ! ਓ ਹਰੇ-ਭਰੇ ਹਰੀਦਵਾਰ, ਕੀ ਤੂੰ 'ਸੋਦਰ' ਦੀ ਦਲ੍ਹੀਜ ਏਂ ? ਤਾਂ ਸੱਚ ਮੁੱਚ ਮੇਰਾ ਬਾਬਾ ਪੈਹਲੋਂ ਤੇਰੇ ਦਰ ਤੇ ਆਏਗਾ, ਤੇ ਤੈਨੂੰ ਅਪਣਾਏਗਾ ! ਤੇ ਵੇਖ ਨਾ ਓ ਸੁੱਚੀਏ ਦਲ੍ਹੀਜੇ, ਅੱਜ ਮੇਰਾ ਬਾਬਾ ਤੈਂਡੇ ਕੋਲ ਆ ਅਪੜਿਆ ਏ, ਪਰ ਪਤਾ ਨਹੀਂ ਤੈਂ ਤੋਂ ਕਿਉਂ ਰੁੱਠਾ ਹੋਇਆ ਏ, ਓਹ ਤੈਂ ਵਲ ਪਿੱਠ ਕਰ ਕੇ ਖੜੋਤਾ ਏ—ਹਾਂ, ਓਹ ਆਪਣੀ ਪਿੱਠ-ਸੂਰਜ ਤੋਂ ਮੋੜ ਕੇ ਕਿਸੇ ਦੂਜੇ ਪਾਸੇ ਵਲ ਪਾਣੀ ਦੇ ਰਿਹਾ ਏ ! ਤਾਂ ਸਾਰੇ ਯਾਤਰੂ ਤੇ ਪਾਂਡੂ ਇਕੱਠੇ ਹੋ ਕੇ ਬਾਬੇ ਨੂੰ ਪੁੱਛਦੇ ਨੇ: "ਇਹ ਕੀ ਪੁੱਠੀ ਵਿਓਂਤ ਏ ?" ਤਾਂ ਤੁਸਾਂ ਆਖਿਆ: "ਮੈਂ ਪੁੱਠਾ ਨਹੀਂ, ਸਿਧੇ ਰਾਹ ਆਪਣੀਆਂ ਪੈਲੀਆਂ ਨੂੰ ਪਾਣੀ ਪਾ ਰਿਹਾ ਹਾਂ, ਓਹ ਪੈਲੀਆਂ ਇਸ ਥਾਂ ਤੋਂ ਲਹਿੰਦੇ ਵਲ ਨੇ !" "ਪਰ ਓਹਨਾਂ ਪੈਲੀਆਂ ਤੇ ਪਾਣੀ ਕੀਕਣ ਪੁੱਜ ਸੱਕਦਾ ਏ, ਜੁ ਸੈਂਕੜੇ ਕੋਹਾਂ ਦੂਰ ਨੇ ?" ਹੇ ਚੋਜੀਆ, ਜਦ ਤੈਂ ਤੋਂ ਪਾਂਡਿਆਂ ਇਹ ਪੁੱਛਿਆ ਤਾਂ ਹਜ਼ੂਰ ਨੇ ਆਖਿਆ: ਜੇ ਐਡੀ ਦੂਰ, ਚੱਪਾ ਕੁ ਦੂਰ ਪਾਣੀ ਨਹੀਂ ਅਪੜਦਾ ਤਾਂ ਤੁਹਾਡਾ ਲੋਕ ਛੱਡ ਪ੍ਰਲੋਕ ਕੀਕਣ ਇਹ ਪਾਣੀ ਆਵੇਗਾ ? ਤਾਂ ਤੇ ਸੁਨਣ ਵਾਲਿਆਂ ਦੇ ਕੰਨਾਂ ਦੇ ਝੱਪੇ ਖੁਲ੍ਹ ਗਏ ਤੇ ਸਿਧੇ ਆਪ ਪੁਠੇ ਆਪਣੇ ਆਪ ਨੂੰ ਨਜ਼ਰ ਆਏ—ਚਰਨ ਸ਼ਰਨ ਫੜ ਕੇ ਤੈਨੂੰ ਪੁੱਛਣ ਲਗੇ: ਸਿੱਧਾ ਕੌਣ ਏ ? "ਓਹ ਜੁ ਸੂਰਜ-ਮੁਖੀ ਵਾਂਙ ਸਦਾ ਹੀ ਸਨਮੁਖ ਏ ! ਤਾਂ ਸਾਰਾ ਹਰਿਦਵਾਰ ਤੇਰੇ ਸਨਮੁਖ ਹੋ ਗਿਆ ਤੇ ਨਿਤ ਨਿਤ ਓ ਤੈਂਡੇ

ਵਲ ਤੱਕਦਾ ਤੇ ਤੈਨੂੰ ਮੱਥਾ ਟੇਕਦਾ । ੳ ਅਜ਼ਲੀ, ਅਬਦੀ ਨੂਰਾ ! ੳ ਭਰਮ-ਗੜ੍ਹ ਤੋੜਨ ਵਾਲਿਆ ਬਾਬਿਆ, ਇਹ ਤੈਂਡੀ ਪਹਿਲੀ ਫੇਰੀ ਦਾ ਪਹਿਲਾ ਫੇਰਾ ਏ--ਵਾਹ ਵਾਹ ਬਾਬੇ ਭਰਮ-ਗੜ੍ਹ ਪਹਿਲੋਂ ਹੀ ਫੁੜਿਆ !

---

# ਪੂਰਬ-ਫੇਰੀ

## ਬਨਾਰਸ !

## (੨)

ੳ ਫਿਰਤੂ ਬਾਬਾ, ਤੂੰ ਹਰਿਦਵਾਰ ਦਾ ਤੀਰਥ ਹਰਾ ਭਰਾ ਕੀਤਾ; ਤੂੰ ਹੁਣ ਬਨਾਰਸ ਦੇ ਸਨਾਤਨ ਅਸਥਾਨ ਤੇ ਇਸ ਪਵਿਤਰ ਤੀਰਥ ਤੇ ਪਹੁੰਚ ਆਪਣਾ ਕੌਤਕੀ ਟੱਲ ਆ ਖੜਕਾਇਆ । ਇਹ ਪਵਿਤਰ ਭੂਮੀ ਸਾਰੀ ਭਾਰਤ-ਮਾਤਾ ਦੀ ਜਿੰਦ ਜਾਨ ਏ। ਇਥੇ ਵੇਦ ਪਾਠੀ ਵੇਦ ਉਚਾਰਦੇ ਨੇ; ਪੁਰਾਣਾਂ ਦੇ ਵਿਖਆਨ ਨਿਤ ਹੋਂਦੇ ਨੇ, ਪੂਜਾ ਤੇ ਅਰਚਾ ਨਿਤ ਨਿਤ ਹੋਂਦੀਆਂ ਨੇ, ਪਰ ਸਵੇਰੇ ਸਵੇਰੇ ਪ੍ਰਭਾਤ ਵੇਲੇ ਜਦ ਹੋਰ ਲੋਕ ਸੁੱਤੇ ਹੋਏ ਹੋਂਦੇ ਨੇ, ਤਾਂ ਇਸ ਬਨਾਰਸ ਦੇ ਵਸਨੀਕ 'ਗਾਇਤ੍ਰੀ' ਮੰਤ੍ਰ ਅਲਾਪਦੇ, ਆਂਵਦੇ ਜਾਂਵਦੇ ਤੇ ਚੜ੍ਹਦੇ ਸੂਰਜ ਨੂੰ ਇਸ਼ਟ ਦੇਵ ਸਮਝ ਕੇ, ਓਹਦੇ ਅਗੇ ਸਿਰ

Sri Satguru Jagjit Singh Ji eLibrary NamdhariElibrary@gmail.com

ਨਿਵਾਂਵਦੇ ਨੇ । ਓ ਬਾਬਾ, ਇਹ ਓ ਨਗਰੀ ਏ, ਜਿੱਥੇ ਹਰੀ ਚੰਦ ਜਹੇ ਦਾਨੀ ਵਿਕ ਗਏ, ਜਿਥੇ ਸ਼ਿਵਜੀ ਆਪ ਆਏ, ਜਿਥੇ ਕਬੀਰ ਜੀ ਨੇ ਆਪਣਾ ਵਚਿਤਰ ਤਾਣਾ ਬਾਣਾ ਬੁਣਿਆ । ਹਾਂ ਇਹ ਬਨਾਰਸ ਸਾਡੀ ਭਾਰਤ ਮਾਤਾ ਦੇ ਮੱਥੇ ਤੇ ਲਾਲ ਬਿੰਦੀ ਏ ! ਓ ਬਾਬਾ; ਅੱਜ ਤੈਂ ਵੀ ਇਸ ਗੰਗਾ-ਮਈਯਾ ਦੇ ਤੱਟ ਤੇ ਡੇਰੇ ਆ ਲਾਏ ਨੇ ਤੇ ਤੂੰ 'ਗਾਇਤ੍ਰੀ' ਨੂੰ ਗਾਂਵਦਾ ਏਂ, ਪਰ ਮੂੰਹ ਨੂੰ ਫਿਰ ਪੂਰਬ ਦੀ ਥਾਂ ਪੱਛਮ ਵੱਲ ਕਰ ਕੇ ! ਫਿਰ ਇਹ ਲੋਕੀ ਇਕੱਠੇ ਹੋ ਕੇ ਤੈਂ ਤੋਂ ਪੁੱਛਦੇ ਨੇ, ਜੁ ਇਹ ਕੀ ਗੱਲ ਏ, 'ਗਾਇਤ੍ਰੀ' ਦਾ ਸਬੰਧ ਤਾਂ ਇਸ ਦੇ ਅਧਿ ਦੇਵ ਸੂਰਜ ਨਾਲ ਏ ! ਓ ਬਾਬਾ, ਤੇਰੀ ਪਿੱਠ ਇਸ ਇਸ਼ਟ ਦੇਵ ਦੇ ਉਲਟ ਕਿਉਂ ? ਓ ਬਾਬਾ; ਤੂੰ ਉੱਤਰ ਕੁਝ ਨਾ ਦਿਤਾ, ਤੂੰ ਆਪੇ ਵਿਚ ਆਪ ਮਸਤ, ਜੋਤਿ ਵਿਚ ਜੋਤ, ਨੂਰ ਵਿਚ ਮਖਮੂਰ, ਗੜੂੰਦ ਹੋ ਗਿਆ, ਤੇ ਤੇਰੇ ਇਕ ਇਕ ਰੋਮ ਵਿਚੋਂ ਕੋਟ-ਕੋਟਾਨ ਸੂਰਜਾਂ ਦਾ ਤੇਜ ਵੱਗ ਟੁਰਿਆ, ਤੇ ਤੇਰੇ ਦੇਖਣ ਵਾਲੇ ਦੰਗ ਰਹਿ ਗਏ । ਸੱਚ ਮੁੱਚ ਓਹ ਤੇਜ-ਪਤੀ, ਅੱਜ ਅਰਸ਼ ਛੱਡ ਕੇ ਆਪ ਇਸ ਫਰਸ਼ ਤੇ ਟੁਰ ਆਇਆ ਏ-ਫਿਰ ਅੱਗਾ ਕੀ ਤੇ ਪਿੱਛਾ ਕੀ, ਪੂਰਬ ਕੀ ਤੇ ਪੱਛਮ ਕੀ ? ਪਰ ਏਥੇ ਹੀ ਬੱਸ ਨਹੀਂ, ਤੈਂਡੇ ਮੂੰਦੇ ਹੋਏ ਮੂੰਹ ਨੂੰ ਭਾਵੇਂ ਜੰਦਰਾ ਸੀ, ਪਰ ਰੋਮ ਰੋਮ ਵਿਚੋਂ ਗਾਇਤ੍ਰੀ ਮੰਤਰ ਆਪ ਅਲਾਪਿਆ ਜਾ ਰਿਹਾ ਸੀ, ਓਹਦੀ ਨਿਰਾਲੀ ਰੁਣ-ਝੁਣ, ਨਿਰਾਲੀ ਸਜ-ਧਜ, ਨਿਰਾਲੀ ਗੜਗੱਜ ਜੁ ਹਰ ਇਕ ਦਾ ਦਿਲ ਮੋਹੇ ਤੇ ਖੋਹੇ ! ਓ ਪ੍ਰਭਾਵ-ਗੁੰਦੀਏ ਜੋਤੇ, ਓ ਆਪ ਗਾਂਉਂਦੀਏ

ਗਾਇਤ੍ਰੀਏ, ਤੂੰ ਨਾਨਕ ਏਂ, ਤੂੰ ਨਾਨਕ ਏਂ, ਤੂੰ ਨਾਨਕ ਏਂ, ਵਾਹ ਵਾਹ ਅੱਜ ਹਿੰਦੂਆਂ ਦਾ ਮੱਕਾ, ਚਰਨ-ਸ਼ਰਨੀਂ ਆਇਆ ਤੇ ਬਨਾਰਸ ਵਿਚ ਬਨਾਂ ਦਾ ਰਹੱਸ੍ਯ ਚੋ ਚੋ ਨਿਕਲਿਆ !!

-----

# ਪੂਰਬ-ਫੇਰੀ

## ਗਯਾ

## (੩)

ਓ ਪਾਰਸ ਪਰਸਦੀਏ ਜਿੰਦੇ, ਅਖੀਰ ਨੂੰ ਤੂੰ ਉਸ ਤੀਰਥ ਤੇ ਵੀ ਆ ਅਪੜੀ, ਜਿਥੇ ਲੋਕ ਮੋਇਆ ਹੋਇਆਂ ਦੇ ਪਿੰਡ ਭਰਦੇ ਨੇ; ਹਾਂ 'ਗਯਾ' ਦਾ ਤੀਰਥ ਜਿਥੇ ਬੁੱਧ ਜੀ ਨੇ ਵੀ 'ਬੋਧੀ' ਪ੍ਰਾਪਤ ਕੀਤੀ, ਤੇ ਜਿਸ ਬੋਹੜ ਨੂੰ ਹੁਣ ਤੱਕ ਬੋਧੀ ਚੁੰਮਦੇ ਚੱਟਦੇ ਤੇ ਸੋਨੇ ਦੇ ਪੱਤਰਾਂ ਨਾਲ ਵਲ੍ਹੇਟਦੇ ! ਪਰ ਓ ਬਾਬਾ, ਤੂੰ ਇਥੇ ਆ ਕੀ ਵੇਖਿਆ, ਮੋਇਆਂ ਹੋਇਆਂ ਨੂੰ ਤਾਰਦੇ ਨੇ, ਓਹਨਾਂ ਦੇ ਪਿੰਡ ਭਰਦੇ ਨੇ, ਪਰ ਇਹ ਪਾਂਡੇ ਆਪ ਮੋਏ ਹੋਏ ਨੇ--ਇਹ ਵੇਖ ਕੇ ਦੜ ਵੱਟ ਕੇ ਬਾਬਾ ਵੀ ਲੇਟ ਗਿਆ। ਦਿਨ ਚੜ੍ਹਿਆ, ਸਿਖਰ ਦੁਪੈਹਰਾਂ ਆਈਆਂ, ਨਾ ਬਾਬਾ ਜਾਗਿਆ ਨਾ ਬਾਬੇ ਦੇ ਕੋਈ

Sri Satguru Jagjit Singh Ji eLibrary NamdhariElibrary@gmail.com

ਸੰਗੀ ਜਾਗੇ ਤਾਂ ਪਾਂਡੇ ਇਹਨਾਂ ਤਿੰਨਾਂ ਮੂਰਤਾਂ ਨੂੰ ਵੇਖ ਕੇ ਬੜੇ ਹੈਰਾਨ ਹੋਏ । ਓਹਨਾਂ ਨੇ ਆਪ ਏਹਨਾਂ ਨੂੰ ਜਾ ਕੇ ਜਗਾਇਆ, ਕਿਉਂਕਿ ਹਰ ਇਕ ਯਾਤਰੂ ਇਥੇ ਪਾਂਡਿਆਂ ਦੇ ਖੀਸੇ ਭਰਨ ਆਂਵਦਾ ਏ ਤੇ ਇਹਨਾਂ ਤਿੰਨਾਂ ਨੇ ਵੀ ਕੁਝ ਟਕੇ ਇਹਨਾਂ ਨੂੰ ਪੂਜਨੇ ਸਨ ! ਪਰ ਬੁਲਾਇਆਂ ਕੋਈ ਨਹੀਂ ਬੋਲਦਾ, ਹਿਲਾਇਆਂ ਕੋਈ ਨਹੀਂ ਹਿਲਦਾ, ਪਰ ਜਦ ਮੂੰਹ ਤੋਂ ਪੱਲਾ ਲਾਂਹਦੇ ਨੇ ਤਾਂ ਇਕ ਦੀ ਥਾਂ ਦੋ ਤਿੰਨ ਲਟ ਲਟ ਕਰਦੀਆਂ ਜੋਤਾਂ ਸਮਾਧੀ-ਸ਼ਥਿਤ ਨਜ਼ਰ ਆਈਆਂ । ਅਡੋਲ, ਅਮੋਲ ਤੇ ਅਤੋਲ ਸੂਰਤਾਂ ! ਇਹਨਾਂ ਦਿੱਬ-ਦੀਦਿਆਂ ਨੂੰ ਵੇਖ ਕੇ ਮੋਈਆਂ ਹੋਈਆਂ ਟੁਰਦੀਆਂ ਲੋਥਾਂ ਵਿਚ ਜਿੰਦ ਆਈ, ਜਾਨ ਆਈ, ਤੇ ਜਦ ਓਹ ਵੀ ਪੰਘਰ ਪਈਆਂ, ਤਾਂ ਤੈਂਡੇ ਨੇੜੇ ਹੋ ਢੁੱਕੀਆਂ ! ਤਾਂ ਪਾਂਡਿਆਂ ਨੇ ਤੈਂ ਤੋ ਪੁੱਛਿਆ: ਓ ਸੋਹਣਿਆ ਜੋਗੀਆ, ਇਹ ਜੁਗਤੀ ਕੇਹੜੀ ਜੁ ਸੁੱਤਿਆਂ ਵੀ ਸਮਾਧੀ–ਸਥਿਤ । ਸਾਨੂੰ ਤੈਂਡੇ ਭੱਖਦੇ-ਨੂਰ ਵਿਚੋਂ ਇਕ ਸ਼ੁਆ, ਇਕ ਰਿਸ਼ਮ ਲੱਧੀ ਏ ਤੇ ਅਸੀਂ ਵੀ ਅੱਜ ਕਿਸੇ ਅਣੋਖੇ ਤੇਜ ਨਾਲ ਜਾਗ ਉਠੇ ਹਾਂ ! ਤਾਂ ਤੈਂ ਆਖਿਆ: ਸੱਚ ਏ, ਤੁਸੀਂ ਹੋਰਾਂ ਨੂੰ, ਮੋਇਆਂ ਨੂੰ ਤਾਰਦੇ, ਪਰ ਤੁਸੀਂ ਆਪ ਮੋਏ ਹੋਏ, ਆਪ ਡੁੱਬੇ ਹੋਏ, ਤੁਸੀਂ ਅਖ-ਵਾਂਦੇ 'ਪੰਡਤ' ਪਰ ਵਾਸਤਵ ਵਿਚ ਪਾਂਡੀ; ਤ੍ਰਿੰਨਾਂ ਗੁਣਾਂ ਦੀਆਂ ਗੂਣਾਂ ਤੁਹਾਡੀ ਪਿੱਠ ਤੇ । ਇਹਨਾਂ ਗੁਣਾਂ ਨੂੰ ਭੋਇੰ ਚਾ ਲਾਹਵੋ, ਤੇ ਹਲਕੇ ਫੁਲ ਹੋ ਕੇ, ਚੇਤੇ ਵਿਚ ਸੁਚੇਤ ਹੋ ਕੇ ਜਾਗੋ, ਹਾਂ ਇਕ ਖਿਣ ਤਿਸ ਬਿਨ ਜੀਵਣਾ, ਇਹ ਵੇ ਮੱਛੀ ਦਾ ਨੀਰ ਬਿਨ ਤੜਫਨਾ ! ਤੇ ਔਹ ਬੋਧੀ-ਬ੍ਰਿਛ, ਓਹ

ਬੋਹੜ ਆਪਣੀ ਪੁੱਠੀਆਂ ਜੜ੍ਹਾਂ ਨਾਲ ਵੀ ਤੁਹਾਨੂੰ ਇਹੋ ਉਪ-ਦੇਸ਼ ਦੇਂਦਾ ਏ–ਇਹਨਾਂ ਅੰਦਰਲੀਆਂ ਜੜ੍ਹਾਂ ਦੇ ਨਾਲ ਨਾਲ ਇਹ 'ਨਾਮ' ਦੀਆਂ ਜੜ੍ਹਾਂ ਤੇ ਵੀ ਖੜੋਵੋ। ਤਾਂ ਤੁਸੀ ਸੱਚ ਉੱਠਦੇ ਉੱਠਦੇ ਆਪਣੀ ਸਿਰੀ ਅਰਸ਼ ਨਾਲ ਜਾ ਜੋੜੋਗੇ ! ਵਾਹ ਵਾਹ ਅਜ ਪਿੰਡ ਭਰਣ ਵਾਲਿਆਂ ਮੋਇਆਂ ਨੂੰ ਮੇਰਾ ਬਾਬਾ ਜਵਾਣ ਤੇ ਜਗਾਣ ਆਇਆ, ਇਹ ਜਗਤ-ਪਾਂਡੀ !!

— —

# ਪੂਰਬ ਫੇਰੀ

## ਜਗਨ ਨਾਥ !

## (੪)

ਓ ਜਾਗਦੀਏ ਜੋਤੇ, ਆਖਰਕਾਰ ਤੂੰ ਜਗਨਨਾਥ ਦੇ ਅੰਤਲੇ-ਤੀਰਥ ਤੇ ਵੀ ਆ ਪੁੱਜਾ, ਓਥੇ ਜਿਥੇ ਦੋ ਹੱਦਾਂ ਮਿਲਦੀਆਂ ਨੇ, ਜਿੱਥੇ ਭਾਰਤ-ਭੂਮੀ ਦਾ ਖਾਤਮਾ ਤੇ ਖਾਰੀ-ਸਾਗਰ ਦਾ ਪ੍ਰਵੇਸ਼ ਏ। ਜਗਨ ਨਾਥ ਜੀ ਦੀ ਮੂਰਤੀ ਕਿਸੇ ਸੋਹਣੇ ਸਿਆਣੇ ਨੇ ਬਣਾਈ ਏ : ਵੇਖ ਵੇਖ ਕੇ ਸੱਧਰਾਂ ਮੁੱਕਨ ਤੇ ਜੀ ਲਲਚਾਵੇ, ਪਰ ਜਦ ਇਸ ਮੂਰਤੀ ਤੋਂ ਕੁਝ ਮੰਗਣ ਤੇ ਚਿਤ ਕਰੇ ਤਾਂ ਮੂਰਤੀ ਕੀ ਦੇਵੇ ਜਿਸ ਦੇ ਹਥ ਪੈਰ ਨਹੀਂ——

Sri Satguru Jagjit Singh Ji eLibrary NamdhariElibrary@gmail.com

ਹਾਂ ਹੋਰ ਸਭ ਕੁਝ, ਪਰ ਹਥੋਂ-ਹੀਣੀਂ ਮੂਰਤੀ ਏਹ। ਇਸੇ ਕਰ ਕੇ ਸਿਆਣੇ ਆਂਹਦੇ ਨੇ, ਜੇ ਜਗਨ ਨਾਥ ਕੋਲੋਂ ਮੰਗਣ ਦੀ ਥਾਂ ਆਪਣੇ ਪੈਰਾਂ ਤੇ ਆਪ ਖੜ੍ਹੋਵੇ : ਆਪਣਾ ਹਥ ਸੋ ਜਗਨ ਨਾਥ। ਓ ਪਿਆਰਿਆ, ਤੂੰ ਇਸ ਅਣੋਖੀ ਮੂਰਤੀ ਦੇ ਕੋਲ ਵੀ ਡੇਰੇ ਆ ਜਮਾਏ, ਰਾਤ ਨੂੰ ਜਦ ਲੋਕੀਂ ਹੱਥ ਵਿਚ ਥਾਲੀਆਂ ਤੇ ਵਿਚ ਘਿਓ ਦੇ ਦੀਵੇ ਬਾਲ ਕੇ 'ਆਰਤੀ' ਕਰਨ ਲਗੇ ਤਾਂ ਤੂੰ ਰੰਗਲਿਆ, ਆਪਣੀ ਮਿਠ-ਮਿਠੜੀ ਧੁਨੀ ਨਾਲ ਨੱਚ ਕੁੱਦ ਤੇ ਵਜਦ ਵਿਚ ਇਉਂ ਗਾਂਵਿਆ :

"ਗਗਨ ਮਹਿ ਥਾਲ ਰਵ ਚੰਦ ਦੀਪਕ ਬਨੇ ਤਾਰਕਾ ਮੰਡਲ ਜਨਕ ਮੋਤੀ..."

ਓ ਮਸਤਾਨਿਆ, ਤੇਰੀ ਬਾਵਰੀ ਸੁਰ ਤਾਲ ਤੇ ਲੈ, ਓਹਨਾਂ ਸਾਰਿਆਂ ਨੂੰ ਬਾਵਰਾ ਬਣਾ ਗਈ, ਤੇ ਸਾਰਿਆਂ ਨੇ ਕੀ ਵੇਖਿਆ ? ਜੇ ਸੱਚ ਮੁਚ ਇਹ ਗਗਨ ਹਾਂ ਇਹ ਅਕਾਸ਼, ਇਕ ਅਨੂਪਮ ਥਾਲ ਏ ਸੁਨੈਹਰੀ, ਜਿਸ ਵਿਚ ਕੋਟਾਨ ਕੋਟ ਚੰਨ ਤਾਰੇ ਤੇ ਸੂਰਜ ਦੀਵੇ ਬਣ ਕੇ ਪਏ ਜਗਦੇ ਨੇ। ਇਹ ਨਿਤ ਭਖਦੇ ਜਲਦੇ ਤੇ ਬਲਦੇ ਦੀਵੇ ਓਸੇ ਇਕੋ ਇਕ ਸਹੰਸਰ-ਮੁਖੀ ਜੋਤ ਨਿਰੰਕਾਰੀ ਜੋਤ, ਦੀਆਂ ਸੁਨੈਹਰੀ-ਲਾਟਾਂ ਨੇ; ਸਾਰੀ ਬਨਸਪਤੀ ਸਦ-ਬਸੰਤੀ ਫੁੱਲਾਂ ਦੀ ਬਰਖਾ ਕਰ ਰਹੀ ਏ, ਚੰਦਨ-ਚੁਮਣੀ ਪਵਣ ਮਲਆਗਰੀ, ਰਤਨਾਗਰੀ, ਹੀਯਾ-ਹੁਲਸਾਗਰੀ ਚੌਰੀ ਕਰ ਰਹੀ ਏ, ਤੇ ਇਹ ਸਾਰੇ ਖੰਡ ਮੰਡਲ ਬ੍ਰਹਮੰਡ ਭਵਾ-ਟੀਆਂ ਲੈ ਲੈ ਕੇ ਪ੍ਰਕਰਮਾ ਕਰ ਰਹੇ ਨੇ, ਤੇ ਵਿਚ ਖੜੋਤਾ ਵੱਡਾ ਵਿਜੂਓਆ, ਜੀਕਨ ਸਖੀਆਂ ਵਿਚ ਕੋਈ ਕਾਹਨ, ਕੋਈ ਅਣੋਖੀ ਸੁਰ ਨਾਲ ਅਣ-ਗਾਇਆ ਤੇ ਅਣ-ਵਾਇਆ ਅਨਾਹਤਾ-ਸ਼ਬਦ ਵਜਾ ਰਿਹਾ ਏ, ਜਿਸ ਦੀ ਗੂੰਜ ਅਣੂ ਤੇ ਪ੍ਰਮਾਣੂਆ

ਵਿਚੋਂ ਵੀ ਆ ਰਹੀ ਏ। ਹਾਂ ਇਹ ਸਾਰੇ ਛਿਪ ਲੁਕ ਕੇ ਢੋਲਕੀਆਂ ਤੇ ਛੈਣੇ ਵਜਾ ਰਹੇ ਨੇ! ਵਾਹ ਵਾਹ ਨੀ ਅਣੋਖੀ ਢੋਲਕੀਏ, ਤੇਰੀ ਮਸਤਾਨੀ ਠੱਕ ਠੱਕ, ਨੀ ਨੂਰਾਨੀ ਜੋਤ, ਤੁਹਾਡੀ ਮਸਤਾਨੀ ਲੋ, ਤੇ ਓ ਅਨੂਪਮ ਸੁਗੰਧੇ, ਜੁ ਜਨਮ ਜਨਮਾਤਰਾਂ ਦੀ ਮੈਲ ਨੂੰ ਇਕੋ ਹੀ ਲਪਟ ਨਾਲ ਧਰੂ ਟੁਰੇਂ! ਇਹ ਸਦੀਵੀ ਆਰਤੀ ਨਿਤ ਨਿਤ ਹੋ ਰਹੀ ਏ। ਇਸ ਆਰਤੀ ਦੇ ਮੰਦਰ ਖੰਡ ਮੰਡਲ ਬ੍ਰਹਮੰਡ ਤੇ ਵਣ ਤ੍ਰਿਣ ਤ੍ਰਿਭਵਣ ਵਿਚ ਹਰ ਵੇਲੇ ਖੁਲ੍ਹੇ ਹੋਏ ਨੇ--ਪਰ.....ਇਹਨਾਂ ਯਾਤਰੂਆਂ ਤੇ ਪਾਂਧਿਆਂ ਨੇ ਇਹ 'ਆਰਤੀ' ਅੱਜ ਪੈਹਲੀ ਵੇਰੀ ਸੁਣੀ ਏ! ਵਾਹ ਵਾਹ ਅੱਜ ਟੁੰਡੇ ਜਗਣ ਨਾਥ ਜੀ ਨੂੰ ਹੱਥ ਲਗੇ ਤੇ ਓਹਨਾਂ ਨੇ ਆਪ ਗਗਨ-ਥਾਲ ਪਵਿਤਰ ਕਰਾਂ ਨਾਲ ਫੜ ਕੇ ਆਰਤੀ ਜਗਾਈ, ਤੇ ਓਹਨਾਂ ਦੇ ਚਰਨ ਕਮਲ ਫੜ ਕੇ ਸਾਰੀ ਸ੍ਰਿਸ਼ਟੀ ਤਰ ਗਈ--ਓ ਰੱਬੀ ਬਾਬਾ, ਟੁੰਡਿਆਂ ਨੂੰ ਹੱਥ ਬਖਸ਼ਣ ਵਾਲਾ ਤੂੰ; ਡੋਰਿਆਂ ਨੂੰ ਅਨਹਤੀ ਡੋਰ ਬਖਸ਼ਣ ਵਾਲੜਾ ਤੂੰ !!

Sri Satguru Jagjit Singh Ji eLibrary NamdhariElibrary@gmail.com

# ਪੂਰਬ-ਫੇਰੀ, ਕਰੋ ਛੇਤਰ !

## (੫)

ਓ ਜੋਗੀਆ, ਓ ਸਾਗਰਾ ਰਤਨਾਗਰਾ, ਹੁਣ ਤੂੰ ਬੁਝੇ ਦੀਵੇ ਜਗਾ ਕੇ ਤੇ ਟੁੱਡੇ ਹੱਥਾਂ ਵਿਚ ਓਤ-ਪੋਤ-ਜੋਤ ਰਖ ਕੇ ਫਿਰ ਆਪਣੇ ਨਿਜ-ਘਰ ਵਲ ਧਾਂਇਓ ! ਸੁਭਾਗੀ ਓਹ ਧਰਤੀ ਜਿਥੇ ਤੈਂ ਪੈਰ ਧਰੇ, ਸੁਭਾਗਾ ਓਹ ਸਮਾ ਜਦ ਤੈਂ ਸਾਡੇ ਭਰਮ ਕੱਟੇ, ਸੁਨੈਹਰੀ ਓਹ ਬਚਨ ਜਿਨ੍ਹਾਂ ਨੇ ਕੈਂਚੀ ਬਣ ਕੇ ਕੱਟੇ ਸਾਡੇ ਬੰਧਨ ! ਓ ਬਾਬਾ, ਅੱਜ ਤੂੰ ਕਰੋਛੇਤਰ ਦੀ ਅਵੱਲੀ-ਭੌਂ ਤੇ ਵੀ ਆ ਪੁਜਾ ! ਇਥੇ ਅੱਜ ਕੋਈ ਗ੍ਰੈਹਣ ਲੱਗਾ ਹੋਇਆ ਵੇ---ਵਾਸਤਵ ਵਿਚ ਕਰੋ-ਛੇਤ੍ਰਰ ਤੇ ਸਦਾ ਹੀ ਗ੍ਰੈਹਣ ਲਗਾ ਰਹਿੰਦਾ ਏ---ਪਰ ਇਸ ਮਾੜੇ ਦਿਨ ਤੂੰ ਅਚਰਜ ਸ਼ਿਕਾਰ-ਕੀਤਾ। ਹਿਰਨ ਮਾਸ ਇਥੇ ਆ ਰਿੰਨ੍ਹਿਆ---ਭਲਾ ਐਡੀ ਪਵਿਤਰ ਧਰਤੀ ਤੇ ਫਿਰ ਤੈਂਡਾ ਉਬਲਦਾ ਤੇ ਗੜ੍ਹਕਦਾ ਤਬਲਬਾਜ਼ ਜਿਸ ਵਿਚ ਹਿਰਨ ਦੁੜੰਗੇ ਮਾਰੇ ! ਪਰ ਬਾਬਾ, ਤੂੰ ਬੋਲਦਾ ਨਹੀਂ ਤੂੰ ਸੈਨਤਾ ਨਾਲ ਇਸ਼ਾਰਿਆਂ ਨਾਲ ਦਸਨਾ ਏਂ.. ...

"ਮਾਸ ਮਾਸ ਕਰ ਮੂਰਖ ਝਗੜੇ ਗਿਆਨ ਧਿਆਨ ਨਹੀਂ ਜਾਣੈ......"

ਏਸ ਤੇਰੇ ਕਥਨ ਨਾਲ ਮੇਰੀਆਂ ਮੁੰਦੀਆਂ ਮੋਤੀਆਂ ਬਿੰਦ ਵਾਲੀਆਂ ਅੱਖਾਂ ਖੁਲ ਗਈਆਂ ਤੇ ਇਉਂ ਜਾਪਿਆ ਇਸ

ਕਰੋ-ਛੇਤਰੀ-ਧਰਤੀ ਤੇ ਫਿਰ ਗ੍ਰੈਹਣ ਲਗ ਗਿਆ ਏ, ਤੇ ਇਕ ਪਾਸੇ ਕੈਰਵਾਂ ਦੀ ਕਾਲੀ ਸੈਨਾ ਤੇ ਦੂਜੇ ਪਾਸੇ ਪਾਂਡਵਾਂ ਦੀ ਪਵਿਤਰ ਫੌਜ ਏ ! ਜਾਨਾਂ ਭੜਥੇ ਵਾਂਙ ਪਈਆਂ ਤਲੀਦੀਆਂ ਨੇ। ਕੋਈ ਮਿੰਟ ਨਹੀਂ, ਕੋਈ ਸਕਿੰਟ ਨਹੀਂ ਜਦ ਲਹੂ ਦੇ ਪਰਨਾਲੇ ਨਹੀਂ ਚਲਦੇ ਤੇ ਲੋਥਾਂ ਲੱਥ ਪੱਥ ਹੋ ਕੇ ਹੇਠਾਂ ਨਹੀਂ ਡਿਗਦੀਆਂ । ਇਕ ਪਾਸੇ ਮੰਦਾ-ਯੋਧਾ 'ਦੁਰ ਯੋਧਨ' ਏ, ਦੂਜੇ ਪਾਸੇ ਇਸ਼ਟ ਵਿਚ ਇਸਥਿਤ ਯੋਧਾ: 'ਯੁਧ-ਇਸਟਰ' ਏ- —ਹਾਂ, ਏਹਨਾਂ ਦੀ ਲੜਾਈ ਹੋਈ ਹੀ ਨਹੀਂ, ਨਿਤ ਨਿਤ ਹੋ ਰਹੀ ਏ, ਤੇ ਮਾਸ ਦੀਆਂ ਲੋਥਾਂ, ਵਗਦੇ ਤੱਤੇ-ਲਹੂ ਵਿਚ ਇੰਞ ਉਬਲਦੀਆਂ ਨੇ ਜੀਕਣ ਉਹ ਉਬਲਦਾ-ਹਿਰਨ ! ਏਹ ਕਰੋ-ਛੇਤਰ ਕੇਹੜਾ ਏ, ਜਿਸ ਵਿਚ ਮਾਸ ਨਿਤ ਨਿਤ ਰਿਝੀਂਦਾ ਵੇ ? ਇਹ ਸਾਡਾ ਅਗਿਆਨ-ਛੇਤਰ ਏ, ਜਿਸ ਵਿਚ ਪੰਚ-ਤੱਤ ਦੀ ਦੇਗ ਉਬਲਦੀ ਏ——ਓ ਪਾਂਡਿਓ, ਅਖਾਂ ਖੋਹਲੋ ਤੇ ਇਸ ਅਨੋਖੇ ਕਰੋਛੇਤਰ ਵੱਲ ਵੇਖੋ ! ਕੀ ਤੁਸੀਂ ਨਹੀਂ ਵੇਹਿੰਦੇ ਜੁ ਇਕ ਕੋਨੇ ਤੇ, ਇਕ ਸਿਰੇ ਤੇ ਬੈਠਾ ਮੁਰਲੀ-ਮਨੋਹਰ ਆਪਣੀ ਮੁਰਲੀ ਵਜਾ ਰਿਹਾ ਏ, ਤੇ ਓਸ ਧੁਨੀ ਦੀ ਕੁੰਜੀ ਸਾਰੇ ਜੰਦਰੇ ਕੜਾਕ ਕੜਾਕ ਖੋਹਲਦੀ ਤੇ ਸਾਡੇ ਭਰਮ ਗੜ੍ਹ ਤੋੜਦੀ ਏ ! ਓ ਅਨੋਖੇ ਮਾਸ-ਭੁੰਨਣ ਵਾਲਿਆ ਬਾਬਾ, ਸੱਚ ਏ : "ਮਾਸ ਮਾਸ ਕਰ ਮੂਰਖ ਝਗੜੇ, ਗਿਆਨ ਧਿਆਨ ਨਹੀਂ ਜਾਣੇ !" ਪੰਚ ਤਤ ਮਾਸ ਨੇ, ਤੇ ਉਹ ਨਿਤ ਨਿਤ ਕੜ੍ਹਦੇ ਨੇ, ਤੈਂਡੀ 'ਨਾਮ'——ਦੇਗ ਵਿਚ, ਪਰ ਤੂੰ ਸਦ-ਸੁਰਜੀਤ ! ਵਾਹ ਵਾਹ ਬਾਬੇ ਦੀ ਅਬਚਲੀ-ਦੇਗ !!

# ਪੂਰਬ-ਫੇਰੀ

## ਸੱਜਣ-ਠੱਗ ਕਿ ਸੰਸਾਰ-ਸੱਜਣ ?

## (੬)

ਓ ਬਾਬਾ, ਅੱਜ ਤੀਰਥ ਛਡ ਕੇ ਤੂੰ ਤੀਰਥ-ਯਾਤਰੂਆਂ ਨੂੰ ਵੀ ਆ ਮਿਲਿਆ, ਓਹਨਾਂ ਦੇ ਘਰ ਵਿਚ ਹੀ ਤੂੰ ਗੰਗਾ ਆ ਵਹਾਈ ! ਇਹ ਕੌਣ ਏ ? ਉਤੋਂ ਬਾਂਕਾ ਤੇ ਛੈਲ-ਛਬੀਲਾ ? ਰਬ ਜਾਣੇ, ਯਾ ਬਾਬਾ ਤੂੰ ਜਾਣੇ ? ਇਹ ਤਾਂ ਬੜਾ ਚੰਗਾ ਗੱਭਰੂ ਜਾਪਦਾ ਏ, ਵੇਖੋ ਨਾ ਇਕ ਪਾਸੇ ਇਸ ਨੇ ਮੁਸਾਫਰਾਂ ਵਾਸਤੇ ਮਸੀਤ ਚਾੜ੍ਹੀ ਏ ਤੇ ਦੂਜੇ ਪਾਸੇ ਮੰਦਰ ਚਾੜ੍ਹਿਆ ਏ। ਦੋਵਾਂ ਨਾਲ ਰੈਹਣ ਦਾ ਇੰਤਜ਼ਾਮ ਏ, ਦੋਵਾਂ ਨਾਲ ਸ਼ਬੀਲਾਂ ਨੇ ਤਤਿਆਂ ਨੂੰ ਠਾਰਨ ਵਾਲੀਆਂ ! ਤੇ ਹੋਰ ਨਾਲ ਬਿਜਲੀ ਵਰਗੇ ਤੇਜ਼ ਪਖੇ ਵੀ ਨੇ ਜਾਗਦਿਆਂ ਨੂੰ ਸਵਾਣ ਵਾਲੇ ਭੌਂਦੇ-ਪੱਖੇ––ਤੇ ਵੇਖੋ ਨਾ ਨਾਲ ਨਾਲ ਬਿਜਲੀ ਦੇ ਲਾੱਟੂ ਵੀ ਨੇ, ਜੋ ਲੱਟ ਲੱਟ ਬਲਦੇ, ਪਰ ਇਕ ਸਵਿਚ ਦੇ ਰਤਾ ਕੁ ਦਬਾਣ ਨਾਲ ਕਾਸੇ ਫਿਊਜ਼ ਦੀ ਤਾਰ ਨੂੰ ਕੱਢਣ ਨਾਲ ਸਾਰੇ ਲਾਟੂ ਮੁਸਰੀ ਵਾਂਙ ਸੌਂ ਜਾਂਦੇ ! ਹਾਂ ਇਹ ਤਾਂ ਬੜਾ ਦਾਨੀ ਵਡ-ਪੁਰਖ ਭਾਸਦਾ ਏ। ਤੇ ਓ ਮਰਦਾਨਿਆ, ਤੂੰ ਅੱਜ ਬੜਾ ਖੁਸ਼ ਏਂ, ਤੈਨੂੰ ਸੌਣ ਵਾਸਤੇ ਮਖਮਲੀ ਵਿਛੌਣੇ ਤੇ ਰੈਹਣ ਬੈਹਣ ਵਾਸਤੇ ਗਲੀਚੇ

ਤੇ ਖਾਣ ਪੀਣ ਵਾਸਤੇ ਚੋਪੜੀਆਂ ਜੁ ਮਿਲ ਗਈਆਂ ਨੇ..... ਪਰ ਔਹ! ਅਚਨਚੇਤ ਅੱਧੀ ਰਾਤੀਂ, ਕੀ ਹੋਇਆ, ਮਰਦਾਨਾ ਪਿਆ ਚੀਕਾਂ ਮਾਰਦਾ ਏ—ਇਕ ਹਿਰਦੇ-ਵੇਧਕ ਚੀਕ ਆਈ, ਫਿਰ ਕੋਈ ਨਹੀਂ ਆਈ! ਕੀ ਇਹ ਬਰੜ੍ਹਾਵਣਾ ਸੀ, ਜਾਂ ਕਿਸੇ ਨੇ ਮਰਦਾਨੇ ਦੀ ਸੰਘੀ ਘੁਟ ਲਈ! ਬਾਲਾ ਹਿੰਦੂ ਖੇਤਰ ਤੋਂ ਭੱਜਾ ਭੱਜਾ ਆਂਵਦਾ ਏ, ਇਸ ਮੁਸਲਮ-ਸਰਾਂ ਵੱਲ, ਤੇ ਮਰਦਾਨੇ ਦੀ ਛਾਤੀ ਤੇ ਓਹੋ ਲਿਸ਼ਕਿਆ-ਪੁਸ਼ਕਿਆ ਹੋਇਆ ਘਰ ਦਾ ਮਾਲਕ ਸਵਾਰ ਏ, ਤੇ ਮਰਦਾਨੇ ਦੀ ਸੰਘੀ ਇਸ ਬਗਲੇ-ਭਗਤ ਦੇ ਹੱਥ ਹੈ!...... ਵੇਖ ਕੇ ਗਰਦਨ ਛੁਟ ਗਈ, ਪਰ ਛੁਰੀ ਕਢ ਲਈ ਹੁਣ ਇਕ ਨਹੀਂ ਦੋ ਖ਼ੂਨ ਹੋਣ ਤੇ ਤਿਆਰ ਨੇ! ਤਾਂ..... ਬਾਬੇ ਜੀ ਦੀ ਮਧੁਰ ਅਵਾਜ਼.....ਪਤਾ ਨਹੀਂ ਕੇਹੜੇ ਅਕਾਸ਼ ਤੋਂ ਨਿੱਤਰ ਨਿੱਤਰ ਕੇ ਆਂਵਦੀ ਏ: "ਉਜਲ ਕੈਹਾਂ ਚਿਲਕਣਾ, ਘੋਟਮ ਕਾਲੜੀ ਮਸੁ," ਉਤੋਂ ਸੋਨਾ ਵਿਚੋਂ ਕਾਲਾ-ਗਿਲਟ, ਉਤੋਂ ਵਡਹੰਸ ਵਿਚੋਂ ਬਗਲਾ ਭਗਤ......ਓ ਲੋਗੋ, ਕੰਨ ਧਰ ਕੇ ਸੁਣੋ, ਏਹ ਮਧੁਰ ਮਧੁਰ ਧੁਨੀ ਕੀ ਆਂਹਦੀ ਏ, ਕੀ ਬਾਗਾਂ ਕੂਕ ਕੂਕ ਕੇ ਸੁਣਾਂਵਦੀ ਏ—ਕੀ ਏਹ ਮੈਂ ਤੈਂ ਤੇ ਹਰੱ ਕੋਈ ਦੀ ਫੋਟੋ ਨਹੀਂ ਏ ? ਏਹ ਸੱਜਣ-ਠਗ ਨਹੀਂ, ਏਹ ਮੈਂ ਤੈਂ ਤੇ ਹਰ ਇਕ ਗਲੇਫੇ-ਹੋਏ-ਧੁਕਾਨੂ ਦੀ ਮੂੰਹ ਬੋਲਦੀ ਤਸਵੀਰ ਏ! ਉਹ ਸਜਣਾ, ਤੂੰ ਮੈਡਾ 'ਸੱਜਣ' ਏ, ਤੂੰ ਮੈਨੂੰ ਦਸਿਆ ਜੇ ਮਿਤ੍ਰ-ਧ੍ਰੋਹੀ ਦਾ ਫਲ ਕੀ ਏ—ਤੂੰ ਚਰਣੀ ਲੱਗਾ ਤੇ ਤੈਨੂੰ ਵੇਖ ਕੇ ਸਾਰੀ ਸ੍ਰਿਸ਼ਟੀ ਰਾਹੇ ਪਈ, ਓ ਸੰਸਾਰ-ਸੱਜਣਾ ਬਲਿਹਾਰੇ, ਵਾਹ ਵਾਹ ਅੱਜ ਸੱਜਣ ਨੇ ਜਗ ਨਿਸਤਾਰਿਆ !!

# ਪੂਰਬ ਫੇਰੀ, ਕੌਡਾ ਰਾਕਸ਼ !

## (੭)

ਚੱਲ, ਓ ਮਰਦਾਨਿਆ, ਜੋ ਅੱਗੇ ਸਾਨੂੰ ਮਿਲਿਆ ਸੀ, ਉਹ ਤਾਂ ਲਿਸ਼ਕਿਆ-ਪੁਸ਼ਕਿਆ ਹੋਇਆ, ਸੂਟਡ-ਬੂਟਡ ਜੈਂਟਲਮੈਨ ਸੀ। ਸਾਡੀ ਸਭਿਯਤਾ ਦੀ ਸਚੀ-ਮੂਰਤ--ਪਰ ਏਹ ਕੌਣ ਏ, ਜਿੰਨ ਏ ਕੇ ਭੂਤ ਏ ? ਇਸ ਦਾ ਮੂੰਹ ਕਾਲਾ, ਇਸ ਦਾ ਦਿਲ ਕਾਲਾ, ਇਸ ਦੇ ਦੰਦ ਭਇਆਵਲੇ ਤੇ ਲਹੂ-ਲਿਬੜੇ ! ਤੇ ਔਹ ਵੇਖੋ ਨਾ ਤੱਤੀ-ਉਬਲਦੀ ਦੇਗ..... ਤੇ ਏਸ ਵਿਚ, ਹੈਂ ਕੀ, ਵੇਖਨੇ ਹਾਂ, ਨਿੱਕੇ ੨ ਮਸੂਮ, ਜਿਨ੍ਹਾਂ ਨੂੰ ਇਹ ਤੱਲ ਤੱਲ ਕੇ ਖਾ ਰਿਹਾ ਏ, ਜੀਕਣ ਕੋਈ ਖਾਏ ਵੜੇ ਤੇ ਪਕੌੜੀਆਂ ! ਓ ਮਰਦਾਨਿਆ, ਤੈਨੂੰ ਜੁ ਆਖਿਆ ਸੀ, ਕਿ ਤੂੰ ਏਧਰ ਨਾਂ ਜਾਈਂ, ਪਰ ਪਕੌੜਿਆਂ ਦੀ ਸੁਗੰਧ ਤੈਨੂੰ ਵੀ ਏਧਰ ਧੂਹ ਲਿਆਈ......ਤੇ ਕੀ ਵੇਖਨੇ ਹਾਂ, ਜੇ ਤੂੰ ਵੀ ਉਸੇ ਕੜਾਹ ਵਿਚ ਉਬਲਦੇ ਕੜਾਹ ਵਿਚ ! ਓ ਮਰਦਾਨਿਆ, ਓ ਮਰਦਾਨਿਆ, ਓ ਸਦ-ਭੁਖਿਆ-ਮਰਦਾਨਿਆ, ਵਧੇਰੀ-ਭੁਖ ਨੂੰ ਦੂਰ ਕਰਦਾ ਕਰਦਾ ਤੂੰ ਅੱਜ ਆਪ ਇਸ ਅਣੋਖੀ-ਭੁਖ ਦਾ ਸ਼ਿਕਾਰ !......"ਬਾਬਾ, ਮੈਨੂੰ ਹੱਥ ਦੇ ਕੇ ਬਚਾ ਲਵੋ, ਬਚਾ ਲਵੋ, ਮੈਂ ਸੜਦੇ-ਬਲਦੇ ਨੂੰ ਇਸ ਤਪਤ-ਕੜਾਹ ਤੋਂ ਕਢ ਲਵੋ," ਇਉਂ ਮਰਦਾਨਾ

Sri Satguru Jagjit Singh Ji eLibrary NamdhariElibrary@gmail.com

ਰੋਂਦਾ, ਚੀਕਦਾ ਤੇ ਬਿਲਲਾਂਦਾ ਏ! ਪਰ, ਕੋਲ ਖੜੋਤਾ ਮੈਂ ਪੁਛਨਾ ਹਾਂ, ਜੁ ਤੈਨੂੰ ਇਸ ਅੰਦਰ ਸੁੱਟ ਕੌਣ ਗਿਆ? ਤਾਂ ਮਰਦਾਨਿਆ, ਤੂੰ ਆਹਨਾ ਏਂ--"ਕੀ ਇਹ ਗਲ ਕਰਨ ਦਾ ਵਕਤ ਏ, ਪੈਹਲੋਂ ਜਲਦੇ ਬਲਦੇ ਨੂੰ ਕਢੋ, ਫਿਰ ਗੱਲਾਂ ਘਨੇਰੀਆਂ! ਤੇ ਓ ਮੈਂਡੇ ਸੀਤਲ-ਬਾਬਿਆ, ਤੂੰ ਇਕ ਝਪਟ ਨਾਲ ਇਸ ਵੜੇ-ਵਾਂਙ-ਤਲੀਂਦੇ ਮਰਦਾਨੇ ਨੂੰ ਕੱਢ ਲਿਆ----ਤੇ ਆਪਣੇ ਸ਼ਿਕਾਰ ਨੂੰ ਆਪਣੀ ਜ਼ਦ ਤੋਂ ਬਾਹਰ ਜਾਂਦਾ ਵੇਖ ਕੇ ਉਹ ਸ਼ਿਕਾਰੀ ਭੁੱਜਾ ਭੁੱਜਾ ਆਇਆ! ਹਾਂ, ਇਸ ਨੂੰ ਵੇਖ ਕੇ ਲੂੰ ਲੂੰ ਕੰਬਦੇ ਨੇ ਤੇ ਚਿਤ ਵਿਚ ਗਿਲਾਨੀ ਆਂਵਦੀ ਏ--ਏਹ ਕੌਣ ਏ, ਓ ਮਰਦਾਨਿਆਂ ਕੀ ਤੂੰ ਨਹੀਂ ਜਾਣਦਾ ਏਹ ਕੌਣ? ਏਹ ਓਹ ਕੌਡਾ-ਰਾਖਸ਼ ਏ, ਜੋ ਸੰਸਾਰ ਦਾ ਲਹੂ ਛੱਕਦਾ ਏ, ਏਹ ਕੌਡੀਆਂ-ਵਾਲਾ-ਕਾਲਾ-ਸੱਪ, ਇਹ ਛੱਜਲ-ਸਰਪ, ਇਹ ਕਾਲ ਦਾ ਭਿਆਨਕ ਰੂਪ, ਜੋ ਮੈਂ ਤੈਂ ਤੇ ਹਰ ਕੋਈ ਨੂੰ ਸਮਾ ਪਾ ਕੇਂ ਆ ਮਿਲਦਾ ਏ ਤੇ ਸਦਾ ਭੁਖੇ ਇਨਸਾਨ--ਜਿਸ ਦਾ ਨਾਂ ਏ ਮਰਦਾਨਾ--ਉਸ ਨੂੰ ਤੇ ਸਾਨੂੰ ਆਪਣੇ ਤੇਲ ਵਿਚ ਜਾ ਤਲਦਾ ਏ। ਓ ਕੌਡਿਆ, ਤੂੰ ਮੋਇਆ ਨਹੀਂ ਜੀਂਦਾ ਏਂ, ਤੈਂਡੇ ਬਾਟੇ ਵਿਚ ਅਸੀਂ ਨਿਤ ਨਿਤ ਤਲੀਂਦੇ ਹਾਂ, ਤੂੰ ਸਾਨੂੰ ਸੰਘਣੇ-ਬਨਾਂ ਵਿਚ, ਡੈਂਡਕ-ਬਨਾਂ ਵਿਚ ਡੰਡਾ ਲੈ ਕੇ ਆ ਚਮੁੱਟਨਾ ਵੇਂ----ਪਰ ਦੇਖ ਨਾ ਤੈਂਡੇ ਸਿਰ ਤੇ ਵੀ ਕੋਈ ਡੰਡਾ ਏ--

**'ਨਾਮ-ਡੰਡੇ'** ਨੂੰ ਵੇਖ ਕੇ ਤੂੰ ਵੀ ਅਜ ਪੰਘਰ ਗਿਆ! ਵਾਹ ਵਾਹ ਬਾਬੇ ਨੇ ਕੌਡੇ ਨੂੰ ਕੀਲ ਕੇ ਅਜ ਆਪਣਾ ਸ਼ਿਸ਼ ਬਣਾਇਆ!!

# ਪੂਰਬ-ਫੇਰੀ

## ਕੁਸ਼ਟੀ ਦੇ ਘਰ

## (੮)

ਓ ਸੋਹਣੇ-ਮਸੀਹਾ, ਅਜ ਕਿਧਰ ਤਿਆਰੀਆਂ ਨੇ ?...... ਦੂਜੇ ਪਾਸੇ ਇਕ ਕੋਹੜੀ ਆਪਣੀ ਕੱਖਾਂ ਦੀ ਕੁੱਲੀ ਵਿਚ ਬੈਠਾ ਹੋਇਆ ਏ, ਇਸ ਦੇ ਸਿਰ ਤੇ ਜੂਆਂ-ਭਰੀ-ਜੁੱਲੀ ਏ ਤੇ ਇਸ ਦੇ ਖਾਣ ਵਾਸਤੇ ਇਕ ਨਿਕੀ ਜਿਹੀ ਗੁੱਥੀ ਵੀ ਨਹੀਂ, ਕਿਉਂ ? ਭਾਈ, ਇਹ ਜਨਮ ਦਾ ਕੋਹੜੀ ਏ, ਇਸ ਦੇ ਅੰਗ ਅੰਗ ਤੇ ਛਾਲੇ ਪਏ ਹੋਏ ਨੇ, ਤੇ ਇਸ ਦੇ ਲੂੰ ਲੂੰ ਵਿਚੋਂ ਪਾਕਾਂ ਦੇ ਪ੍ਰਨਾਲੇ ਪਏ ਵਗਦੇ ਨੇ ਤੇ ਤੱਤੇ-ਫੋੜਿਆਂ ਨਾਲ ਇਸ ਦਾ ਸਰੀਰ ਤਲੀਂਦਾ ਏ, ਇਸ ਦੀ ਰਾਤ ਸੂਲਾਂ ਦੀ ਸੇਜਾ ਤੇ ਗੁਜਰਦੀ ਏ ਤੇ ਇਸ ਦਾ ਦਿਨ ਮਸਿਆ ਦੀ ਰਾਤ ਏ ! ਇਸ ਦਾ ਕੋਈ ਵਾਲੀ ਨਹੀਂ ਵਾਰਸ ਨਹੀਂ। ਮਾਪੇ, ਹਾਂ ਮਾਪੇ ਵੀ ਇਸ ਨੂੰ ਇਸ ਕੁੱਲੀ ਵਿਚ ਸੁੱਟ ਗਏ ਹਨ, ਨਾ ਇਸ ਕੋਲ ਕੋਈ ਪੈਸਾ ਨਾ ਟਕਾ ਨਾ ਕੋਈ ਸੰਗੀ ਨਾ ਸਾਥੀ, ਨਾ ਹਥ ਜੁ ਕਪੜਾ ਉਣੇ ਤੇ ਪਾਏ ਤੇ ਨਾ ਪੈਰ ਜੋ ਟੁਰੇ ਤੇ ਕੁਝ ਬਾਜ਼ਾਰੋਂ ਜਾਂ ਬਾਹਰੋਂ ਮੰਗ ਪਿਨ ਲਿਆਏ। ਫਿਰ ਇਹ ਖਾਂਦਾ ਕੀ ਏ ? ਓਹ ਜੋ ਓਸ ਦਾ ਇਹ ਡੱਬਾ ਕੁੱਤਾ, ਜੋ ਉਸ ਦੇ

ਕੋਲ ਰਹਿੰਦਾ ਏ, ਢੂੰਡ ਲਿਆਏ --ਇਹ ਕੁੱਤਾ ਆਪ ਵੀ ਥੋੜਾ ਥਿੱਕੜ ਖਾਂਦਾ, ਪਰ ਆਪਣੇ ਖਾਣ ਤੋਂ ਪੈਹਲੋਂ ਆਪਣੇ ਮਾਲਕ ਨੂੰ ਖਿਲਾਂਦਾ, ਤੇ ਸਾਰਾ ਦਿਨ ਪੂਛਲ ਚੁਕ ਕੇ ਗਲੀ ਮਹੱਲੇ ਤੇ ਕੂਚਿਆਂ ਵਿਚ ਫਿਰਦਾ ਤੇ ਕੁਝ ਕੁਝ ਆਪਣੇ ਮੂੰਹ ਵਿਚ ਲੈ ਹੀ ਆਂਵਦਾ ! ੳ ਮਾਲਕਾ, ਤੂੰ ਕਿਸ ਕਿਸ ਦੀ ਰਖਿਆ ਨਹੀਂ ਕਰਦਾ, ਏਹ ਡੱਬੂ-ਕੁਤਾ ਪ੍ਰਛਾਵੇਂ ਵਾਂਙ ਇਸ ਕੁਸ਼ਟੀ ਦੇ ਅੰਗ ਸੰਗ ਤੇ ਓਹਦਾ ਸੰਗੀ-ਸਾਥੀ, ਦੁਖੀਏ ਦਾ ਦਰਦ ਵਟਾਣ ਵਾਲਾ—ਪਰ ਵੇਖੋ ਨਾ, ਅੱਜ ਕਿਤਨੀ ਮੁਦਤ ਪਿਛੋਂ, ਕਈ ਸਾਲਾਂ ਮਗਰੋਂ ਪੈਰਾਂ ਦੀ ਆਵਾਜ਼ ਸੁਣੀ ਏ, ਏਧਰ ਕੋਈ ਇਸ ਕੁਸ਼ਟੀ ਦੀ ਕੁੱਲੀ ਵਲ ਆ ਰਿਹਾ ਏ ਤੇ ਇਹ ਕੋਹੜੀ ਸਾਰੀ ਜਿੰਦੜੀ ਅੱਖਾਂ ਵਲ ਲਿਆ ਕੇ ਉੜ ਉੜ ਕੇ ਤੱਕ ਰਿਹਾ ਹੈ !...... ਅੱਜ ਮੇਰਾ ਬਾਬਾ, ਇਸ ਜਨਮ-ਕੁਸ਼ਟੀ ਦੇ ਘਰ ਫੇਰੀ ਮਾਰਣ ਵਾਸਤੇ ਆਇਆ ਹੈ--ਕੋਹੜੀ ਕਦੇ ਪਿਛਾਂ ਹੱਟਦਾ ਹੈ, ਕਦੀ ਆਪਣੇ ਕੋਹੜ ਨੂੰ ਲੁਕਾਂਵਦਾ ਹੈ, ਪਰ ਇਹ ਅਣੋਖਾ ਤੀਮਾਰਦਾਰ ਏ, ਇਹ ਪੈਣ-ਸੱਟੇ ਹੀ ਆਪਣੇ ਖਿੜੇ ਬੁਲ੍ਹਾਂ ਨਾਲ ਨਾਮ-ਅੰਮ੍ਰਤ ਮਲ੍ਹਮ ਅੰਗ ਅੰਗ ਨੂੰ ਛੁਹਾਂਦਾ ਏ ! ੳ ਕੋਹੜੀਆ, ਤੂੰ ਪਿਛੇ ਨਾ ਹੱਟ, ਏਹ, ਮੇਰਾ ਬਾਬਾ, ਤੈਂ ਮੈਂ ਤੇ ਹਰ ਕੋਈ ਦਾ ਕੋਹੜ ਦੂਰ ਕਰਨ ਆਇਆ ਏ--ਤੇ ਓਹਦੀ ਰਬਾਬ ਰਹੀ ਖਹੀ ਪਾਕ ਦੀ ਵੀ ਜੜ੍ਹ ਪੁੱਟ ਕੇ ਸਾਨੂੰ ਫਿਰ ਸੁਵਰਨ-ਅੰਗ ਬਣਾਂਵਦੀ ਏ ! ਪਰ ਓਹ ਡੱਬੂ-ਕੁੱਤਾ ਕੇਹੜਾ ਏ ? ਏਹ ਮੇਰੇ ਕੁਸ਼ਟੀ-ਮਨ ਦਾ ਸਾਥੀ 'ਉਨਮਨ' ਏ, ਪਰ ਅੱਜ ਸੁੱਤਾ ਹੋਇਆ—ਮੈਂਡੇ ਬਾਬੇ ਦੀ ਨਾਮ ਰਬਾਬ ਸੁਣ ਕੇ ਇਹ ਵੀ ਚੌਕਨਾ ਹੋ ਜਾਣਾ ! ਵਾਹ ਵਾਹ ਮੈਂ ਕੁਸ਼ਟੀ, ਸੰਸਾਰ ਕੁਸ਼ਟੀ ਪਰ ਆਇਆ ਇਹ ਜਗਤ-ਮਸੀਹਾ !

# ਪੂਰਬ ਫੇਰੀ

## ਕਰੋੜੀ ਨੂੰ ਸੂਈ-ਦਾਨ !

## (੯)

ਓ ਚੋਜੀ ਬਾਬਾ, ਅੱਜ ਤੂੰ ਕਰੋੜੀ ਦੇ ਘਰ ਵੀ ਆ ਪੁੱਜਾ—ਕੀ ਤੂੰ ਮਾਹਲ-ਪੂੜੇ ਤੇ ਖੀਰਾਂ ਖਾਣ ਲਈ, ਯਾ ਆਪਣੇ ਖਾਲੀ ਖੀਸੇ ਪੁਰ ਕਰਣ ਲਈ, ਹਾਂ ਤੂੰ ਚੰਗਾ ਘਰ ਮੱਲਿਆ ਹੈ, ਆਸ ਹੈ ਜੁ ਹੁਣ ਤੇਰੀਆਂ ਪੰਜੇ ਉਂਗਲਾਂ ਛੇਤੀ ਘਿਓ ਵਿਚ ਹੋ ਜਾਵਣਗੀਆਂ, ਕਿਉਂਕਿ ਇਸ ਘਰ ਦੀ ਮੰਮਟੀ ਤੇ ਇਕ ਨਹੀਂ ਅਨੇਕ ਝੰਡੇ ਝੂੱਲ ਰਹੇ ਨੇ .—ਤੇ ਕੀ ਇਕ ਇਕ ਝੰਡਾ ਲੱਖਾਂ ਦੀ ਮੂੰਹ-ਬੋਲਦੀ-ਗਵਾਹੀ ਏ ? ਹਾਂ, ਅੱਜ ਇਸ ਸੁਨੈਹਰੀ-ਘਰ ਆ ਵੜਿਆ, ਮੇਰਾ ਬਾਬਾ, ਲੋਗਾਂ ਦੀਆਂ ਅੱਖੀਆਂ ਤੇਰੇ ਵੱਲ ਤੇ ਤੇਰੀਆਂ ਇਸ ਕਰੋੜੀ ਵੱਲ ਜੁ ਲਖ ਗਿਣ ਗਿਣ ਖੁਸ਼ ਹੋਂਵਦਾ ਤੇ ਫੁੱਲਿਆ ਨਹੀਂ ਸਮਾਂਵਦਾ—ਹਾਂ ਇਸ ਦੇ ਕਈ ਬੈਂਕ ਭਰੇ ਹੋਏ ਨੇ, ਕਈ ਬੈਂਕ ਤੇ ਬੀਮੇ ਦੀਆਂ ਕੰਪਨੀਆਂ ਇਸ ਦੀਆਂ ਆਪਣੀਆਂ ਨੇ ! ਕਈ ਮੋਟਰਾਂ, ਲੋਜ਼ ਰਾਇਸ਼ਾਂ ਇਸ ਦੀਆਂ ਆਪਣੀਆਂ ਨੇ ਤੇ ਘਰ ਵਿਚ ਰੇਡੀਓ ਹਰ ਵੇਲੇ ਵੱਜਦਾ ਰਹਿੰਦਾ ਹੈ ਤੇ ਮੋਹਣੀਆਂ ਦੌਰੀਆਂ ਕਰਦੀਆਂ ਰਹਿੰਦੀਆਂ ਨੇ ਤੇ ਭਾਂਵੇਂ

Sri Satguru Jagjit Singh Ji eLibrary NamdhariElibrary@gmail.com

ਇਹ ਸੇਠ ਜੀ ਟੁਰਦੇ ਨਹੀਂ, ਪਰ ਸਦਾ ਬੱਕੇ ਰੈਂਹਦੇ ਨੇ ਇਸ ਕਰ ਕੇ ਪੈਰਾਂ ਨੂੰ ਮੁਠੀਆਂ-ਭਰਣ ਵਾਸਤੇ ਹੋਰ ਬਾਂਦੀਆਂ ਨੇ--ਤੇ ਭਾਂਵੇਂ ਇਹ ਸੇਠ ਜੀ ਕਦੀ ਸਾਬਣ ਮੱਲ ਕੇ ਨਹਾਤੇ ਨਹੀਂ ਪਰ ਇਹਨਾਂ ਦੇ ਸਿਰ ਪੈਰ, ਨਖ ਸਿਰ ਕਿਸੇ ਇਤਰ ਯਾ ਲੈਵਿੰਡਰ ਵਿਚ ਸਦਾ ਡੁਬੇ ਰਹਿੰਦੇ ਨੇ ! ਹਾਂ, ਅੱਜ ਇਸ ਉੱਚੀ ਚੌਂਕੀ ਵਾਲੇ ਮਕਾਨ ਉਤੇ ਮੇਰਾ ਬਾਬਾ ਆ ਚੜ੍ਹਿਆ ! ਤਿੰਨ ਚੌਂਕੀਦਾਰ, ਇਕ ਨਹੀਂ ਤਿੰਨੇ, ਇੰਝ ਭਿਣ ਭਿਣ ਕਰ ਕੇ ਪੈ ਗਏ ਜੀਕਣ ਮਾਖਿਓ ਦੀਆਂ ਮੱਖੀਆਂ ਛੱਤੇ ਕੋਲ ਆਵਣ ਵਾਲੇ ਨੂੰ ਡੰਗਦੀਆਂ ਨੇ, ਤੇ ਇਕ ਬੁੱਲ੍ਹੀ-ਕੁੱਤੇ ਨੇ ਤਾਂ ਉਹ ਅਫੜਾ-ਦਫੜੀ ਲਿਆਂਦੀ ਜੁ ਉਪਰਲੀ ਛੱਤ ਹੇਠਾਂ ਤੇ ਹੇਠਲੀ ਉਪਰ ਹੋ ਗਈ ਤੇ ਇਸ ਦੀ ਭਿਅੰਕਰ ਅਵਾਜ਼ ਸੁਣ ਕੇ ਕਾਸੇ ਓਪਰੇ ਚੋਰ ਦਾ ਆਵਣਾ ਅਨੁਮਾਨ ਲਾ ਕੇ ਸੇਠ ਜੀ ਨੰਗੇ ਪੈਰ, ਭੱਜੇ, ਭੱਜੇ, ਆਪ ਹੇਠਾਂ ਆ ਗਏ, ਤੇ ਕੀ ਵੇਖਿਓ ਨੇ ਕਿ ਇਕ.....ਮਿੱਠੀ ਜੋਤ, ਨੂਰ ਫੁਹਾਰ ! ਮਹਿਕ ਗੁੱਧਾ ਮੁਜੱਸਮਾ-ਨੂਰ, ਖਿੜੀ ਹੋਈ 'ਜੋਤਿ ਜੋਤਿ' ਖੜੋਤਾ ਹੈ--ਮੰਗਦਾ ਕੁਝ ਨਹੀਂ, ਕੁਝ ਦੇਂਵਦਾ ਹੀ ਹੈ ! "ਹਾਂ ਜੀ, ਇਹ ਕੀ ਦਿਤ-ਦਾਤ ਹੈ ਜੁ ਆਪ ਜੀ ਮੇਰੇ ਵਾਸਤੇ ਲੈ ਆਏ ਹੋ? ਨਿੱਕੀ ਜਿਹੀ ਸੂਈ ! ਭਲਾ ਇਸ ਨੂੰ ਮੈਂ ਕੀ ਕਰਨਾ ਹੈ ?" "ਤੁਸਾਂ ਤਾਂ ਕੁਝ ਨਹੀਂ ਕਰਨਾ, ਪਰ ਮੈਨੂੰ ਇਸ ਦੀ ਅਗੇ ਲੋੜ ਹੋਏਗੀ--ਜਿਥੇ ਤੁਸੀਂ ਹੋਰ ਆਪਣੀ ਤੜੀ-ਮੂੜ੍ਹੀ ਧਨ ਸੰਪਤਾ ਨਾਲ ਲੈ ਜਾਵੋਗੇ, ਇਹ ਮੇਰੀ ਇਕੋ ਇਕ ਚੀਜ਼ ਵੀ ਓਥੇ ਨਾਲ ਲੈ ਜਾਣਾ-ਅਸੀਂ ਅੱਗੇ ਚਲ ਕੇ ਲੈ ਲਵਾਂਗੇ। ਤੁਹਾਡਾ ਸ਼ੁਕਰ

ਮੰਨਾਂਗੇ !......" ਓ ਕਰੋੜੀ, ਇਹ ਸੂਈ ਸੀ ਕਿ ਖੰਦੂਈ, ਇਹ ਤੇਰੀਆਂ ਅੱਖਾਂ ਨੂੰ ਸੱਲ ਗਈ, ਤੂੰ ਸੁਤਾ ਪਿਆ ਜਾਗਿਆ, ਇਕ ਕਰੋੜ ਨਹੀਂ ਕਿਤਨੇ ਕਰੋੜ ਤੂੰ ਇਹਨਾਂ ਚਰਨ-ਕਮਲ਼ਾਂ ਤੋਂ ਨਿਛਾਵਰ ਕੀਤੇ- ਤੇਰੇ ਤਿੰਨ ਗੁਣੀ, ਤਿੰਨ-ਚੌਂਕੀਦਾਰ, ਤੇ ਖੂੰ-ਖਾਰ ਕਰੋਧੀ-ਕੁੱਤੇ ਵੀ ਜਾਗੇ ! ਵਾਹ ਵਾਹ ਅੱਜ ਨਿਕੇ-ਕਰੋੜੀ ਦੇ ਘਰ ਵੱਡਾ-ਕਰੋੜੀ ਆਇਆ, ਦੇਣ ਲਈ ਕੁਝ : ਕਰੋੜੀ ਦੇ ਘਰ 'ਨਾਮ' ਦੀ ਸੂਈ-ਖੰਦੂਈ !!

# ਪੂਰਬ-ਫੇਰੀ

## ਰੇਠਾ ਮਿਠਾ !

## (੧੦)

ਓ ਬਾਬਾ, ਤੇਰੀ ਸਾਰੀ ਯਾਤਰਾ, ਤੇਰੀ ਪੂਰਬ-ਫੇਰੀ ਭਾਵੇਂ ਭੁਲ ਜਾਵੇ, ਪਰ ਨਿਕੇ ਨਿਕੇ ਮੁੰਡੇ ਵੀ, ਗਲੀ ਵਿਚ ਟੁਰਨ ਵਾਲੇ ਮੁੰਡੇ ਵੀ ਜਾਣਦੇ ਨੇ ਜੇ ਇਕ ਥਾਂ ਤੈਂ 'ਰੇਠੇ ਨੂੰ ਮਿੱਠਾ' ਕੀਤਾ ! ਓਹ ਰੇਠਾ ਹੁਣ ਤਕ ਫ਼ਲਦਾ ਫ਼ੁਲਦਾ ਤੇ ਕਾਸੇ ਯੋਗੀਆਂ ਦੇ ਮੱਠ ਨੂੰ ਹੁਣ ਤਕ ਸੁਹਾਂਵਦਾ ਏ ! ਇਸ ਗੋਰਖ-ਮਤੇ ਵਿਚ ਇਕ ਨਹੀਂ ਅਨੇਕ ਜੋਗੀ ਜਤੀ ਤੇ

Sri Satguru Jagjit Singh Ji eLibrary NamdhariElibrary@gmail.com

ਸੰਨਿਆਸੀ ਸਨ, ਤੇ ਓਹਨਾਂ ਵਿਚੋਂ ਹਰ ਇਕ ਚਤਰ-ਵੇਦੀ ਸੀ। ਚਵਾਂ ਵੇਦਾਂ ਤੇ ਸਾਰੀਆਂ ਉਪਨਿਸ਼ਦਾਂ ਦਾ ਗਿਆਤਾ ਤੇ ਧਿਆਤਾ! ਪਰ ਓ ਜੋਗੀਓ, ਤੁਹਾਨੂੰ ਕੀ ਮਾਰ ਵੱਗ ਗਈ? ਤੁਹਾਡੇ ਘਰ ਵਿਚ ਗੰਗਾ, ਤੁਹਾਡੇ ਆਂਙਣ ਵਿਚ ਰੇਠੇ ਦਾ ਓਹ ਬੂਟਾ ਜੁ ਕੋਮਲ ਸਾਬਣਾਂ ਨੂੰ ਵੀ ਮਾਤ ਕਰੇ ਤੇ ਪੱਟਾਂ ਦੇ ਲੱਛੇ ਧੋ ਧੋ ਕੇ ਨਾ ਰੱਜੇ, ਪਰ ਤੁਸੀਂ ਇਸ ਬ੍ਰਿਛ ਨੂੰ ਰੋਜ਼ ਵੇਖਦੇ, ਇਸ ਦੀ ਛਾਵਾਂ ਹੇਠ ਪਲਦੇ, ਇਸ ਪੱਖਾ-ਪਤਰਾਂ ਨਾਲ ਗਰਮੀ ਨੂੰ ਠੰਡਾ ਕਰਦੇ, ਪਰ ਫਿਰ ਵੀ ਤੁਸੀਂ ਇਸ ਰੇਠੇ ਨੂੰ ਆਪਣੇ ਬਦਨ ਤੇ ਨਾ ਮਲਦੇ--ਓਏ ਜਨਮ ਜਨਮ ਦੀ ਮੈਲ ਤੁਹਾਡੀ ਚਿਟੀ-ਬਿਭੂਤ ਹੇਠਾਂ, ਓ ਜੋਗੀਓ, ਓ ਭਰਮ ਰੋਗੀਓ! ਸੱਚ ਏ, ਦੀਵੇ ਹੇਠਾਂ ਹਨੇਰਾ। ਤੁਸੀਂ ਪੱਟ ਦੇ ਲੱਛੇ ਜ਼ਰੂਰ, ਪਰ ਤੁਹਾਡੇ ਮਨ ਮੈਲੇ ਓਹਨਾਂ ਨੂੰ ਰੇਠੇ-ਦੀ-ਲੋੜ, ਰੇਠੇ ਦੀ ਚਿੱਟੀ-ਝੱਗ ਦੀ ਲੋੜ ਤੇ ਥੋੜ! ਓ ਸੋਹਣਿਆ ਰੇਠਿਆ, ਮੈਂ ਤੈਨੂੰ ਕਈ ਵੇਰੀ ਖਾ ਕੇ ਵੇਖਿਆ ਵੇ, ਇਹ ਸਮਝ ਕੇ ਜੁ ਤੂੰ ਕੋਈ ਸੁਕੀ ਹੋਈ ਖੁਮਾਣੀ ਹੋਵੇਂਗੀ, ਪਰ ਖਾ ਕੇ ਮੂੰਹ ਬਕ-ਬਕਾ ਮਾਨੋ ਸਾਰੀ ਕਸਟਰੈਲ ਦੀ ਬੋਤਲ ਮੂੰਹ ਵਿਚ ਕਿਸੇ ਨੇ ਡੋਲ ਘੱਤੀ ਏ! ਓ ਰੇਠਿਆ, ਤੂੰ ਐਡਾ ਕੌੜਾ ਕਿਉਂ? ਹਾਂ ਸਮਝ ਗਿਆ ਤੇਰੀ ਸੈਨਤ, ਤੇਰੀ ਪੇਸ਼ਾਨੀ ਤੇ ਵੀ ਓਹ ਝੁਰੜੀਆਂ ਨੇ ਜੁ ਵਡੇ ਪਿਤਾ ਪਿਤਾਮਾਹਾ ਦੇ ਸਿਰ ਤੇ ਹੋਂਦੀਆਂ ਨੇ ਤੇ ਜਿਹਨਾਂ ਇਕ ਇਕ ਲੀਕਾਂ ਦੇ ਪਿਛੇ ਇਕ ਇਕ ਰਾਮ-ਕਹਾਣੀ ਮੌਜੂਦ ਹੋਂਦੀ ਏ--ਹਾਂ ਕੀ ਤੂੰ ਆਪਣੀ ਰਾਮ-ਕਹਾਣੀ ਮੈਨੂੰ ਨਹੀਂ ਦਸੇਂਗਾ? ਤਾਂ ਰੇਠਾ ਬੋਲਿਆ, ਸਤਜੁਗ ਵਿਚ ਮੈਂ ਤੇਰੇ ਖੁਮਾਣੀ ਤੋਂ;

Sri Satguru Jagjit Singh Ji eLibrary NamdhariElibrary@gmail.com

ਕਾਬਲ ਕੰਧਾਰ ਦੀ ਇਸ ਫਲਾਂ ਰਾਣੀ ਤੋਂ ਵੀ ਮਿੱਠਾ ਸਾਂ। ਨਾਲੇ ਮਿੱਠਾ, ਨਾਲੇ ਮੈਲਾਂ ਧੋਂਦਾ, 'ਨਾਮ' ਝੱਗ ਮੈਂ। ਜਿਹਾ ਪੱਟ ਤੇਹੀ ਮੇਰੀ ਲੂੰ ਲੂੰ ਵਿਚ ਖੁਭਵੀਂ ਲੱਛੇਦਾਰ ਝੱਗ-- ਪਰ ਇਸ ਕਲਯੁਗ ਵਿਚ ਮੇਰੀ ਕਦਰ ਕਿਸੇ ਨਾ ਕੀਤੀ। ਮੈਂ ਮਿੱਠਤ ਛੱਡ ਕੌੜਾ ਹੋ ਗਿਆ, ਪਰ ਆਪਣਾ ਗੁਣ ਨਾ ਗਵਾਇਆ, ਹੁਣ ਵੀ ਮੇਰੀ ਖੁਲ੍ਹੀ ਹੋਈ ਲਾਂਡਰੀ ਤੇ ਮੇਰੀਆਂ ਪਾਵਨ-ਦੇਗਾਂ !---ਪਰ ਅਜ ਆਇਆ ਏ ਇਕ ਸਤਜੁਗੀ ਯੋਗੀ, ਜਿਸ ਨੂੰ ਮੈਂ ਮਿਲਿਆ ਸਾਂ ਢੇਰ ਚਿਰ ਹੋਏ, ਓਹ ਜਦ ਮੈਨੂੰ ਜੱਫੀ ਪਾ ਕੇ ਮਿਲਿਆ ਤਾਂ ਮੈਂ ਫਿਰ ਮਿੱਠਾ ਹੋ ਗਿਆ ! ਵਾਹ ਵਾਹ ਅੱਜ ਨਾਮ-ਪਰਸ ਨਾਲ ਰੇਠਾ ਵੀ ਮਿੱਠਾ !

# ਪੂਰਬ-ਫੇਰੀ

## ਸਾਲਸਰਾਏ-ਜਵਾਹਰੀ

## (੧੧)

ਓ ਸਾਲਸ-ਰਾਏ ਜਵਾਹਰੀ, ਅੱਜ ਤੂੰ ਕੀ ਡਿੱਠਾ ਏ ਇਸ ਮਰਦਾਨੇ ਦੇ ਹਥ ? ਇਕ ਤਾਂ ਤੂ ਝੁਕ ਝੁਕ ਕੇ ਸਲਾਮਾਂ ਕਰਦਾ, ਜੀਕਣ ਲੋਕੀ ਕਿਬਲੇ ਵਲ, ਦੂਜਾ ਤੂੰ ਆਪਣਾ ਹਾਟ-ਪੱਟਨ ਤੇ ਬਾਜ਼ਾਰਾਂ ਨੂੰ ਇਸ ਦੇ ਅੱਗੇ

Sri Satguru Jagjit Singh Ji eLibrary NamdhariElibrary@gmail.com

ਚੜ੍ਹਾਵਾ ਚੜ੍ਹਾਂਦਾ ਜੀਕਣ ਮਹਾਰਾਜ ਰਣਜੀਤ ਸਿੰਘ ਆਪਣੀ ਰਤਨਾ ਲੱਦੀ ਚਾਨਣੀ ਗੁਰੂ-ਬਾਬੇ ਦੇ ਦਰਬਾਰ ਵਾਸਤੇ ਕਰਦਾ ਏ ਭੇਟਾ ! ਓ ਜਵਾਹਰੀਆ; ਤੂੰ ਭੁਲਦਾ ਏਂ, ਤੈਨੂੰ ਘਰ ਬਾਹਰ, ਤੈਂਡੇ ਸੰਗੀ ਸਾਥੇ ਸਾਰੇ ਇਉਂ ਆਂਹਦੇ ਨੇ ਜੁ ਤੂੰ ਭੁਲਨਾ ਏਂ, ਓਹ 'ਕੋਹਿਨੂਰ' ਹੀਰਾ ਜੋ ਤੂੰ ਆਹਨਾਂ ਏਂ ਮੈਂ ਇਸ ਮਰਦਾਨੇ ਦੇ ਹੱਥ ਡਿੱਠਾ ਏ, ਓਹ ਸੱਚ ਮੁਚ ਹਮਾਤੜ ਤਮਾਤੜ ਦੇ ਹੱਥ ਨਹੀਂ ਆਂਵਦਾ—ਯਾ ਤਾਂ ਇਹ ਮੁਗਲਾਂ ਦਾ ਸਿਰਤਾਜ ਸੀ ਯਾਂ ਉਹ ਦੇ ਹੱਥ ਆਇਆ ਜਿਸ ਨੇ ਤਖਤਿ-ਤਾਊਸ ਲੁਟਿਆ, ਫਿਰ ਨਾਦਰ-ਗ਼ਰਦੀ ਵਿਚ ਨੱਠਾ ਨੱਠਾ ਮਹਾਰਾਜੇ ਰਣਜੀਤ ਸਿੰਘ ਜੀ ਪਾਸ ਆਇਆ ਜਿਸ ਨੇ ਇਜੇਹੇ ਹਾਰ ਮੇਰੇ-ਬਾਬੇ ਨੂੰ ਦੂਜੀ ਕਿਸ਼ਤ ਵਿਚ ਦੇਣ ਲਈ ਸਾਂਭ ਰਖਿਆ ਸੀ, ਪਰ ਜੋ ਕਿਸ਼ਤ ਅਜੇ ਤਕ ਪੂਰੀ ਨਹੀਂ ਹੋਈ--ਪਰ ਹੋਏ ਬਿਨਾਂ ਰੈਹ ਵੀ ਨਹੀਂ ਸੱਕਦੀ--ਪਰ, ਓ ਸਾਲਸਾ; ਤੂੰ ਤਾਂ ਬੜਾ ਸਿਆਣਾ ਵੇ, ਤੂੰ ਤਾਂ ਹੋਰਾਂ ਭੁੱਲੜਾਂ ਦਾ ਸਿਰਪੰਚ ਏ, ਤੂੰ ਤਾਂ ਵਿਚ ਪੈ ਕੇ ਸਾਲਸੀ ਕਰਨਾ ਏਂ, ਤੇਰੇ ਕੋਲੋਂ ਕੇਹੜੀ ਗੱਲ ਭੁਲੀ ਏ, ਪਰ ਅੱਜ ਤੂੰ ਵੀ ਭੁਲ ਗਿਆ ਤੇ ਆਪਣਾ ਆਪ, ਆਪਣੀ ਗਾੜ੍ਹੀ ਕਮਾਈ ਗੁਆ ਬੈਠਿਓਂ !--ਤੂੰ ਫਿਰ ਵੇਖ ਫਿਰ ਪਰਖ, ਇਹ ਕੋਹਿਨੂਰ ਨਹੀਓਂ, ਤੂੰ ਝੁਕ ਝੁਕ ਕੇ ਸਲਾਮਾਂ ਕਿਉਂ ਕਰਨਾ ਏਂ ਤੇ ਨੱਠਾ ਨੱਠਾ ਬਾਬੇ ਦੇ ਦਰਬਾਰ ਕਿਉਂ ਜਾਨਾ ਏਂ--ਪਰ ਸਾਲਸ ਰਾਏ ਅੱਜ ਲੋਟ ਪੋਟ ਏ, ਓਸ ਨੇ ਓਹ "ਹੀਰਾ ਲਾਲ ਅਮੋਲਕ ਹੈ ਭਾਰੀ, ਬਿਨ ਗਾਹਕ ਮੀਕਾ ਕਾਖਾ" ਇਹਨਾਂ ਆਪਣਿਆਂ ਦੀਦਿਆਂ ਨਾਲ ਡਿੱਠਾ

ਏ ਤੇ ਓਹਦੇ ਲੂੰ ਲੂੰ ਵਿਚ ਝਰਨਾਟਾਂ ਵੱਗ ਟੁਰੀਆਂ ਨੇ। ਓ ਰਾਹ-ਜਾਂਦਿਆ ਮਰਦਾਨਿਆ ਜੇ ਤੇਰੀ ਗੰਵੜੀ ਵਿਚ ਇੱਡੀ ਲੋ ਵੇ, ਤਾਂ ਪਤਾ ਨਹੀਂ ਤੇਰੇ ਬਾਬੇ ਦੇ ਡੱਬੇ ਵਿਚ ਕਿਤਨਾ ਕਿ ਵੱਡਾ ਨੂਰ ਹੋਵੇਗਾ......ਭੱਜੀ ਭੱਜੀ ਆਂਵਦਾ ਇ, ਪਸੀਨਾ ਪਸੀਨਾ, ਚਰਨ-ਸ਼ਰਨ ਤੇ ਢੈਂਦਾ ਏ––ਲੂੰ ਲੂੰ ਵਿਚੋਂ ਕੋਹਿਤੂਰ ਦਾ ਜਲਵਾ, ਭੱਖਦੀ ਪਹਾੜੀ ਵਾਂਕ ਵੱਗ ਟੁਰਦਾ ਏ! ਓ ਜਾਦੂਗਰਾ, ਇਸੇ ਨੂਰ ਇਸੇ ਕੋਹਿਨੂਰ ਦਾ ਮੈਂ ਭੁੱਖਾ, ਪਰ ਅੱਜ ਠੰਡ ਪੈ ਗਈ। ਅੱਜ ਅਰਜ਼ਾਂ ਕਬੂਲ ਹੋਈਆਂ, ਚੌਰਾਸੀਆਂ ਕੱਟੀਆਂ ਗਈਆਂ, ਮੇਰੇ ਖੁਲ੍ਹੇ ਹੱਟ ਹੀ ਸਦ-ਖੁਲ੍ਹੇ, ਜੋ ਆਇ ਸੋ ਪਾਏ! ਵਾਹ ਵਾਹ ਅੱਜ ਸਾਲਸ ਰਾਇ ਜਵਾਹਰੀ ਨੂੰ ਆਪਣਾ ਲਾਲ 'ਨਾਮ' ਅਨਾਮ ਲੱਭਾ !!

# ਪੂਰਬ-ਫੇਰੀ

## ਕਾਮ ਰੂਪ ਵਿਚ !

## (੧੨)

ਓ ਸੂਰਜ-ਦਿਸ਼ਾ! ਤੈਂਡੇ ਵੱਲੋਂ ਸੂਰਜ ਨਿਤ ਚੜ੍ਹਦਾ ਏ, ਤੂੰ ਪ੍ਰਕਾਸ-ਜਨਣੀ ਅੰਮੀਂ ਏ––ਪਰ ਹਾਏ, ਦੀਵੇ ਹੇਠਾਂ ਹਨੇਰਾ, ਤੇਰੇ ਮੰਦਰਾਂ ਵਿਚ ਹਨੇਰਾ, ਤੇਰੀਆਂ ਗਲੀਆਂ ਕੂਚਿਆਂ ਵਿਚ ਹਨੇਰਾ, ਤੇਰੀਆਂ ਨਦੀਆਂ ਨਾਲਿਆਂ ਵਿਚ ਵੀ ਹਨੇਰਾ;

ਫਿਰ ਤੇਰਾ ਨੂਰ ਕਿਥੇ ਹਰਨ ਹੋ ਗਿਆ ਕਿ ਕਾਫ਼ੂਰ ਹੋ ਗਿਆ ? ਹਾਂ ਸਮਝ ਲਿਆ ਓਹਨਾਂ ਟੂਣਿਆਂ, ਜਾਦੂਆਂ ਤੇ ਹੱਥ ਤੇ ਸਰ੍ਹਿਓਂ ਜਮਾਣ ਵਾਲਿਆਂ ਮੋਹਣੀ ਮੰਤਰਾਂ ਵਿਚ ਅਲੋਪ ਹੋ ਗਿਆ, ਜੁ ਕਾਮ ਰੂਪ ਦੀਆਂ ਕਾਮਣੀਆਂ ਵਾਂਙ ਇਹ ਭਾਰਤ-ਵਰਸ਼ੀ ਵੀਰ ਫਿਰ ਉੱਠ ਉੱਠ ਕਰਦੇ ਹਨ ! ਕੋਈ 'ਛੂ-ਮੰਤਰ' ਦਾ ਵਣਜਾਰਾ ਏ, ਕੋਈ 'ਹਰੀਅੰ-ਕਰੀਅੰ' ਦਾ ਉਚਾਰਾ ਏ, ਕੋਈ 'ਉਣ ਮਣ' ਦਾ ਲਿਖਾਰਾ ਏ, ਤੇ ਓਹ ਸਮਝਦੇ ਨੇ, ਜੁ ਇਹ ਮੰਤਰ ਹੱਥ ਨਹੀਂ ਆਇਆ ਕਿ ਜਿਨ ਭੂਤ ਤੇ ਪ੍ਰੇਤ ਆਪੇ ਹੀ ਵਸ ਨਹੀਂ ਹੋਏ ! ਕੀ ਇਹਨਾਂ ਗੁੰਝਲਾਂ ਵਿਚ ਅੱਜ ਮਰਦਾਨਾ ਨਹੀਂ ਜਾ ਫਸਿਆ ਜੁ ਅੱਜ ਉਸ ਕਾਮਣੀ ਦੇ ਮੁੱਨੇ ਨਾਲ ਬੱਝਾ ਹੋਇਆ 'ਮੈਂ-ਮੈਂ' ਪਿਆ ਕਰਦਾ ਏ ! ਓ ਮਰਦਾਨਿਆ, ਐਡਾ ਸਿਆਣਾ ਤੂੰ, ਪਰ ਕੇਹੜੇ ਵਖਤਾਂ ਵਿਚ ਆ ਫਸਿਆ, ਹੋਰ ਸਭ ਕੁਝ ਭੁਲਾ ਬੈਠਾ ਸਿਰਫ ਇਕ 'ਮੈਂ ਮੈਂ' ਹੀ ਤੈਨੂੰ ਯਾਦ ਰਹਿ ਗਈ ! ਹਾਂ ਇਸ ਮੈਂ ਦਾ ਮਾਰਿਆ ਹੋਇਆ ਵੇ ਤੂੰ ! ਓ ਨਿੱਤ ਉਠ ਭੱਜਦੇ ਮਰਦਾਨਿਆ ! ਨਾ ਤੈਨੂੰ ਦਿਨੇ ਸੁਖ, ਨਾ ਤੈਨੂੰ ਰਾਤੀ ਚੈਨ, ਪਰ ਓਹ ਅਵਸਥਾ ਫਿਰ ਵੀ ਚੰਗੀ ਸੀ, ਪਰ ਅੱਜ ਕਿਸੇ ਟੂਣ-ਹਾਰੀ ਦੇ ਚਰਖੇ ਨਾਲ ਜਾ ਬੱਝਾ। ਓਹ ਚਰਖਾ ਚਲਾਏ ਤੇ ਤੂੰ ਘੂੰ ਘੂੰ ਸੁਣ ਕੇ ਹੋਰ ਵਧੇਰਾ ਲੇਟੇਂ, ਤੇ ਜੇ ਤੈਨੂੰ ਕੋਈ ਮਾਰ ਕੇ ਵੀ ਚਾ ਜਗਾਏ, ਤਾਂ ਵੀ 'ਮੈਂ ਮੈਂ' ਤੋਂ ਸਵਾਏ ਹੋਰ ਕੁਝ ਨਾ ਅਲਾਏ ! ਓ ਮਰਦਾਨਾ, ਅੱਜ ਇਹ ਕੀ ਅਣੋਖੀ ਨੀਂਦਰ ਏ–ਤਤਿਆਂ ਕੜਾਹਾਂ ਵਿਚ ਕੜ੍ਹੇ ਤੂੰ, ਓਥੋਂ ਨਿਕਲ ਕੇ ਫਿਰ ਇਸ ਗੁਫ਼ਾ ਵਿਚ ਆ ਵੜ੍ਹੇਂ ਤੂੰ ! ਓ ਵੀਰਾ, ਜਾਗ ਨਾ,

ਆਪਣੀ ਹੱਡ ਬੀਤੀ ਕਹਾਣੀ ਰਤਾ ਕੁ ਤਾਂ ਸੁਣਾ ! ਤਾਂ ਮੈਂ ਵੇਖਿਆ, ਜੁ ਮੇਰੀ ਪੁੱਛ ਗਿਛ ਸੁਣ ਕੇ ਮਰਦਾਨਾ ਵਧੇਰਾ ਲੱਟੂ ਹੋ ਗਿਆ, ਜੀਕਣ ਕਿਸੇ ਝਹੂ ਨੂੰ ਹੱਥ ਪਾਈਏ ਤਾਂ ਓਹ ਆਪਣੀ ਸਿਰੋੜੀ ਹੋਰ ਵਧੇਰੇ ਲੁਕਾ ਕੇ ਕੰਡਿਆਂ ਦੀ ਹੀ ਵਾੜੀ ਬਣ ਜਾਂਦਾ ਏ ! ਓ ਬਾਬਾ, ਓਹ ਮੇਰੇ ਆਖੇ ਨਹੀਓਂ ਤੇਰੇ ਹੀ ਆਖੇ ਬੋਲੇਗਾ, ਮੈਂ ਉਸ ਨੂੰ ਟੁੰਬ ਟੁੰਬ ਕੇ ਜਗਾ-ਇਆ ਏ; ਪਰ ਓਹ ਹੋਰ ਵਧੇਰਾ ਸੁੰਗੜਿਆ ਵੇ......ਪਰ, ਮੇਰੇ ਜਾਦੂਗਰ ਬਾਬਾ, ਤੇਰੀ ਇਕ ਨਿਕੀ ਜਿਹੀ ਚੂੰਡੀ ਤੇ ਮਰਦਾਨਾ ਉਠ ਬੈਠਾ, ਤੇ ਸ਼ੇਰ ਵਾਂਙ ਗਜਿਆ, ਓਹਦਾ ਲੇਲਾਪਨ ਕਾਫ਼ੂਰ ਹੋ ਗਿਆ, ਤੇ ਆਪਣੀਆਂ ਅੱਖਾਂ ਮੱਲ ਕੇ ਆਖਣ ਲੱਗਾ, ਮੈਨੂੰ ਤੁਸਾਂ ਐਡਾ ਚਿਰ ਕਿਉਂ ਭੁਲਾ ਰਖਿਆ ! ਓ ਮਰਦਾਨਿਆ, ਮੈਂਡੀ ਮੂਰਤ ਤੂੰ, ਹੋਰਾਂ ਦੇ ਜਗਾਣ ਤੇ ਆਪ ਨ ਜਾਗਾਂ, ਪਰ ਕਸੂਰ ਜਗਾਣ ਵਾਲਿਆਂ ਦਾ । ਵਾਹ ਵਾਹ ! ਬਾਬੇ ਦੀ ਇਕ ਨਿਕੀ ਨਾਮ-ਚੂੰਡੀ ਮੁਰਦਿਆਂ ਨੂੰ ਕਬਰ ਵਿਚੋਂ ਉਠਾਣ ਵਾਲੀ !!

Sri Satguru Jagjit Singh Ji eLibrary NamdhariElibrary@gmail.com

# ਪੂਰਬ-ਫੇਰੀ

## ਪ੍ਰਾਗਰਾਜ ਤੇ ਸਰਸਵਤੀ

## (੧੩)

ਓ ਪੂਰਬ ਫੇਰੀਏ, ਤੇਰੀ ਸੁਹਾਵਣੀ ਛੱਬੀ ਮੇਰੀਆਂ ਅੱਖਾਂ ਤੋਂ ਛੇਤੀ ਛੇਤੀ ਅਲੋਪ ਨਹੀਂ ਹੋ ਸੱਕਦੀ । ਇਸ ਫੇਰੀ ਵਿਚ ਓ ਬਾਬਾ, ਤੈਂ ਇਕ ਨਹੀਂ, ਅਨੇਕ ਤੀਰਥ ਤੇ ਹੋਰ ਵੱਡੇ ੨ ਧਰਮ ਗਾਹੇ, ਅਨੇਕ ਗੋਸ਼ਟਾਂ ਤੇ ਅਨੇਕ ਪ੍ਰਕਾਰ ਦੀਆਂ ਲੀਲ੍ਹਾਂ ਤੈਂ ਰਚੀਆਂ ਤੇ ਵਿਖਾਈਆਂ । ਹਾਂ ਇਸ ਸੂਰਜ-ਸੇਕੀ ਸੁੰਦਰ ਧਰਤੀ ਦੇ ਵਿਚੋਂ ਹੁਣ ਤੱਕ ਤੇਰੀ ਰਬਾਬ ਦੀ ਧੁੰਨੀ ਉੱਠਦੀ ਹੈ ਤੇ ਜੀਕਣ ਇਹ ਪੰਜ ਦਰਿਆ ਤੇਰਾ ਜਮਾਂਦਰੂ ਦੇਸ਼ ਯਾ ਵਤਨ ਹੋਣ ਦਾ ਦਾਈਆ ਰੱਖਦੇ ਨੇ, ਤੀਕਣ ਹੀ ਓਹ ਸਾਰੀ ਪਵਿਤਰ ਧਰਤੀ, ਜਿਸ ਤੇ ਗੰਗਾ ਜਮਨਾ ਤੇ ਬ੍ਰਹਮ-ਪੁਤਰਾਂ ਦੀਆਂ ਤ੍ਰਿੰਨ ਨੀਲੀਆਂ ਧਾਰਾਂ ਵੱਗ-ਦੀਆਂ ਨੇ, ਓਹ ਵੀ ਤੇਰਾ ਹੀ ਨਾਓਂ ਗਾਂਵਦੀਆਂ ਤੇ ਹਰ-ਦਮ ਚਿਤਵਦੀਆਂ ਰੈਂਹਦੀਆਂ ਨੇ । ਓ ਗੰਗਾ-ਜਮਨਾ ਦੋ ਭੈਣੋਂ, ਮੈਂ ਸੁਣਿਆ ਹੈ, ਜੇ ਕਦੇ ਤੁਸੀਂ ਦੋ ਥਾਂ ਤ੍ਰਿੰਨ ਸੋ, ਤੇ ਤੁਹਾਡੀ ਤੀਜੀ ਭੈਣ ਸਰਸਵਤੀ ਦੀ ਇਸ ਸੰਗਮ ਤੇ ਮਿਲ ਕੇ 'ਤ੍ਰਿਬੇਨੀ' ਬਣਾਂਵਦੀ ਸੀ, ਪਰ ਅੱਜ ਤੀਜੀ ਭੈਣ

Sri Satguru Jagjit Singh Ji eLibrary NamdhariElibrary@gmail.com

ਕਿਧਰੋਂ ਤੁਹਾਡੇ ਸੁਤਿਆਂ ਸੁਤਿਆਂ ਟੁਰ ਗਈ ਜਾਪਦੀ ਏ। ਤੁਸੀਂ ਸੋਤਲ, ਪਰ ਓਹ ਚੈਤੰਨ, ਤਾਹੀਂ ਤਾਂ ਓ ਜੋਤ ਸਰੂਪ ਨਾਲ ਜੁੜ ਕੇ ਜੋਤ ਹੋ ਗਈ ਏ! ਓ ਸੂਖਮ ਭੈਣ, ਜਿਨੂੰ ਅੱਖਾਂ ਵੇਖ ਕੇ ਮੋਹਤ ਹੋ ਜਾਂਦੀਆਂ ਤੇ ਲੂੰ ਲੂੰ ਵਸ ਰਸ ਦੀਆਂ ਝਰਨਾਟਾਂ ਵੱਗ ਟੁਰਦੀਆਂ ! ਹਾਂ, ਓ ਬਾਬਾ, ਜਦ ਤੂ ਪ੍ਰਯਾਗ-ਸੰਗਮ ਤੇ ਆਇਆ ਤਦ ਓਹ ਤੀਜੀ ਸੂਖਮ-ਭੈਣ ਤੇਰੇ ਚਰਨ ਕਮਲਾਂ ਦੀ ਭੌਰਾ ਬਣ ਕੇ ਤੈਂ ਵਿਚ ਸਮਾ ਗਈ ! ਓ ਸੋਹਣੀਓ ਭੈਣੋਂ, ਤੁਸੀਂ ਸਤਯੁਗ ਤੋਂ ਇਕੱਠੀਆਂ ਸੋ: 'ਜਮਨਾ' ਜਮ-ਜਾਈ, ਭੈ-ਵਲ੍ਹੇਟੀ ਭੈਣ, ਗੰਗਾ ਗਾਂਵਦੀ ਵਾਂਵਦੀ ਗਾ ਗਾ, ਤੇ ਭਗਤੀ ਦੀ ਰੂਪ-ਸਰੂਪ, ਜਿਸ ਭਗਤੀ ਬਿਨਾ ਮਾਰਗ ਦਾ ਪੈਂਡਾ ਕੱਛਣਾ ਅਤੀ ਹੀ ਅਸੰਭਵ ਏ। ਪਰ ਤੁਹਾਡੀ ਤੀਜੀ 'ਸਾਰ-ਰਸ-ਵਤੀ' ਓਹ ਜਿਸ ਵਿਚ ਤੱਤ-ਸੱਤ ਦਾ ਗਿਆਨ ਏ, ਤੇ ਜੁ ਇਹਨਾਂ ਤਿੰਨਾਂ ਭੈਣਾਂ ਦੀ ਸਿਰਤਾਜ ਏ, ਹਾਂ ਓਹ ਵਡ-ਰਾਣੀ, ਅੱਜ ਤੇਰੇ ਚਰਨ-ਕਮਲਾਂ ਦੀ ਦਾਸੀ ਬਣ ਕੇ ਤੈਨੂੰ ਨਿਤ ਨਿਤ ਪਰਸਦੀ ਤੇ ਤੇਰੇ ਨਾਲ ਇੰਞ ਅੰਗ ਸੰਗ ਜੀਕਣ ਸਾਡੇ ਨਾਲ ਸਾਡਾ ਪ੍ਰਛਾਵਾਂ ! ਓ ਬਾਬਾ, ਤਦ ਦੀ, ਹਾਂ ਤਦੋਕਣੀ ਇਹ ਸਾਰ-ਰਸ ਗੁੱਧੀ ਦੇਵੀ ਤੇਰੇ ਨਾਲ ਪੂਰਬ ਪੱਛਮ, ਉੱਤਰ ਦੱਖਣ, ਕੱਛਦੀ ਤੇ ਜਿੱਥੇ ਤੇਰੇ ਚਰਨ ਜਾ ਪਵਣ ਓਥੇ ਤੂੰ ਵੀ ਜਾ ਨਿਕਲਦੀ ! ਓ ਸਾਰ-ਰੱਸ, ਤੱਤ-ਸਤ ਪ੍ਰੋਤੀਏ ਦੇਵੀਏ, ਤੂੰ ਧੰਨ, ਧੰਨ, ਤੇਰਾ ਵਾਸਾ ਹੁਣ ਉਹ ਸਤਸੰਗਤ ਹੈ, "ਜਿਥੇ ਏਕੋ ਨਾਮ ਪਹਚਾਨੀਐ"--ਤਾਂ ਹੀ ਤੇ ਤੂੰ ਮਾਤ ਲੋਕ ਵਿਚ ਅਲੋਪ ਹੋ ਕੇ ਚਰਨ-ਕਮਲਾ ਵਿਚ ਜਾ ਸਮਾਈ ਏਂ ! ਵਾਹ ਵਾਹ

ਪ੍ਰਯਾਗ ਰਾਜ ਵਿਚੋਂ ਨਿਕਲੀ ਨਿਰਮਲ ਧਾਰਾ, ਮੇਰੇ ਬਾਬੇ ਦੇ ਚਰਨ ਚੁਮੇ !!

# ਪੱਛਮ ਫੇਰੀ

## ਬਾਬੇ ਮੱਕਾ ਫੇਰਿਆ !

### (੧)

ਮੇਰੇ ਚੋਜੀ ਬਾਬਾ, ਅੱਜ ਤੁਸਾਂ ਪੂਰਬ ਨੂੰ ਨਿਹਾਲ ਕਰ ਕੇ ਪੱਛਮ ਵਲ ਮੁਖ ਮੋੜਿਆ ਏ ! ਉਂਞ ਤਾਂ ਭਾਵੇਂ ਜੁਗ ਜੁਗ ਤੇ ਖੰਡ ਮੰਡਲ ਬ੍ਰਹਮੰਡ ਸਾਰੇ ਤੇਰੀ ਹੀ ਜੋਤ ਨਾਲ ਜਗਦੇ ਨੇ, ਪਰ ਤੂੰ ਹੋਇਓ ਜੁ ਦਹਦਿਸਾਂ ਦਾ ਰਾਖਾ, ਅੱਜ ਤੂੰ ਘੜੀ ਦੇ ਪੈਂਡੂਲਮ ਵਾਂਙ ਪੱਛਮ ਵਲ ਚੜ੍ਹਾਈਆਂ ਕਰ ਟੁਰਿਆ ! ਓ ਸਹਿਕਦੇ, ਓ ਤਰਸਦੇ ਪੱਛਮਾ, ਬਲਿਹਾਰ, 'ਦੇਰ ਆਇਦ, ਦਰੁਸਤ ਆਇਦ', ਭਾਵੇਂ ਤੇਰੀ ਵਾਰੀ ਦੇਰ ਨਾਲ ਆਈ ਏ, ਪਰ ਤੂੰ ਪੂਰਬ ਤੋਂ ਵੀ ਵਡੇ ਵਧ ਚੜ੍ਹ ਕੇ ਮੋਰਚੇ ਮੱਲਣੇ ਨੇ । ਕਿਉਂ ਨਾ ਮੱਲੇਂ, ਜੀਕਣ ਪੂਰਬ ਨੂੰ ਚੜ੍ਹਦੇ ਸੂਰਜ ਦਾ ਮਾਣ ਏ, ਤੈਨੂੰ ਢਲਦੇ ਸੂਰਜ ਦਾ

Sri Satguru Jagjit Singh Ji eLibrary NamdhariElibrary@gmail.com

ਮਾਣ ਏ, ਤੇ ਤੇਰੀ ਕੁੱਖ ਵਲ ਓ ਕਿਬਲਾ ਵੇਂ, ਜਿਸ ਵਲ
ਚੋਖੀ ਦੁਨੀਆਂ ਮੂੰਹ ਕਰ ਕੇ ਸਿਜਦੇ ਕਰਦੀ ਏ !

ਹਾਂ, ਅੱਜ ਬਾਬਾ ਇਸ ਕਿਬਲੇ ਤੇ ਆ ਪੁੱਜਾ ਏ
"ਨੀਲ ਬਸਤਰ ਪੈਹਨ ਹੋਇਆ ਬਨਵਾਰੀ"—ਹਾਂ ਅੱਜ ਬਸੰਤੀ
ਬਾਣੇ ਵਾਲਾ ਬਾਬਾ, ਨੀਲੀ ਹਾਜੀਆਂ ਵਾਲੀ ਪੋਸ਼ਾਕ ਪੈਹਨ
ਕੇ ਬਾਬਾ ਹਜ ਕਰਣ ਲਈ ਇਸ ਮੱਕੇ ਸ਼ਰੀਫ ਦੀ ਚਾਰ
ਦਿਵਾਰੀ ਵਿਚ ਆ ਵੜਿਆ । ਓ ਬਾਬਾ, ਹੋਰ ਲੋਕ ਝੁੱਕ
ਝੁੱਕ ਕੇ ਸਿਰ ਨਿਵਾਂਦੇ ਨੇ, ਪਰ ਤੂੰ ਨਹੀਓਂ ਸਿੱਜਦਾ ਕਰਦਾ
ਨਾ ਸੰਗਿ-ਅਸਵਦ ਨੂੰ ਚੁੰਮਦਾ । ਜਦ ਰਾਤ ਪਈ ਤੇ ਸਾਰੇ
ਲੋਕ ਸੌਂ ਗਏ ਤਾਂ ਤੂੰ ਆਪਣੀਆਂ ਲੱਤਾਂ ਇਸ ਕਿਬਲੇ ਵਲ
ਕਰ ਕੇ ਲੰਮੀਆਂ ਤਾਣ ਗਇਓਂ । ਓਹ ਕਾਜ਼ੀ ਤੇ ਮੁੱਲਾਂ
ਸਵੇਰ ਦੇ ਤੈਨੂੰ ਤਾੜ ਰਹੇ ਨੇ, ਇਹ ਕੌਤਕ ਵੇਖ ਕੇ ਚੁੱ
ਨਾ ਰਹਿ ਸਕੇ; ਪੁੱਛਿਓ ਨੇ, ਤੂੰ ਕੌਣ ਕਾਫ਼ਰ ਏ,
ਮੋਮਨਾਂ ਵਿਚ ਆ ਕੇ ਕੁਫ਼ਰ ਤੋਲਨਾ ਏਂ, ਤੇ ਇਸ ਪਾਕ
ਕਾਹਬੇ ਵੱਲ ਆਪਣੇ ਖੌਸੜੇ ਮੋੜਨਾ ਵੇਂ ? ਓ ਬਾਬਾ, ਇਸ
ਕੌਤਕ ਨੂੰ ਵੇਖ ਕੇ ਸਾਰੀ ਜਨਤਾ ਤੈਂਡੇ ਮਗਰ ਇੰਝ
ਚਮੁਟੀ ਜੀਕਣ ਧਮੂੜੀਆਂ ਦਾ ਖਿਰਖਲਾ ਕਾਸੇ ਨੂੰ ਚੰ
ਕੇ ਪੈਂਦਾ ਏ। ਪਰ ਤੂੰ ਨਹੀਓਂ ਬੋਲਦਾ, ਨਹੀਓਂ ਕੁਸਕਦਾ
ਨਹੀਂ ਉੱਠਦਾ, ਨਹੀਓਂ ਲਮੀਆਰੀਆਂ ਲੱਤਾਂ ਨੂੰ ਸੁੰਗੜਦਾ
ਯਾ ਮੋੜਦਾ । ਜਦ ਤੈਨੂੰ ਤਾੜਨ ਵਾਲਿਆਂ ਦੇ ਗੁੱਸੇ
ਪਾਰਾ ਤੇਜ਼ ਹੋ ਗਿਆ ਤੇ ਫਿਰ ਤੈਨੂੰ ਲੱਤੋਂ ਪਕੜ
ਓਹਨਾਂ ਨੇ ਘਸੀਟਿਆ, ਪਰ ਘਸੀਟਣਾ ਕੀ ਸੀ,
ਭਵਾਟੀ ਨਾਲ ਮੱਕਾ ਵੀ ਫਿਰ ਗਿਆ: 'ਬਾਬੇ ਮੱਕਾ ਫੇਰਿ

ਜ਼ਾਹਰੀ ਕਲਾ ਵਿਖਾਈ !' ਓ ਬਾਬਾ, ਤੇਰੀ, ਕਲਾ ਜੁ ਮੈਂ ਕੋਲ ਬੈਹ ਕੇ ਵੇਹਨਾਂ ਸਾਂ ਕੀ ਸੀ ? ਤੂੰ ਆਪਣੀ ਚੁੰਬਕ-ਹੌ ਨਾਲ ਸਾਰਿਆਂ ਦੀਆਂ ਅੱਖੀਆਂ ਵਿਚੋਂ ਮੋਤੀਆ ਬਿੰਦ ਚਾ ਕਢਿਆ ਤੇ ਓਹਨਾਂ ਨੂੰ ਪਤਾ ਲੱਗਾ ਜੂ ਸਚਮੁਚ 'ਲਾ-ਮਕਾਨ' ਨੂੰ 'ਮਕੀਨ' ਬਣਾਨਾ ਤੇ ਇਸੇ ਸੰਗਿ ਅਸਵਦ ਵਿਚ ਵੇਖਣਾ, ਵਾਸਤਵ ਵਿਚ ਬੁਤਪ੍ਰਸਤੀ ਏ ! ਹਾਂ ਇਸ ਤੇਰੀ ਚੁੰਬਕ ਛੋਹ ਨੇ ਇਹ ਭਰਮ ਗੜ੍ਹ ਤੋੜਿਆ ਤੇ "ਖ਼ੁਦਾ ਕੀ ਸ਼ਾਨ ਕਾਅਬੇ ਮੈਂ ਅਜਾਇਬ ਬੁਤਪ੍ਰਸਤੀ ਹੈ" ਦਾ ਭੂਤ ਕੱਢਿਆ ! ਵਾਹ ਵਾਹ ਬਾਬੇ ਦੀ ਪੱਛਮ-ਫੇਰੀ ਤੇ ਬੁੱਤ-ਸ਼ਿਕਨਾਂ ਨੂੰ ਬੁਤ-ਪ੍ਰਸਤੀ ਤੋਂ ਹੋੜਨਾ !!

# ਪੱਛਮ-ਫੇਰੀ

## ਬਗ਼ਦਾਦ ਤੇ ਦਸਤਗੀਰ ਪੀਰ !

## (੨)

ਮੇਰੇ ਅਨੂਠਾ ਬਾਬਾ, ਮੱਕੇ-ਸ਼ਰੀਫ਼ ਵਿਚ ਜਾ ਕੇ ਤੈਂ ਸਥੂਲ ਭਰਮ ਤੋੜਿਆ; ਪਰ ਬਗ਼ਦਾਦ ਵਿਚ ਤੇਰੇ ਵਾਸਤੇ ਸੂਖਮ ਭਰਮ ਦੀਆਂ ਕੰਧਾਂ ਚੜ੍ਹੀਆਂ ਹੋਈਆਂ ਸਨ, ਇਸ ਲਿਸ਼ਕਦੇ ਸ਼ੀਸ਼ੇ, ਪਰ ਬੱਜਰ ਵਤ ਕਠੋਰ ਸ਼ੀਸ਼ੇ ਨੂੰ ਤੋੜਨਾ ਹੋਰ ਵੀ ਅਸੰਭਵ ਸੀ ! ਤਾਂ ਤੇ ਤੂੰ ਜਿਥੇ ਮੱਕਾ ਸ਼ਰੀਫ ਵਿਚ

Sri Satguru Jagjit Singh Ji eLibrary NamdhariElibrary@gmail.com

ਚੁੱਪ ਧਾਰੀ, ਪਰ ਚੁੱਪ ਵਿਚ ਗੜੁੱਪ ਨਿਕਲ ਕੇ ਕਾਫ਼ਰਾਂ ਨੂੰ ਮੋਮਨ ਕੀਤਾ, ਹੁਣ ਤੂੰ ਅੱਜ ਏਥੇ ਦੂਈ ਖੇਡ ਖੇਡੀ-ਕੀ ? ਓ ਬਾਬਾ, ਤੂੰ ਅੱਜ ਬਾਂਗੀ ਬਣ ਕੇ ਬਾਂਗ ਦੇਣ ਲੱਗ ਪਿਆ, ਤੇਰੀ ਬਾਂਗ ਅਨੋਖੀ ਤੇ ਸੌਖੀ । ਵੇਖੋ ਨਾ ਤੇਰੀ ਬਾਂਗ ਕੀ ਸੁਣਾਂਦੀ ਏ:-

"ਸਤਿ ਸ੍ਰੀ ਅਕਾਲ, ਗੁਰਬਰ ਅਕਾਲ,
ਚਿਤ ਚਰਨ ਨਾਮ, ਘਰ ਘਰ ਪ੍ਰਨਾਮ,
ਪ੍ਰਭੂ ਕਿਰਪਾਲ, ਜੋ ਸਰਬ ਜੀਵਾਲ !"

ਹਾਂ, ਇਕੋ ਅਕਾਲ ਪੁਰਖ ਸੱਤ ਏ, ਉਸ ਤੋਂ ਛੁਟ ਹੋਰ ਸਭ ਕੁਝ ਅਸੱਤ ਏ ਤੇ ਓਸ ਅਕਾਲ ਪੁਰਖ ਦਾ ਦੱਸਣ ਵਾਲਾ ਗੁਰੂ ਵੀ ਓਹ ਆਪ ਏ-ਵੱਡਾ ਗੁਰੂ ਏ ਵਾਹਿਗੁਰੂ ਆਪ-ਆਪ ਪੜ੍ਹੇ ਆਪ ਪੜ੍ਹਾਏ ! ਓਹਦੇ ਨਾਮ ਦਾ ਆਸਰਾ ਏ ਜੁ ਇਸ ਚਿਤ ਨੂੰ ਮੱਲ ਕੇ ਬੈਠਾ ਹੋਇਆ ਏ। ਹਾਂ ਓਹਨਾਂ ਚਰਨ-ਕਮਲਾਂ ਦਾ ਆਸਰਾ, ਜਿਸ ਦੇ ਕਮਲ-ਪਾਦ ਨੂੰ ਘਰ ਘਰ, ਘਟ ਘਟ ਵਿਚ ਸੇਂਵਦੇ ਤੇ ਸਿਮਰਦੇ ਨੇ-ਓਹ ਅੱਲਾ, ਅੱਲ-ਰਹਮਾਨ ਏ, ਪਤਿਤਾਂ ਨੂੰ ਪਾਵਨ ਕਰਨ ਵਾਲਾ ਏ, ਤੇ ਓਹਦੀ ਪਵਿਤਰ ਨਾਮ ਛੋਹ ਨਾਲ ਸਰਬ ਸ੍ਰਿਸ਼ਟੀ ਇਸ ਬ੍ਰਹਮੰਡ ਵਿਚ ਮੰਜ਼ਲਾਂ ਕੱਛਦੀ ਫਿਰਦੀ ਏ ! ਇਸ ਅਣੋਖੀ ਬਾਂਗ ਨੂੰ ਸੁਣ ਕੇ ਦਿਲਾਂ ਵਿਚ ਜਮਿਆ ਹੋਇਆ ਨੂਰ ਪੰਘਰ ਪਿਆ। ਪਰ ਅੱਜ ਪੀਰਾਂ ਤੇ ਦਸਤਗੀਰਾਂ ਦੇ ਹਿਰਦੇ ਸੂਖਮ ਭਰਮਾਂ ਨਾਲ ਲਦੇ ਪਏ ਸਨ। ਉਸ ਜਾਲੇ ਨੂੰ ਕੌਣ ਚਾਏ ਤੇ ਪ੍ਰਤੱਖ 'ਅੱਲ-ਇਲਾ' (ਵਾਹਿਗੁਰੂ) ਦੇ ਦਰਸ਼ਨ ਕੌਣ ਕਰਾਏ !

Sri Satguru Jagjit Singh Ji eLibrary NamdhariElibrary@gmail.com

ਪਰ ਓ ਬਾਬਾ ਤੇਰੀ ਰਬਾਬ ਦੀ ਇਕ ਟੁਣਕਾਹੇ ਨੇ ਓਹ ਧੁਨੀ ਛੇੜੀ ਜਿਸ ਵਿਚ:–

"ਪਾਤਾਲਾ ਪਾਤਾਲ ਲੱਖ ਆਗਾਸ ਆਗਾਸ"

ਦਾ ਚਰਚਾ ਸੀ। ਏਹ ਬਾਣੀ ਬਲਦੀ ਉਪਰ ਤੇਲ ਦਾ ਕੰਮ ਕਰ ਗਈ, ਹੁਣ ਹੋਰ ਕੀ ਸੀ, ਜਦ ਬਾਂਗ ਖਤਮ ਹੋਈ ਤਾਂ ਬੈਹਸਾਂ ਛਿੜੀਆਂ ! "ਓ ਬਾਬਾ, ਤੂੰ ਤਾਂ ਕੈਹਨਾ ਏਂ ਲਖ ਅਗਾਸ ਤੇ ਲੱਖ ਪਾਤਾਲ, ਪਰ ਅਸਾਂ ਤਾਂ ਆਪਣੀਆਂ ਕਿਤਾਬਾਂ ਵਿਚ ਸਿਰਫ ਸਤ ਅਕਾਸ ਤੇ ਸਤ ਪਾਤਾਲ ਦਾ ਹੀ ਵਰਨਣ ਪੜ੍ਹਿਆ ਹੈ, ਹੋਰ ਆਕਾਸ਼ ਕਿਥੇ ਨੇ ?" ਹੁਣ ਬਾਬੇ ਦਾ ਇਮਤਿਹਾਨ ਏ, ਤੇ ਪਰਖਣ ਲਈ ਦਸਤਗੀਰ ਆਪ ਨਹੀਂ, ਓਹਦਾ ਨਿਕੇ ਤੋਂ ਨਿਕਾ ਪੁਤ ਤਿਆਰ ਏ, ਜੀਕਣ ਕੋਈ ਮੋਟਰ ਯਾ ਹਵਾਈ ਜਹਾਜ ਦੀ ਤਿਆਰੀ ਵਾਸਤੇ ਤ੍ਰਤਪਰ ਹੋਂਦਾ ਏ ! ਓ ਬਾਬਾ, ਤੇਰੀ ਇਕ ਨਾਮ-ਚੁਟਕੀ ਨਾਲ ਇਹ ਬਲੂੰਗੜਾ ਸਹੰਸਰ ਹੀ ਅਕਾਸ਼ ਤੈ ਕਰ ਆਇਆ, ਬਾਹਰ ਐਡੇ ਨਹੀਂ, ਜਿਤਨਾ ਕਿ ਅੰਤਰ ਗਤਿ ਤੇ ਹਰ ਇਕ ਤਬਕੇ ਨੇ ਓਹਦੇ ਮੱਥੇ ਤੇ ਆਪਣਾ ਤਿਲਕ ਲਾਇਆ ਤੇ ਹਥ ਵਿਚ ਆਪਣਾ ਮਹਾਨ ਉਤਮ ਪ੍ਰਸ਼ਾਦਿ (ਕੜਾਹ ਪ੍ਰਸਾਦਿ) ਪਾਇਆ–ਓ ਅਖੁਟ ਭੰਡਾਰ ਜੁ ਹੁਣ ਤਕ ਨਹੀਂ ਮੁਕਦਾ, ਜੁ ਬਚਣ ਤੇ ਮੈਂ ਖਾਇਆ। ਵਾਹ ਵਾਹ, ਭਰਮ ਗੜ੍ਹ ਤੋੜਨ ਲਈ ਓ ਬਾਬਾ ਤੈਂ ਦਸਤਗੀਰ ਦਾ ਕੋਮਲ-ਪੂਤ: 'ਈਮਾਨ' ਚਾ ਅਰਸ਼ ਤੇ ਜਾ ਚੜ੍ਹਾਇਆ––ਇਥੇ ਸੂਖਮ-ਭੂਤ ਨੂੰ ਵੀ ਜਾ ਢਾਹਿਆ !

———

# ਪੱਛਮ-ਫੇਰੀ

## ਈਸਾ ਤੇ ਜਗਤ-ਈਸਾ !

## (੩)

ੳ ਸੈਲਾਨੀ ਬਾਬਾ, ਪਤਾ ਨਹੀਂ ਪੁਰਾਣੇ ਇਤਹਾਸ ਕਾਰ ਤੇਰੀ ਯੋਰੋਸ਼ਲਮ (Gerusalem) ਯਾਤਰਾ ਨੂੰ ਭੁਲ ਗਏ ਨੇ, ਤੂੰ ਜਦ ਚੌਕੁੰਟੀ ਦਾ ਚੱਕਰ ਲਾਇਆ ਤਾਂ ਆਪਣੀ ਫੇਰੀ ਵਿਚ ਯੋਰੋਸ਼ਲਮ ਤੇ ਵੀ ਜਾ ਦੀਦਾਰੇ ਦਿਤਿੳ ਨੀ, ਦਰਸ਼ਨ ਦਿਤੇ ਬਿਨਾਂ ਤੂੰ ਰਖੀਕਣ ਰਹੇਂ ? ਤੇਰੀ ਸਵਰਨ ਟਿਕੀ, ਭੱਖਦੀ ਲਾਲੀ ਨੂੰ ਵੇਖਣ ਵਾਸਤੇ ਜਿਥੇ ਤੇਤੀਸ ਕਰੋੜ ਦੇਵਤੇ ਧਾਂਵਦੇ ਨੇ, ਓਥੇ ਈਸਾਈ-ਭਾਈ ਵੀ ਤੈਂਡੇ ਲਈ ਵਿਲਕਦੇ ਨੇ, ਤੂੰ ਹੋਇਓਂ ਜੁ ਸਭ ਦਾ ਸਾਂਝਾ ਗੁਰੂ ! ਇਸ ਯੋਰੋਸ਼ਲਮ ਵਿਚ ਤੈਨੂੰ ਓਹ ਸਾਧ ਸੰਤ ਤੇ ਮੰਕ (monk) ਮਿਲੇ ਜੁ ਹੁਣੇ ਹੁਣੇ ਹੀ ਬੈਤ ਲੈਹਮ : ਸ੍ਰੀ ਈਸਾ ਜੀ ਦੇ ਜਨਮ-ਅਸਥਾਨ ਮੱਥਾ ਟੇਕ ਕੇ ਆਏ ਸਨ, ਤੇ ਮੁੱਢ ਕਦੀਮ ਤੋਂ ਹੀ ਚਰਚਾ ਇਹ ਛਿੜੀ : ਕੀ ਈਸਾ ਮਸੀਹ ਕਬਰ ਵਿਚੋਂ ਤੀਜੇ ਦਿਨ ਨਿਕਲ ਆਇਆ ਯਾ ਨਹੀਂ ? ੳ ਸ੍ਰੀ ਅਸਕੇਤ ਜਗਤ-ਕੇ-ਈਸਾ ਜੀਉ, ਮੇਰੇ ਪ੍ਰਾਣ ਪਿਆਰੇ ਬਾਪੂ ਜੀ ਤੁਸੀਂ ਤੇ ਚੰਗੀ ਤਰਾਂ ਜਾਣਦੇ ਹੋ, ਆਪਣੇ ਮਿਤਰ

Sri Satguru Jagjit Singh Ji eLibrary NamdhariElibrary@gmail.com

ਈਸਾ ਜੀਉ ਨੂੰ, ਫੇਰ ਕੀ ਤੁਸੀਂ ਨਹੀਂ ਦਸੋਗੇ, ਕੀ ਓਹ ਹੋਰਾਂ ਵਾਂਙ ਮਰ ਗਏ ਜਾਂ ਤੀਜੇ ਦਿਨ ਫਰਸ਼ ਤੋਂ ਉਡ ਕੇ ਅਰਸ਼ ਤੇ ਚੜ ਗਏ ? ਤਾਂ ਮੁੰਦਾਂਵਣੀਆਂ, ਬੁਝਾਰਤਾਂ ਪਾਵਣ ਵਾਲੇ ਬਾਬਾ ਜੀਉ ਤੁਸਾਂ ਆਪਣੀ ਮਿੱਠੜੀ ਰਬਾਬ ਨਾਲ ਗਾਓਕੇ ਦਸਿਆ.—

"ਜਾ ਪਕਿਆ ਤਾ ਕਟਿਆ, ਰਹੀ ਸੁ ਪਲਰਿ ਵਾੜਿ।
ਸਣੁ ਕਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ।
ਦੁਇ ਪੁੜ ਚਕੀ ਜੋੜ ਕੈ ਪੀਸਣ ਆਣਿ ਬਹਿਠ।
ਜੋ ਦਰਿ ਰਹੇ ਸੋ ਉਬਰੇ, ਨਾਨਕ ਅਜਬ ਡਿਠ।" ( ਮਾਝ ਮ: ੧)

ਜਦ ਖੇਤੀ ਪੱਕਦੀ ਏ ਤਾਂ ਓਸ ਨੂੰ ਕੱਟ ਲੈਂਦੇ ਨੇ, ਸਿਰਫ ਵਾੜ ਖੜੋਤੀ ਰਹਿ ਜਾਂਦੀ ਏ, ਹੋਰ ਨਹੀਂ ਤਾਂ ਕਾਨੇ ਤੇ ਦਾਣੇ ਵੀ ਕੱਟ ਕੁੱਟ ਲਏ ਜਾਂਦੇ ਨੇ, ਫਿਰ ਇਹ ਵੀ ਚਕੀ ਹੇਠਾਂ ਆ ਕੇ ਪੀਠੇ ਜਾਂਦੇ ਨੇ, ਪਰ ਓਹ ਬਚ ਜਾਂਦੇ ਨੇ ਜੋ ਚੱਕੀ ਦੇ ਮਘੋਰ (ਕਿੱਲੀ) ਕੋਲ ਹੋਂਦੇ ਨੇ—–ਹੋਰ ਤਾਂ ਸਭ ਕੁਝ ਕੁੱਟ ਕੁੱਟ ਕੇ ਝਾੜ ਲੈਂਦੇ ਨੇ ਤੇ ਫਿਰ ਪੀਸ ਲੈਂਦੇ ਨੇ, ਪਰ ਯਾ ਤੇ ਮਘੋਰ ਵਾਲੇ ਦਾਣੇ ਬਚ ਜਾਂਦੇ ਨੇ ਯਾ ਪੱਲਰ ਵਾੜ। ਇਹ ਹੁਣ ਤੁਸੀਂ ਆਪੇ ਸਮਝ ਲਓ ਕਿ ਤੁਹਾਡਾ ਆਗੂ ਇਹ ਸੀ ਯਾ ਔਹ: ਇਹ ਦਰ ਢਠਾ ਦਾਣਾ ਯਾ ਖੜੋਤੀ ਵਾੜ ! ਓ ਯਹੂਦੀ ਵੀਰੋ, ਤੁਸੀਂ ਤਾਂ ਬਿਅਰਥ ਬੈਹਸਾਂ ਵਿਚ ਝੱਟ ਕੱਟਦੇ ਹੋ: ਸਾਰੀਆਂ ਖੇਤੀਆਂ ਖਸਮੇ ਸੇਤੀਆਂ, ਜਦ ਪਕ ਜਾਣ ਤਾਂ ਝੜ ਜਾਣ, ਫਿਰ ਲੇਖੇ ਲਗਣ, ਤੇ ਖੜੋਤੇ ਰੈਹਣ ਵਾੜ ਵਾਲੀਆਂ ਨਿਕੰਮੀਆਂ ਬੂਟੀਆਂ, ਪਰ ਫਿਰ ਸਾਵਧਾਨ ਰੈਹਣ ਓਹ ਜਿੰਦੜੀਆਂ, ਜਿਨ੍ਹਾਂ ਦੇ ਸੋਦਰ ਦਾ

Sri Satguru Jagjit Singh Ji eLibrary NamdhariElibrary@gmail.com

ਦਰ ਮੱਲਿਆ ਏ--ਓਹ ਕਦੇ ਮਰਦੇ ਨਹੀਂ, ਨਿਤ ਨਿਤ, ਜੀਂਵਦੇ ਨੇ, ਓਹਨਾਂ ਦਾ ਪੰਚ ਭੂਤਕ ਸਰੀਰ ਭਾਵੇਂ ਗੋੜ ਖਾਵੇ, ਪਰ ਓਹ, ਜੋਤੀ ਜੋਤ ਸਦਾ ਹੀ ਜੀਂਵਦੇ ਤੇ ਥਿਰ ਥੀਂਵਦੇ--ਇਸ ਸੋਦਰ ਤੇ ਬੈਠੇ ਇਕ ਨਹੀਂ ਅਨੇਕ ਈਸੇ ਮੂਸੇ ਤੇ ਮੁਹੰਮਦ: "ਜਿਤ ਦਰ ਲਖ ਮੁਹੰਮਦਾ" ਵਾਹ ਵਾਹ ਜਗਤ ਈਸਾ, ਮੇਰਾ ਬਾਬਾ!

# ਪੱਛਮ-ਫੇਰੀ

## ਬੈਲੋਲ ਦਾ ਦਿਲ-ਬਹਿਲਾਵਾ!

## (੪)

ਓ ਜਗ-ਤਾਰਕ ਬਾਬਾ, ਤੂੰ ਮੱਕੇ ਗਇਓਂ, ਮਦੀਨੇ ਗਇਓਂ, ਯੋਰਸ਼ਲਮ ਗਇਓਂ, ਜਿਥੇ ਯਹੂਦੀ ਵੱਸਦੇ ਨੇ, ਫਿਰ ਬਗਦਾਦ ਆਇਓਂ, ਇਥੇ ਓਥੇ ਤੇ ਜਿਥੇ ਕਿਥੇ ਰੂਹਾਂ ਤੜਫ-ਦੀਆਂ ਤੈਂਡੀ ਸਵਾਂਤੀ-ਬੂੰਦ ਬਾਝੋਂ! ਪਰ ਅੱਜ ਕੀ ਗਲ ਏ, ਇਕ ਰੂਹ ਤੇਰੇ ਦਿੱਬਜ ਦਰਸ਼ਨਾਂ ਵਾਸਤੇ ਇੰਞ ਤਾਂਘਦੀ ਏ, ਜੀਕਣ ਮਛਲੀ ਜਲ ਲੋਚਦੀ ਏ: ਵੇਖੋ ਨਾ ਓ ਅੱਡੀਆਂ ਚੁਕ ਕੇ ਖੜੋਤਾ ਹੈ! ਓਸ ਦੀਆਂ ਅੱਖੀਆਂ ਇਤਰ ਕੇਰਦੀਆਂ

Sri Satguru Jagjit Singh Ji eLibrary NamdhariElibrary@gmail.com

ਤੇ ਹੰਝੂਆਂ ਦੇ ਹਾਰਾਂ ਨਾਲ ਤੁਹਾਡਾ ਰਾਹ ਸਫਾ ਕਰਦੀਆਂ ਨੇ। ਓਹਦੀ ਛਾਤੀ ਗਜ਼ ਗਜ਼ ਧੜਕਦੀ ਏ, ਮੂੰਹੋਂ ਭਾਵੇਂ ਕੁਝ ਨਹੀਂ ਬੋਲਦਾ, ਪਰ ਛਾਤੀ ਵਿਚ ਉਬਾਲ ਤੇ ਉਭਾਰ ਨੇ, ਜੀਕਣ ਕੋਈ ਪਾਣ ਖੋਲਦਾ ਹੁੰਦਾ ਏ, ਤੇ ਵੇਖੋ ਨਾ..... ਔਹ ਦੂਰ, ਪਰ ਹੁਣ ਨੇੜੇ ਓਹ ਨੂਰਾਨੀ ਝਲਕ ਜੁ ਹੁਣ ਇਸ ਸਾਰੀ ਈਰਾਨ-ਧਰਤੀ ਨੂੰ ਆਪਣੇ ਮਖਮਲੀ ਕੇਸ਼ਾਂ ਵਿਚ ਵਲ੍ਹੇਟ ਲਏਗੀ--ਇਹ ਚੰਨ ਤੇ ਚਕੋਰ ਕੌਣ ਨੇ ? ਇਹ ਬਾਬਾ-ਨਾਨਕ ਤੇ ਬੈਲ੍ਹੋਲ-ਬੀਰ ਨੇ ! ਇਹਨਾਂ ਦਾ ਕੋਈ ਆਪਸ ਵਿਚ ਅਗੇਤਰਾ ਪਿਆਰ ਏ, ਕੋਈ ਪਿਛਲੇ ਜਨਮਾਂ ਦਾ ਲੈਣਾ ਦੇਣਾ ਏ, ਬਾਬੇ ਨੇ ਇਸ ਤੜਪਦੀ ਤੇ ਸਿਸਕਦੀ ਰੂਹ ਨੂੰ ਆਪਣੇ ਬਾਟੇ ਵਿਚ ਅਮ੍ਰਿਤ ਦਾ ਦਾਨ ਦੇਣਾ ! ਓ ਈਰਾਨ ਦੀ ਪਵਿੱਤਰ-ਧਰਤੀ ਸਾਦੀ ਤੇ ਫ਼ਰਦੌਸੀ ਤੈਂ ਜਾਏ, ਹਾਫਜ਼ ਤੇ ਮੌਲਾਨਾ ਰੂਮੀ ਤੈਂ ਆਪਣੀ ਕੁੱਖ ਵਿਚੋਂ ਕਢ ਵਿਖਾਏ। ਫਿਰ ਅੱਜ ਕੀ ਗਲ ਏ, ਜੁ ਤੇਰਾ ਚਸ਼ਮਾ ਆਬਿ-ਹਿਆਤ ਅੱਜ ਮੂੰਹ-ਬੰਦ ਏ ? ਕੀ ਇਹ ਓਹ ਜੁਗ-ਗਰਦੀ ਏ ਜੋ ਆਪਣੀ ਜੋਤ ਹੱਥ ਵਿਚ ਲੈ ਕੇ ਘਰ ਘਰ ਫਿਰਦੀ ਏ ਤੇ ਅਗਾਹਾਂ ਜਾਣ ਵੇਲੇ ਪਿੱਛਾਂ ਨੂੰ ਨਾਲ ਕਰ ਜਾਂਦੀ ਏ ! ਹਾਂ, ਓ ਪੰਜਾਬ ਦੀ ਪਵਿੱਤਰ-ਧਰਤੀ, ਅੱਜ ਤੇਰੀ ਵਾਰੀ ਏ, ਤੇ ਤੈਂਡਾ ਪਿਆਰਾ ਸੂਰਜ ਵਾਂਙ ਚਹੁੰ-ਕੁੰਟੀ ਵਿਚ ਫੇਰੀ ਪਾਏਗਾ ! ਕੋਇਲ-ਕੂੰਜਾਂ ਤੇ ਮੋਰ ਚੀਕਾਂ ਨੂੰ ਠੰਡਾ ਕਰੇਗਾ !... ਅੱਜ ਇਸ਼ਕ-ਪੇਚਿਆਂ ਦੇ ਬੂਟੇ ਥੱਲੇ ਤੇ ਆਨਾਰ-ਕਲੀ ਦੀ ਖਿਲੀਆਂ ਕਲੀਆਂ ਹੇਠ ਇਹ ਦੋ ਜੁਗ ਜੁਗਾਂਤਰੀ ਬੀਰ ਇਕੱਠੇ ਹੋਏ ਹੋਏ ਨੇ—ਇਕ ਅੰਮ੍ਰਿਤ-ਪਿਆਲੇ ਭਰ ਭਰ

ਕੇ ਦੇਈ ਜਾਂਦਾ ਹੈ ਤੇ ਦੂਜਾ ਗੱਟ ਗੱਟ ਇਹ ਅਰਗਵਾਨੀ-ਸ਼ਰਾਬ ਪੀ ਜਾਂਦਾ ਹੈ--ਪਤਾ ਨਹੀਂ ਬੈਲੋਲ ਦੀ ਕਿਤਨੀ ਕੁ ਡੀਕ ਸੀ। ਓਸ ਨੇ ਆਪਣੇ ਤਣਾਵੇ ਖੋਲ ਕੇ ਨਿਜ ਮਸ਼ਕਾਂ ਭਰ ਲਈਆਂ--ਹੁਣ ਇਹ ਬੈਲੋਲ ਕਾਸੇ ਭਰੇ ਹੋਏ ਬੈਲੂਨ ਵਾਂਙ ਉਭਰ ਕੇ ਉੱਡ ਪਿਆ ਏ ! ਓ ਜਾਦੂਗਰ-ਬਾਬਾ, ਕੀੜੀਆਂ ਨੂੰ ਮੁੜ ਫੰਗ ਤੂੰ ਲਾਇ--ਪਰ ਇਹ ਬੈਲੋਲ ਲੋਟਨ ਕਬੂਤਰ ਵਾਂਙ ਹੁਣ ਲੋਟ ਪੋਟ ਏ: ਨਾ ਬੋਲਦਾ ਨਾ ਚਲਦਾ : ਸੱਠ ਸਿਆਲ ਹੁਨਾਲ ਇਹ ਤੈਂਡੀ ਅਮ੍ਰਿਤ-ਭਿੰਨੀ ਰੰਙਣ ਵਿਚ ਮਸਤ ਰਿਹਾ, ਤੇ ਜਦ ਚੜ੍ਹਾਵਾ ਕੀਤਾ ਤਾਂ ਇਹ ਦੇ ਰਗ ਰਗ, ਲੂੰ ਲੂੰ ਅਣੂ ਪ੍ਰਮਾਣੂ ਵਿਚੋਂ ਨਿਕਲੇ ! "ਵਾਹ ਵਾਹ ਨਾਨਕ ਤੈਂ ਦਿਤਾ ਨਾਮ-ਮਾਨਕ !!"

# ਪੱਛਮ-ਫੇਰੀ

## ਸ੍ਰੀ ਪੰਜਾ ਸਾਹਿਬ ਤੇ ਵਲੀ-ਕੰਧਾਰੀ!

### (੫)

ਓ ਸਾਦੀ-ਸ਼ੀਰਾਜ਼ੀ ਦੀ ਧਰਤੀ ਨੂੰ ਚਾਰ-ਚੰਨ ਲਾਣ ਵਾਲਿਆ, ਅੱਜ ਤੂੰ ਹੋਰ ਨੇੜੇ ਆ ਕੇ ਵਲੀ-ਕੰਧਾਰੀ ਦੇ ਠੂਠੇ ਵਿਚ ਖੈਰ ਪਾਵਣ ਆਇਆ ਏਂ ! ਇਹ ਵਲੀ ਵਾਸਤਵ ਵਿਚ ਕੰਧਾਰ ਦੇਸ ਦਾ ਰੈਹਣੇ ਵਾਲਾ, ਪਰ ਹੁਣ ਓਹ ਸੁਕਾ-

ਸੜਿਆ ਦੇਸ ਛੱਡ ਕੇ ਹਰੇ ਭਰੇ ਹਰੀਪੁਰ-ਹਜ਼ਾਰਾ ਵਲ ਆਇਆ, ਜਿਥੇ ਦੀ ਧਰਤੀ ਹੀ ਰਿਸ਼ੀਆਂ ਦੇ ਜੀਵਣ ਨਾਲ ਤਰੋ ਤਾਜ਼ਾ ਤੇ ਸੁਭਾਗੀ ਏ! ਪਰ ਪਤਾ ਨਹੀਂ ਇਸ ਦੇ ਦਿਲ ਵਿਚ ਕੀ ਤਰੰਗ ਆਈ ਜੇ ਵਸਦੀ ਧਰਤੀ ਛੱਡ ਕੇ ਉਪਰ ਟਿੱਲੇ ਤੇ ਚੜ੍ਹ ਬੈਠਾ--ਓਹ ਵਲੀ-ਕੰਧਾਰੀ ਦੀ ਭਖਦੀ-ਪਹਾੜੀਏ, ਕੀ ਤੈਂ ਇਸ ਵਲੀ ਨੂੰ ਆਪਣੀ ਤਤੀ-ਦੇਗ ਵਿਚ ਉਬਾਲਣ ਲਈ ਇਥੇ ਸਦ-ਘਲਿਆ ਸੀ ? ਨਹੀਂ, ਤੂੰ ਤਾਂ ਇਕ ਮਰਦਾਨੇ ਦੇ ਰਾਹ ਵਿਚ ਇਕ ਅਨੁਪਮ-ਕੌਤਕ ਸੈਂ! ਮਰਦਾਨਾ, ਨਿਤ ਭੁੱਖਾ, ਨਿਤ-ਰੋਂਦਾ ਜਦ ਇਸ ਧਰਤੀ ਤੇ ਅਪੜਿਆ ਤਾਂ ਸਦਾ ਵਾਂਙ ਤਿਹਾਇਆ, ਤੇ ਜਦ ਰੈਹ ਨਾ ਸਕਿਆ ਤਾਂ ਆਖਿਓ ਸੂ ਬਾਬਾ, ਜੇ ਤੂੰ ਹੁਕਮ ਕਰੇਂ ਤਾਂ ਮੈਂ ਇਕ ਚੱਕਰ ਉੱਪਰ ਵੀ ਲਾ ਆਵਾਂ! ਤਾਂ ਤੈਂ ਆਖਿਆ: "ਜੀਕਣ ਤੇਰੀ ਮਰਜੀ ਮਰਦਾਨਿਆ!" ਤਾਂ ਮਰਦਾਨਾ ਭੱਜਾ ਭੱਜਾ ਉਪਰ ਗਿਆ, ਪਰ ਭੁਖਾਂ ਅੱਗੇ ਰੋੜੇ, ਓਹ ਤਪਿਆ ਹੋਇਆ ਵਲੀ ਉਸ ਨੂੰ ਅਗੋਂ ਇੰਝ ਪਿਆ ਜੀਕਣ ਭੁੱਖਾ-ਕੁੱਤਾ ਭਊਂ ਭਊਂ ਕਰਦਾ ਪੈਂਦਾ ਹੈ! ਤੇ ਆਖਿਓ ਸੂ: "ਤੂੰ ਹੱਥ ਵਿਚ ਰਬਾਬ ਲਈ ਏ, ਤੇ ਤੇਰੀ ਰਹਿਣੀ-ਬਹਿਣੀ ਵੀ ਮਸਤ-ਕਲੰਦਰਾਂ ਵਾਂਙ ਏ, ਤੂੰ ਕਿਸੇ ਪੀਰ-ਫਕੀਰ ਦਾ ਚੇਲਾ ਚਾਟੜਾ ਏਂ, ਹਾਂ ਔਹ ਵੇਖ ਤੇਰਾ ਗੁਰ-ਪੀਰ ਜੋ ਵੀ ਕੋਈ ਹੈ, ਉਤੋਂ ਪਿਆ ਨਜ਼ਰ ਆਂਵਦਾ ਏ, ਉਸੇ ਕੋਲ ਮੁੜ ਜਾ, ਜੇ ਓਹ ਤੇਰਾ ਮੁਰਸ਼ਦ ਏ ਤਾਂ ਓਹੋ ਤੇਰੀ ਪਿਆਸ ਨੂੰ ਵੀ ਠੰਡਾ ਕਰੇਗਾ! ਮਰਦਾਨਾ ਵਿਚਾਰਾ, ਵਖਤਾਂ ਦਾ ਮਾਰਿਆ ਮੁੜ ਆਇਆ, ਪਰ ਚੜ੍ਹਾਈ ਚੜ੍ਹਨ ਕੋਲੋਂ ਹੁਣ ਉਤਰਾਈ

ਮੁਸ਼ਕਲ ਨਜ਼ਰ ਆਈ ! ਫਿਰ ਹੇਠਾਂ ਤੇ ਇਕ ਦੋ ਵਾਰੀ ਫਿਰ ਉਤੇ ਤੇ ਮੁੜ ਹੇਠਾਂ, ਜਦ ਭੌਂਦਲ ਗਿਆ, ਤਾਂ ਮੇਰੇ ਬਾਬੇ ਨੇ ਆਪਣਾ ਖੂੰਡਾ ਮਾਰਿਆ ਤੇ ਧਰਤੀ ਵਿਚੋਂ ਅੰਮ੍ਰਿਤ ਫੁਆਰਾਂ ਚਸ਼ਮਾ-ਸ਼ਾਹੀ ਵਾਂਙ ਛਾਤੀ ਜਿੱਡੀਆਂ ਉਚੀਆਂ ਉੱਠ ਪਈਆਂ। ਮਰਦਾਨੇ ਨੇ ਬੁੱਕ ਭਰ ਭਰ ਕੇ ਪਾਣੀ ਪੀਤਾ, ਤੇ ਵਿਚ ਨਹਾਤਾ ਤੇ ਸਿਰ ਧੋਤਾ ਤੇ ਉਹ ਦੇ ਕਪਾਟ ਖੁਲ੍ਹ ਗਏ ਤੇ ਓਸਦੀ ਪਿਆਸ ਸਦਾ ਲਈ ਦੂਰ ਹੋ ਗਈ !......ਪਰ ਉੱਪਰ ਵੱਸਦਾ ਵਲੀ ਹੁਣ ਇਉਂ ਪ੍ਰਤੀਤ ਕਰਦਾ ਸੀ ਜੁ ਕਿਸੇ ਨੇ ਓਸ ਦਾ ਜ਼ਖੀਰਾ ਖਿਚ ਲਿਆ ਏ। ਵਗਾ ਕੇ ਮਾਰਿਓ ਸੂ ਹਉਮੈ ਦਾ ਬੱਜਰ-ਪੱਥਰ. ਪਰ ਉਸ ਉਤੇ ਮੇਰੇ ਬਾਬੇ ਦਾ 'ਨਾਮ-ਪੰਜਾ' ਇਉਂ ਲਗਿਆ, ਜੀਕਣ ਕਾਲੇ ਅਕਾਸ਼ ਤੇ ਚਿੱਟਾ ਚੰਨ ਤੇ ਓ ਵਲੀ ਵੀ ਹਰਾ ਭਰਾ ਤੇ ਠੰਡਾ ਠਾਰ ਹੋ ਗਿਆ ! ਵਾਹ ਵਾਹ ਮੇਰੇ ਬਾਬੇ ਦਾ ਨਰਮ-ਗਰਮ ਨਾਮ ਪੰਜਾ !!

# ਪੱਛਮ ਫੇਰੀ

## ਟੈਕਸਲਾ ਦੇ ਸਿਰ ਟਿੱਕਾ !

## (੬)

ਓ ਪਥੱਰਾਂ ਤੇ ਪੰਜੇ ਲਾਣ ਵਾਲਿਆ, ਜਾਦੂ ਪੱਥਰ-ਘਾੜਿਆ, ਮੈਂ ਸੁਣਿਆ ਹੈ ਜੁ ਤੈਂਡਾ ਪਾਵਨ-ਪੰਜਾ ਹੁਣ ਕਾਬਲ ਦੇ ਕਿਸੇ ਲੁਕੇ ਹੋਏ ਕੋਨੇ ਵਿਚ ਕੜਾਹ ਪ੍ਰਸ਼ਾਦ ਤੇ ਲੱਗਦਾ ਹੈ–ਤੇ ਕਿਉਂ ਨਾ ਲੱਗੇ, ਓਹ ਕੇਹੜਾ ਕੜਾਹ ਪ੍ਰਸ਼ਾਦ ਹੈ, ਜਿਸ ਤੇ ਤੇਰੀ ਮੋਹਰ-ਛਾਪ ਤੇ ਮਿਹਰ-ਪੰਜਾ ਨਹੀਂ ? ਹਾਂ, ਪਰ ਓਹ ਸੁਨੈਹਰੀ ਪੰਜਾ ਤਾਂ ਦਿਸਦਾ ਹੈ, ਜੇ ਅਸੀਂ ਆਪਣੇ ਅੰਤਰ-ਨੈਣਾਂ ਨੂੰ ਖੋਲ੍ਹੀਏ ਤੇ ਹਿਰਦੇ ਦੀ ਦੂਰਬੀਨ ਯਾ ਖੁਰਦਬੀਨ ਨਾਲ ਉਸ ਨੂੰ ਖੋਜ ਖੋਜ ਕੇ ਤੱਕੀਏ । ਓ ਪੋਠੋਹਾਰ, ਓ ਕਾਬਲ ਤੇ ਕੰਧਾਰ, ਇਸ ਸਾਰੀ ਪਵਿਤਰ ਧਰਤੀ ਵਿਚ ਮੇਰੇ ਬਾਬੇ ਦੇ ਪੈਰ ਪਏ ਹੋਏ ਨੇ। ਤੇ ਜੰਡਾਂ ਤੇ ਕਿੱਕਰਾਂ ਦੀ ਗੋਦ ਵਿਚ ਵੀ ਮੇਰੇ ਬਾਬੇ ਦੇ ਵੱਸਣ ਰੱਸਣ ਤੇ ਹੱਸਣ ਦੀ ਗਵਾਹੀ ਏ: ਕਿਉਂਕਿ ਇਹ ਬਾਬਾ ਕਾਸੇ ਅਣੋਖੀ ਗੂੰਦ ਨਾਲ ਦਿਲ ਟੁੱਟੇ ਜੋੜਦਾ, ਤੇ ਵਿਥਾਂ ਮੇਲਦਾ ਤੇ ਹਿੰਦੂ ਮੁਸਲਮਾਨਾਂ ਨੂੰ ਇਕੋ ਥਾਲੀ ਵਿਚ ਕੜਾਹ ਪ੍ਰਸ਼ਾਦ ਖਵਾਂਵਦਾ । ਓ ਸੰਗ-ਜਾਨੀ ਦੇ ਪੱਥਰੋ, ਕੀ ਤੁਹਾਨੂੰ

ਪਤਾ ਨਹੀਂ, ਜੇ ਕਦੇ ਤੁਸੀਂ ਸੰਗ-ਦਿਲ ਪੱਥਰ ਸਾਓ, ਕਿਉਂਕਿ ਤੁਸਾਂ ਨੇ ਟੈਕਸਲਾ ਦੀ ਪਵਿਤਰ ਪਾਠ-ਸ਼ਾਲਾ ਨੂੰ ਆਪਣੇ ਪੈਰਾਂ ਹੇਠ ਦਬਾਇਆ ਤੇ ਮਿੱਟੀ ਵਿਚ ਮਿੱਟੀ ਕਰ ਵਿਖਾਇਆ । ਫਿਰ ਤੁਹਾਨੂੰ "ਸੰਗ-ਜਾਨੀ" ਕਿਉਂ ਆਂਹਦੇ ਨੇ ? ਇਸ ਕਰ ਕੇ ਜੇ ਵਲੀ-ਕੰਧਾਰੀ ਤੋਂ ਮੁੜਦਿਆਂ ਮੇਰੇ ਬਾਬੇ ਇਸ ਟੈਕਸਲਾ ਵੱਲ ਵੀ ਫੇਰੀ ਪਾਈ ਤੇ ਤੁਸਾਂ ਨੂੰ ਤਾੜਿਆ ਤੇ ਝਾੜਿਆ ਐਡਾ ਜੁ ਤੁਹਾਡਾ ਸੰਗ ਦਿਲ ਮੋਮ ਹੋ ਗਿਆ, ਤਾਂਹੀ ਤੇ ਤੁਸੀਂ "ਸੰਗ-ਜਾਨੀ" ਹੋ ਗਏ । ਮੇਰੇ ਜੀਂਵਦੇ ਮਾਹੀ, ਮੇਰੇ ਜਾਨੀ ਦੀ ਜਿੰਦ ਜਾਨ ! ਓ ਟੈਕਸਲਾ, ਤੈਂਡੇ ਨਾਲ ਮੇਰੇ ਬਾਬੇ ਨੇ ਕੀ ਕੀ ਗੱਲਾਂ ਕੀਤੀਆਂ, ਤੁਹਾਡੇ ਵਿਚ ਦੱਬੀਆਂ ਹੋਈਆਂ ਰੂਹਾਂ ਨੂੰ ਕੀਕਣ ਜਗਾਇਆ ਤੇ ਕੀਕਣ ਉਹਨਾਂ ਵਿਚ ਨਾਮ ਦਾ ਇਤਰ ਛਿਣਕਾਇਆ । ਇਹ ਹੋਰ ਕਾਸੇ ਜਨਮ ਸਾਖੀ ਵਿਚ ਵਰਨਣ ਨਹੀਂ ਆਇਆ; ਪਰ ਤੂੰ ਜਦ ਓਥੇ ਗਿਆ ਤੇ ਆਪਣੀ ਖੂੰਡੀ ਖੜਕਾਈ, ਓਸ ਦੀ ਧੁਨਕਾਰ ਹੁਣ ਤੱਕ ਵੱਜਦੀ ਮੈਨੂੰ ਸੁਣਾਈ ਦੇਂਦੀ ਏ । ਇਹਨਾਂ ਸੀਮਿੰਟ ਵਾਲੇ ਪੱਥਰਾਂ, ਤੇ ਇਹਨਾਂ ਗੂੰਦ ਵਾਲੀਆਂ ਝਾੜੀਆਂ ਵਿਚੋਂ ! ਓ ਪੱਥਰਾਂ ਨੂੰ ਮੋਮ ਕਰਨ ਵਾਲਿਆ ਬਾਬਾ, ਤੇਰਾ ਪੰਜਾ ਕਾਬਲ ਤੋਂ ਲੈ ਰਾਵਲਪਿੰਡੀ ਤੱਕ ਵਿਗਸਦਾ ਭਾਸਦਾ ਏ, ਜਿਸ ਦੀ ਇਕ ਗਵਾਹੀ ਇਹ ਸੰਗ ਜਾਨੀ ਦਾ ਸਟੇਸ਼ਨ ਏ ! ਵਾਹ ਵਾਹ ਮੇਰੇ ਬਾਬੇ ਦੀ ਟੈਕਸਲਾ ਫੇਰੀ !!

# ਪੱਛਮ-ਫੇਰੀ

## ਮੁਲਤਾਨ ਤੇ ਹਿਰਨਾਖਸ਼

## (੭)

ਮੇਰੇ ਚੋਜੀ ਬਾਬਾ ਜੀਓ, ਜੇ ਕੋਈ ਮੇਰੇ ਕੋਲੋਂ ਪੁਛੋਂ ਜੁ ਤੁਹਾਡੀ ਪੱਛਮ-ਉਦਾਸੀ ਵਿਚੋਂ ਕੇਹੜੀ ਲੀਲ੍ਹਾ ਸਾਰੀਆਂ ਤੋਂ ਚੰਗੀ ਭਾਸਦੀ ਏ, ਤਾਂ ਮੈਂ ਆਖਾਂਗਾ ਜੁ ਤੇਰੀ ਪੱਛਮ-ਫੇਰੀ ਦਾ ਓਹ ਪੈਹਲਾ ਪੜਾਂ ਜੁ ਕਾਬਲ-ਕੰਧਾਰ ਜਾਣ ਵੇਲੇ ਤੇਰੇ ਰਾਹ ਵਿਚ ਪੈਹਲੋਂ ਆਇਆ। ਮੁਲਤਾਨ ਦਾ ਘਮਸਾਨ ਜਮ ਘਟ, ਜਿਸ ਧਰਤੀ ਤੇ ਹਿੰਦੂ ਮੁਸਲਮ, ਪੀਰ ਫ਼ਕੀਰ ਦੋਵੇਂ ਇੰਝ ਬੈਠੇ ਹੋਏ ਨੇ, ਜੀਕਣ ਕਿਸੇ ਛੱਤੇ ਤੇ ਮਾਖਿਓਂ ਦੀਆਂ ਮੱਖੀਆਂ ਇਕ ਸਥਰੀ ਨਾਲ ਦੂਜੀ ਢੂੜੀ, ਇਕ ਧੂਣੀ ਨਾਲ ਦੂਜੀ ਧੂਣੀ ! ਓ ਮੁਲਤਾਨ ਦੀਏ ਧਰ-ਤੀਏ, ਤੇਰੀ ਹਿਸਟਰੀ ਲੰਮੀ ਏ, ਹਿਰਨਾਕਸ਼ ਦਾ ਮੰਦਰ ਵੀ ਸ਼ਾਇਦ ਤੇਰੇ ਹੀ ਦਾਇਰੇ ਅੰਦਰ ਏ—ਕਿਉਂ ? ਇਸ ਦਾ ਉੱਤਰ ਮੈਂ ਨਹੀਂ, ਮੇਰਾ ਬਾਬਾ ਆਪੂੰ ਦੇਵੇਗਾ ! ਇਹਨਾਂ ਪੀਰਾਂ-ਫਕੀਰਾਂ ਨੇ ਓ ਬਾਬਾ, ਇਹ ਸਮਝ ਕੇ ਜੁ ਤੇਰੇ ਆਵਣ ਨਾਲ ਕਿਧਰੇ ਸਾਡੀ ਆਗਤ ਭਾਗਤ ਤੇ ਚੜ੍ਹਾਵੇ ਵਿਚ ਫਰਕ ਨਾ ਪੈ ਜਾਵੇ, ਤੈਨੂੰ ਦੁਧ ਦਾ ਛੰਨਾ ਭਰ ਘਲਿਆ। ਵਾਹ ਵਾਹ ਨਕੋ ਨੱਕ ਭਰਿਆ ਪਿਆਲਾ, ਜਿਸ ਨੂੰ ਵੇਖ ਕੇ ਮੇਰਾ

Sri Satguru Jagjit Singh Ji eLibrary NamdhariElibrary@gmail.com

ਵੀਰ ਮਰਦਾਨਾ ਲਲਚਾਇਆ ! ਪਰ ਓ ਮਰਦਾਨਿਆ ਕੀ ਤੈਨੂੰ ਪਤਾ ਨਹੀਂ ਮੇਰੇ ਬਾਬੇ ਦੇ ਕੌਤਕ—ਉਸ ਪਿਆਲੇ ਨੂੰ ਪੀਣ ਦੀ ਬਜਾਏ ਮੋੜ ਘਲਿਓ ਸੂ, ਪਰ ਉਪਰ ਚੰਬੇਲੀ ਦੀ ਚਿਟੀ ਕਲੀ ਰੱਖ ਕੇ ! ਇਹ ਕਰਾਮਾਤ, ਮਨ ਨੂੰ ਮੋਹਨ ਵਾਲੀ ਕਲਾ ਵੇਖ ਕੇ ਸਾਰੇ ਪੀਰ ਤੇ ਫ਼ਕੀਰ ਭੱਜੇ ਭੱਜੇ ਆਏ, ਤੇ ਤੇਰੇ ਪੈਰਾਂ ਨੂੰ ਫੜ ਕੇ ਭੁਲ ਬਖਸ਼ਾਵਣ ਲੱਗੇ। ਪਰ ਮੇਰਾ ਮਰਦਾਨਾ ਬਿਟ ਬਿਟ ਤੱਕਦਾ ਹੈ ਤੇ ਨਾ ਇਸ ਕੌਤਕ ਨੂੰ ਸਮਝਦਾ ਹੈ, ਨਾ ਦੁੱਧ ਦੇ ਛੰਨੇ ਨੂੰ ਮੁੜ ਜਾਣਾ ਪਸੰਦ ਕਰਦਾ ਏ ! ਤਾਂ ਮੇਰੇ ਬਾਬਾ, ਤੂੰ ਓਹਨੂੰ ਦਸਿਆ: ਇਹ ਦੁੱਧ ਦਾ ਛੰਨਾ, ਮਰਦਾਨਿਆ, ਇਹਨਾਂ ਸਤਸੰਗੀਆਂ ਦੀ ਪਰਖ ਸੀ । ਇਹ ਇਸ ਗੱਲ ਦੀ ਮੂੰਹ-ਬੰਦ ਬਾਂਗ ਸੀ, ਜੁ ਇਹ ਧਰਤੀ ਅਗੇ ਹੀ ਪੀਰਾਂ-ਫ਼ਕੀਰਾਂ ਨਾਲ ਭਰੀ ਹੋਈ ਏ; ਫਿਰ ਇਸ ਵਿਚ ਮੈਂ ਤੈਂ ਤੇ ਨਵੇਂ ਫ਼ਕੀਰਾਂ ਲਈ ਗੁੰਜਾਇਸ਼ ਕਿਥੇ ? ਪਰ ਅਸੀਂ, ਓ ਮਰਦਾਨਿਆ, ਵੱਡੀਆਂ ਪਾਣ ਨਹੀਂ ਆਏ, ਹਿਸੇ ਵੰਡਣ ਲਈ ਨਹੀਂ ਆਏ, ਅਸੀਂ ਤਾਂ ਸਗੋਂ ਹੱਦਾਂ ਮੇਲਣ ਵਾਸਤੇ ਆਏ ਹਾਂ । ਸਾਡੇ ਆਵਣ ਨਾਲ ਅਗਲਿਆਂ ਨੇ ਨਿਕਲਣਾ ਨਹੀਂ, ਤਾਂ ਤੇ ਇਹ ਚੰਬੇ ਦੀ ਕਲੀ ਉਸ ਦੁੱਧ ਤੇ ਤਰਦੀ ਇਸ ਗੱਲ ਦੀ ਗਵਾਹੀ ਹੈ, ਜੁ ਅਸਾਂ ਹੋਰਾਂ ਨੂੰ ਸੁਗੰਧੀ ਕਰਨਾ ਏ......ਤਾਂ ਬਾਬੇ ਆਖਿਆ: ਓ ਮਰਦਾਨਿਆ, ਤੂੰ ਨਹੀਂ ਜਾਣਦਾ ਜੇ ਇਹ 'ਹਿਰਨ-ਰਾਖਸ਼' ਦੀ ਧਰਤੀ ਏ ! ਮਰਦਾਨੇ ਆਖਿਆ: ਨਹੀਂ, ਮੈਂ ਕੀ ਜਾਣਾ ? ਹਾਂ ਇਸ ਧਰਤੀ ਦੇ ਮਾਲਕ ਨੇ ਸੋਨੇ (ਹਿਰਨ) ਨੂੰ ਤੱਕਣ ਵਾਲੇ, ਤੂੰ ਨੂਰ-ਅਲਾ ਵਲ ਤੱਕ ! ਵਾਹ ਵਾਹ 'ਨਾਮ' ਦੀ ਕਲੀ !!

Sri Satguru Jagjit Singh Ji eLibrary NamdhariElibrary@gmail.com

# ਪੱਛਮ-ਫੇਰੀ

## ਹਮਜ਼ਾ ਗੌਸ, ਸ਼ੇਖ ਬ੍ਰਹਮ ਤੇ ਮੀਆਂ-ਮਿੱਠਾ !

## (੮)

ਮੇਰੇ ਮਿੱਠੇ-ਬਾਬਾ, ਤੇਰੇ ਚੋਜ ਅਨੰਤ ਨੇ, ਲਿਖਣ ਪੜ੍ਹਨ ਤੇ ਵਿਚਾਰਣ ਵਿਚ ਨਹੀਂ ਆ ਸਕਦੇ। ਪਰ ਜੇ ਕੋਈ ਮੇਰੇ ਕੋਲੋਂ ਪੁਛੇ ਤੈਨੂੰ ਕੇਹੜੀ ਸਾਖੀ ਸਾਰਿਆਂ ਵਿਚੋਂ ਮਿੱਠੀ ਲੱਗੀ ਏ, ਤਾਂ ਮੈਂ ਆਖਾਗਾਂ ਜੁ ਮੀਆਂ-ਮਿੱਠੇ ਦੀ ਮਿੱਠੀ-ਸਾਖੀ ! ਕਿਉਂ ! ਇਸ ਦਾ ਉੱਤਰ, ਮੈਂ ਇਕ ਨਹੀਂ ਤਿੰਨ੍ਹਾਂ ਜਿੰਦੜੀਆਂ ਨੂੰ ਕੋਲ ਕੋਲ ਬਿਠਲਾ ਕੇ ਵਿਚਾਰਨ ਦਾ ਯਤਨ ਕਰਾਂਗਾ ! ਇਕ ਬੰਨੇ ਬੈਠੇ ਹੋਏ ਨੇ ਪੀਰ ਚਿਲਾ-ਕਸ਼ੀ ਤੇ, ਕਿਸੇ ਉਚੜੇ ਗੁੰਬਦ ਤੇ ਬੂਹਾ ਬੰਦ ਕਰਕੇ। ਹੇਠਾਂ ਲੁਕਾਈ ਪਈ ਡਰਦੀ ਏ ਤੇ ਬੂਹਾ ਭੰਨਦੀ ਏ, ਪਰ ਬੰਦ ਬੂਹੇ ਨੂੰ ਕੌਣ ਖੋਲ੍ਹੇ ! ਇਹ ਤਪਦੇ ਮੂੰਹੋਂ ਬੰਦ ਫਕੀਰ ਕੌਣ ਨੇ ਜੁ ਉਪਰੋਂ ਚੜ੍ਹ ਕੇ ਸਭ ਨੂੰ ਵੇਂਹਦੇ, ਪਰ ਜਿਨ੍ਹਾਂ ਨੂੰ ਕੋਈ ਨਹੀਂ ਵੇਂਹਦਾ ? ਇਹ ਹਮਜਾ-ਗੌਸ਼ ਫ਼ਕੀਰ ਨੇ, ਇਹਨਾਂ ਨੂੰ ਲੋਕਾਂ ਕੁਝ ਸਤਾਇਆ, ਤੇ ਹੁਣ ਬਦਲਾ ਲੈਣ ਲਈ ਚਿਲਾ ਕੱਟ ਰਹੇ ਨੇ ਤੇ ਆਹਿੰਦੇ ਨੇ ਜੁ ਤਦ ਤਕ ਨਹੀਂ ਉਠਣਾ ਜਦ ਤਕ ਇਹ ਸਿਆਲਕੋਟ ਸਵਾਹ ਦੀ ਢੇਰੀ ਨਾ

ਹੋ ਜਾਏ !

ਦੂਜੇ ਪਾਸੇ ਸਿੰਘਾਸਨ ਤੇ ਬੈਠੇ ਹੋਏ ਕੌਣ ਫਕੀਰ ਨੇ, ਤਕੀਆ ਲੱਗਾ ਹੋਇਆ ਹੈ ਤੇ ਸ਼ਰਧਾਲੂਆਂ ਦੀ ਭਰਮਾਰ ਹੈ, ਪਰ ਪੀਰ ਜੀ ਦੇ ਮੱਥੇ ਤੇ ਅਜਾਂ ਕੋਈ ਵੱਟ ਏ, ਤੇ ਇਉਂ ਭਾਸਦਾ ਏ ਜੁ ਇਹ ਤਕੀਯਾ ਤਕੀਯਾ ਨਹੀਂ ਕੰਡਿਆਂ ਦੀ ਵਾੜੀ ਏ--ਇਹ ਸ਼ੇਖ ਬ੍ਰਹਮ ਜੀ ਨੇ ਜੁ ਬਾਬੇ ਫਰੀਦ ਦੀ ਗੱਦੀ ਤੇ ਬੈਠੇ ਹੋਏ ਨੇ। ਕਾਸੇ ਸ੍ਵਾਂਤੀ ਬੂੰਦ ਦੀ ਇਹਨਾਂ ਨੂੰ ਵੀ ਭੁੱਖ ਤੇ ਤ੍ਰੇਹ ਜਾਪਦੀ ਏ !

ਤੀਜੇ ਬੰਨੇ ਤੇ ਕੌਣ ਬੈਠੇ ਹੋਏ ਨੇ। ਇਹ ਇਕ ਹੋਰ ਪੀਰ-ਫਕੀਰ: ਇਹਨਾਂ ਨੂੰ ਕੋਟਲੇ-ਮਿੱਠੇ ਦੇ ਮੀਆਂ ਮਿੱਠਾ ਜੀ ਆਖਦੇ ਹਨ, ਆਪ ਜੀ ਦੇ ਖਿਆਲ ਵੀ ਪਵਿਤਰ ਤੇ ਲੋਕਾਂ ਵਿਚ ਵੀ ਹਰ-ਮਨ-ਪਿਆਰੇ ਨੇ ! ਜੁ ਆਪ ਦੇ ਮਿੱਠੇ ਬਚਨਾਂ ਨੂੰ ਸੁਣਦਾ ਏ, ਓ ਭੱਜੀ ਭੱਜੀ ਆਂਵਦਾ ਏ--ਪਰ ਭਾਵੇਂ ਮਿੱਠਤ ਲੂੰ ਲੂੰ ਵਿਚ ਭਰੀ ਹੋਈ ਏ, ਪਰ ਮਿੱਠਤ ਦੀ ਖਾਣ ਅਜੇ ਨਹੀਂ ਲੱਭੀ ! ਇਹ ਤਿੰਨ ਭਿੰਨ ਭਿੰਨ ਹਸਤੀਆਂ ਨੇ ! ਤਿੰਨ ਭਿੰਨ ਭਿੰਨ ਲੈਵਲਾਂ ਤੇ ਖੜੋਤੀਆਂ, ਪਰ ਇਕੋ ਰਾਹ ਤੱਕਦੀਆਂ, ਇਕੋ ਜੋਤ ਨੂੰ ਤਾਂਘਦੀਆਂ......ਤੇ ਔਹ ਵੇਖੋ ਨਾ ਚੌਦਵੀਂ ਦਾ ਚੰਨ ਅਰਸ਼ ਤੇ ਆ ਚੜ੍ਹਿਆ ਏ; ਖੂੰਡਾ ਖੜਕਾਂਦਾ ਤੇ ਰਬਾਬ-ਵਜਵਾਂਦਾ ! ਓਹ ਦੇ ਆਵਣ ਨਾਲ ਹਮਜ਼ਾਂ ਗੌਸ ਦੇ ਬੰਦ ਬੂਹੇ ਆਪੇ ਖੁਲ੍ਹ ਗਏ, ਤੇ ਉਹ ਨੂੰ ਪਤਾ ਲਗਾ ਜੁ ਬਦੀ ਦਾ ਬਦਲਾ ਬਦੀ ਨਹੀਂ, ਨੇਕੀ ਏ। ਇਸ ਗਿਆਨ ਨਾਲ ਓ ਦੂਜੇ ਦਰਜੇ ਤੇ ਆ ਗਿਆ ਜਿਥੇ ਸ਼ੇਖ ਬ੍ਰਹਮ ਸੀ। ਇਸ ਸ਼ੇਖ ਨੇ ਸਮਝਿਆ ਹੋਇਆ ਸੀ

Sri Satguru Jagjit Singh Ji eLibrary NamdhariElibrary@gmail.com

ਜੁ ਓਹ ਨਿਰੰਕਾਰ ਦੂਰ ਵਾਸੀ ਏ, ਕਾਸੇ ਸਤਵੇਂ ਅਸਮਾਨ ਤੇ ਵੱਸਦਾ ਤੇ ਕਿਆਮਤ ਵਾਲੇ ਦਿਨ ਹੇਠਾਂ ਆਂਵਦਾ ਏ—— ਪਰ ਅੱਜ ਉਸ ਦੇ ਚੰਗੇ ਭਾਗਾਂ ਨਾਲ ਓਹਨੂੰ ਸਤਵੇਂ ਅਸਮਾਨ ਦਾ ਙਾਵਲ ਅੱਜ ਹੀ ਆਇਆ ਤੇ ਇਹ ਤੀਜੇ ਲੈਵੱਲ ਤੇ ਹੋ ਬੈਠਾ! ਪਰ ਮੀਆਂ ਮਿੱਠਾ ਤਾਂ ਹੁਣ ਪੱਕ ਚੁੱਕਾ ਸੀ। ਬਾਬੇ ਦੀ ਇਕੋ ਥਾਪੜੀ ਨਾਲ, ਓਹ ਦੇ ਆਤਮ-ਨੈਣ ਖੁਲ੍ਹ ਗਏ ਤੇ ਉਹ ਦੇ ਅੰਦਰ ਕਲਮਾਂ ਆਪੇ ਪੜ੍ਹੀਣ ਲਗ ਪਿਆ ! ਓ ਤਿੰਨਾਂ ਦੁੱਖਾਂ ਦਾ ਇਕੋ ਦਾਰੂ : ਨਾਮ ਦਾਰੂ ਘਰ ਜਾ ਕੇ ਦੇਣ ਵਾਲਿਆ ਬਾਬਾ; ਵਾਹ ਵਾਹ !!

# ਪੱਛਮ-ਫੇਰੀ

## ਸ਼ਾਹ-ਸ਼ਰਫ ਦੀ ਰੇਲ ਗਡੀ !

### (੯)

ਓ ਕੱਚ ਨੂੰ ਕੰਚਨ ਕਰਨ ਵਾਲਿਆ ਸਤਗੁਰਾ, ਪਤਾ ਨਹੀਂ ਤੂੰ ਕੇਹੜੇ ਨੂਰ ਦਾ ਬੂਰ ਏ, ਤੂੰ ਗਿਠ-ਮੁਠੀਅ ਤੂ ਮਹਾਂ ਸੂਖਮ, ਤੂੰ ਪਵਣ ਕੋਲੋਂ ਵੀ ਪਤਲਾ ਆਪੇ ਵਿਥ ਵੇਖ ਕੇ ਲੋਕਾਂ ਦੇ ਅੰਦਰ ਵੜ ਜਾਵੇ : ਕਿਧਰੇ ਚੁੱਪ ਗੜੁੱਪ ਧਾਰ ਕੇ, ਕਿਧਰੇ ਬਾਂਙ ਦੇ ਕੇ, ਕਿਧਰੇ ਸੌਂ ਕੇ, ਕਿਧਰੇ

Sri Satguru Jagjit Singh Ji eLibrary NamdhariElibrary@gmail.com

ਕਾਬੇ ਵੱਲ ਲੱਤਾਂ ਪਸਾਰ ਕੇ, ਕਿਧਰੇ ਪੁੱਠਾ ਪਾਣੀ ਦੇ ਕੇ, ਕਿਧਰੇ ਸਿੱਧਾ ਤੀਰ ਚਲਾ ਕੇ, ਕਿਧਰੇ ਦੋ ਜਾਨੂੰ ਬੈਠ ਕੇ ਕਿਧਰੇ ਮੱਥਾ ਟੇਕ ਕੇ; ਕਿਧਰੇ ਆਰਤੀਆਂ ਜਗਾ ਕੇ, ਕਿਧਰੇ ਆਰਤੀਆਂ ਦੀਆਂ ਜੋਤਾਂ ਹਿਸਾ ਕੇ– ਓ ਵਲ ਛਲੀਆਂ, ਓ ਜਾਦੂਗਰਾ, ਓ ਬੁਤ-ਸ਼ਿਕਨ ਬਾਬਾ ! ਹਾਂ, ਤੂੰ ਭੰਨਦਾ ਸੈਂ, ਤੂੰ ਤੋੜਦਾ ਸੈਂ, ਪਰ ਜੋੜਨ ਵਾਸਤੇ ਵੀ ਸੋਹਣਿਆ ਤੂੰ ਹੀ ਏਂ। ਕੀ ਤੈਨੂੰ ਯਾਦ ਨਹੀਂ ਇਕ ਵੇਰ ਤੂੰ ਗੁਲਾਮ ਬਣ ਕੇ ਵਿਕ ਵੀ ਗਿਆ, ਹਾਂ ਕਾਸੇ ਰੋਹ ਵਾਲੇ ਰੁਹੇਲੇ ਦੇ ਹਥ ਚਾ ਆਇਆ। ਇੰਜ ਪਠਾਣੀ ਚਾਕਰ ਤੂੰ ਚਾ ਬਣਿਆ, ਪਰ...... ਕੀ ਇਸ ਲਈ ਜੁ ਹਥ ਲਾਣ ਦੀ ਸਿਰਫ ਲੋੜ ਏ, ਹਥ ਲਾਇਆ ਨਹੀਂ ਕਿ ਸਵਿਚ ਚਲੀ ਨਹੀਂ, ਤੇ ਲਾਟ ਵਾਲੀ ਨਹੀਂ। ਓ ਬੁੱਕਲ ਹੇਠੋਂ ਨਿਕਲ ਕੇ ਸਤ ਸ੍ਰੀ ਅਕਾਲ ਗਜਾਣ ਵਾਲਿਆ ਬਾਬਿਆ। ਅੱਖਰ ਤਾਂ ਹੁਣ ਵੀ ਓਹੋ ਨੇ ਜੋ ਤੈਂ ਵਰਤੇ, ਪਰ ਤੇਰੇ ਅੱਖਰਾਂ ਵਿਚ ਮਿਕਨਾਤੀਸੀ ਕਸ਼ਸ਼ ਸੀ, ਕੋਈ ਥ੍ਹਾਂਦੀ ਰੌ ਸੀ, ਕੋਈ ਜਵਾਰ ਭਾਟਾ ਸੀ, ਕੋਈ ਘੋੜੇ ਦੀ ਵਾਹੋਦਾਹੀ ਅਸਵਾਰੀ ਸੀ, ਜੋ ਇਹਨਾਂ ਤੇ ਚੜ੍ਹੇ ਓਹ ਝੱਟ ਸਤਵੇਂ ਅਰਸ਼ ਤੇ ਜਾ ਚੜ੍ਹੇ, ਜੀਕਣ ਮੁਹੰਮਦ ਜੀ ਬੁਰਾਕ ਤੇ ਚੜ੍ਹ ਕੇ ਉਠੇ ਸਨ ਯਾ ਜੀਕਣ ਵਿਸ਼ਨੂੰ ਜੀ ਬੈਕੁੰਠ ਗਰੁੜ ਤੇ ਚੜ੍ਹ ਕੇ ਜਾਂਦੇ ਨੇ !

ਹਾਂ ਅਜ ਓਹ ਬਾਬਾ, ਤੈਂ ਸ਼ੇਖ ਸ਼ਰਫ਼ ਨੂੰ ਆਪਣੀ ਦੋਸਤੀ ਦਾ ਸ਼ਰਫ਼ ਬਖਸ਼ਣਾ ਈ। ਤੈਂ ਓਹਦੇ ਠੂਠੇ ਵਿਚ ਖ਼ੈਰ ਪਾਣਾ ਏ––ਤੇ ਵੇਖੋ ਨਾ ਵੇਖੋ, ਤੂੰ ਅਜ ਕਹੀ ਅਣੋਖੀ ਗੋਂਦ ਚਾ ਗੁੰਦੀ ਏ ? 'ਸਲਾਮ-ਇਲੈਕਮ' ਇਹ ਸ਼ੇਖ-

ਸ਼ਰਫ ਨੇ ਆਖਿਆ: "ਸਲਾਮ-ਇਲੇਕਮ"! ਤੈਂ ਆਖਿਆ– ਸਲਾਮ-ਅਲੇਖਮ; ਹਾਂ ਉਸੇ ਅਲੱਖ, ਅਪਾਰ ਨਿਰੰਕਾਰ ਨੂੰ ਸਲਾਮ, ਜੁ ਅਖੋਂ ਓਹਲੇ ਵੇ ! ਓ ਅਲੇਖਮ, ਤੂੰ ਜਾਦੂ ਦਾ ਕਾਂਟਾ ਸੈਂ, ਸ਼ੇਖ ਸ਼ਰਫ ਦੀ ਰੇਲ ਇਥੇ ਆ ਮੁੜੀ, ਵਾਹ ਵਾਹ ਅਲੇਖਮ-ਸਲਾਮ !"

# ਪੱਛਮ-ਫੇਰੀ

## ਸਿਕੰਦਰ ਲੋਧੀ ਦੀ ਕੈਦ !

### (੧੦)

ਓ ਬੰਦੀ ਛੋੜ ਬਾਬਾ, ਤੂੰ ਪੂਰਬ ਜਾਂਦਾ, ਤੂ ਪਛਮ ਜਾਂਦਾ, ਇਹ ਵਣ ਤ੍ਰਿਣ ਤ੍ਰਿਭਵਣ, ਇਹ ਖੰਡ ਮੰਡਲ ਬ੍ਰਹਮੰਡ ਤੇਰੇ ਤਿੰਨ ਅੱਡੇ, ਫਿਰ ਅੱਜ ਪਤਾ ਨਹੀਂ ਤੂੰ ਕੈਦਾਂ ਕੱਟਣ ਲਈ ਬੰਦ-ਬੂਹਿਆਂ ਦੇ ਅੰਦਰ ਬੈਠਾ ਹੋਇਆ—ਤੇਰੇ ਹੱਥ ਹੱਥਕੜੀਆਂ ਤੇ ਤੇਰੇ ਪੈਰਾਂ ਨੂੰ ਬੇੜੀਆਂ, ਬੂਹੇ ਸਲਾਖਾਂ ਵਾਲੇ, ਤੇ ਕੰਧਾਂ ਤਿੰਨ ਤਿੰਨ ਨੇਜ਼ੇ ਉੱਚੀਆਂ ਤੇ ਬਲੌਰਾਂ ਨਾਲ ਪੁੰਘਰੀਆਂ-ਕਿੰਗਰੀਆਂ ! ਹਾਂ ਅੱਜ ਮੇਰਾ ਬਾਬਾ ਬੰਦੀ ਵਿਚ ਬੈਠਾ ਹੋਇਆ ਤੇ ਜੀਕਣ ਓਹ ਬਾਬਰ-ਜਾਬਰ ਦੀ ਚੱਕੀ

Sri Satguru Jagjit Singh Ji eLibrary NamdhariElibrary@gmail.com

ਛੌਂਦਾ ਸੀ, ਤੀਕਣ ਹੀ ਅੱਜ ਓਹ ਸਿਕੰਦਰ ਲੋਧੀ ਦਾ ਸ਼ਿਕਾਰ ਏ ! ਮੁਸ਼ਕਾਂ ਬੱਧੀਆਂ ਹੋਈਆਂ, ਕੜੀਆਂ ਕੱਸੀਆਂ ਹੋਈਆਂ, ਤੇ ਹੱਥ ਪੈਰ ਬੱਧੇ, ਇਹ ਵੇ ਮੇਰਾ ਬਾਬਾ ! ਪਰ ਇਸ ਨੇ ਕੀ ਕਸੂਰ ਕੀਤਾ ਹੈ ? ਕਸੂਰ ਕੀ ਕਰਨਾ ਸੀ, ਹੋਰਾਂ ਬੰਦੀਆਂ ਨੇ ਕੀ ਕਸੂਰ ਕੀਤਾ ਹੈ ? ਇਹ ਤਾਂ ਭਾਜੜ ਵਿਚ ਭੱਜਦਿਆਂ ਨੂੰ ਬਾਦਸ਼ਾਹ ਨੇ ਬੰਨ੍ਹ ਲਿਆ ਹੈ। ਓਹ ਆਪ ਡਰਦਾ ਹੈ ਇਸ ਕਰ ਕੇ ਕਿਸੇ ਵੀ ਓਪਰੇ ਆਦਮੀ ਨੂੰ ਵੇਖ ਕੇ ਓਹ ਮੁੜ ਮੁੜ ਸੰਗਦਾ ਤੇ ਕੰਬਦਾ ਹੈ ! ਬੜਾ ਘਮਸਾਨ ਏ, ਇਕ ਨਹੀਂ ਕਈਂ ਕੈਦੀ ਅੰਦਰ ਡੱਕੇ ਹੋਏ ਨੇ, ਪਰ ਕੈਦਖਾਨਾ ਵੀ ਅਣੋਖਾ ਹੈ, ਨਾ ਖਾਣ ਵਾਸਤੇ ਰੋਟੀ ਤੇ ਨਾ ਉਪਰ ਲੈਣ ਵਾਸਤੇ ਤੁਲਾਈ ਰਜਾਈ ! ਪਰ ਓਹ ਕੈਦੀਓ, ਤੁਸੀਂ ਦਾਰੋਗੇ ਨੂੰ ਆਪਣੀ ਗਮ-ਕਹਾਣੀ ਕਿਉਂ ਨਹੀਂ ਸੁਣਾਂਦੇ ? ਪਰ ਸੁਣਾਈਏ ਤੇ ਤਾਂ ਜੇ ਦਾਰੋਗੇ ਨੂੰ ਆਪ ਪਤਾ ਨਾ ਹੋਵੇ । ਇਹ ਰਜਾਈਆਂ, ਤੁਲਾਈਆਂ ਤਾਂ ਉਧੜ ਕੇ ਉਸੇ ਦੇ ਘਰ ਚਰਖੇ ਕਤੀਂਦੇ ਨੇ ਤੇ ਖੇਸ ਬਣਦੇ ਨੇ ਤੇ ਉਸ ਦੇ ਫ਼ਰਸ਼ ਸੱਜਦੇ ਨੇ-ਜੇ ਪੋਹ ਮਾਹ ਵਾਲੀਆਂ ਰਾਤਾਂ ਕੈਦੀ ਮਰਦੇ ਨੇ ਤਾਂ ਮਰਨ। ਇਉਂ ਮਾਰਨਾ ਯਾ ਮੌਤ ਦੇ ਘਾਟ ਪਾਰ ਉਤਾਰਨਾ, ਇਹੋ ਤਾਂ ਦਾਰੋਗੇ ਨੂੰ ਬਾਦਸ਼ਾਹ ਦਾ ਸੌਂਪਿਆ ਕੰਮ ਏ ! ਪਰ ਅੱਜ ਕੈਦੀ ਵੀ ਮਸ-ਤਾਨੇ ਹੋ ਕੇ ਬੈਠੇ ਨੇ । ਨਾ ਓਹਨਾ ਨੂੰ ਭੁੱਖ, ਨਾ ਤ੍ਰੇਹ, ਨਾ ਓਹਨਾਂ ਨੂੰ ਨੀਂਦਰ, ਨਾ ਥਕਾਵਟ—ਕਿਉਂ ਨਾ ਜਾਗਣ ਅੱਜ ਬੱਝੇ ਹੋਏ ਹੱਥਾਂ ਨਾਲ ਵੀ ਮਰਦਾਨੇ ਦੀ ਰਬਾਬ ਵੱਜਦੀ ਏ ਤੇ ਕੋਈ ਢਾਡੀ ਖ਼ੂਨ ਦੇ ਸੋਹਿਲੇ ਪਿਆ ਗਾਂਵਦਾ ਏ !

ਹੁਣ ਸ਼ਾਮ ਦੇ ਮਗਰੋਂ ਰਾਤ ਤੇ ਰਾਤ ਦੇ ਪਿਛੋਂ ਪ੍ਰਭਾਤ ਹੋ ਗਈ ਏ, ਤੇ ਪ੍ਰਭਾਤ ਪਿਛੋਂ ਦਿਨ ਵੀ ਚੜ੍ਹ ਪਿਆ ਏ--- ਪਰ ਇਹ ਕੈਦੀਆਂ ਦੀ ਸੰਗਤ ਵਿਚ ਨਾ ਰੋੜ ਏ ਨਾ ਰੁਕਾਵਟ......ਸੰਤਰੀ ਵੀ ਲੋਟ ਪੋਟ ਨੇ ਤੇ ਜੋ ਦਾਰੋਗਾ ਹੁਣ ਭਜੀ ਭਜੀ ਆਇਆ ਹੈ, ਉਹ ਵੀ ਵੇਖ ਕੇ ਹੈਰਾਨ ਏ— ਬਾਦਸ਼ਾਹ ਵੀ ਭੱਜਾ ਭੱਜਾ ਆਂਵਦਾ ਹੈ ਤੇ ਇਸ ਅੰਮ੍ਰਿਤ ਵਰਖਾ ਵਿਚ ਭਿੱਜ ਕੇ ਪਿੰਘਲ ਜਾਂਦਾ ਹੈ—ਸਾਰੇ ਬੰਦੀ ਬੰਦ ਖਲਾਸ ਨੇ, ਪਰ ਇਕ ਅੱਜੇ ਕੈਦ ਏ, ਏ ਬਾਦਸ਼ਾਹ ਸਕੰਦਰ ਲੋਧੀ ਏ ! ਵਾਹ ਵਾਹ ਬਾਬੇ ਦਾ ਬਾਦਸ਼ਾਹ-ਬੰਦੀ !

# ਪੱਛਮ-ਫੇਰੀ

## ਮੀਆਂ ਮਿਠੇ ਦੀ ਮਿੱਠੀ ਸਾਖੀ

## (੧੧)

ਓ ਮੀਆਂ ਮਿੱਠਾ, ਤੂੰ ਅਗੇ ਵੀ ਸਾਨੂੰ ਮਿਲਿਆ ਏਂ ਤੇ ਹੁਣ ਫਿਰ ਸਾਨੂੰ ਵਲੱ ਮਾਰ ਕੇ ਆ ਮਿਲਿਆ ਏਂ। ਤੂੰ ਅੱਜ ,,ਕੇਹੜੇ ਮਾਖਿਓਂ ਦੀ ਮਿੱਠੀ ਚਾਟ ਵੱਟੀ ਏ ਜੁ ਤੇਰਾ ਨਾਂ ਹੀ 'ਮਿੱਠਾ' ਹੋ ਗਿਆ ਏ ? ਓ ਬਾਵਰਿਆ, ਓ ਲਟ-

ਬਾਵਰਿਆ, ਅੱਜ ਤੂੰ ਕਿਉਂ ਨਹੀਂ ਬੋਲਦਾ। ਤੇਰੇ ਮੂੰਹ ਵਿਚ ਕੇਹੜੀਆਂ ਘੁੰਗਣੀਆਂ ਪਈਆਂ ਹੋਈਆਂ ਨੇ ? ਹਾਂ, ਤੈਂ ਅੱਜ ਖਾਧੀਆਂ ਨੇ ਬਾਬੇ-ਗੁੱਧੀਆਂ ਨਾਮ ਕੂਸਰੀਆਂ ! ਓ ਸੋਹਣਿਆ ਬਾਵਰਿਆ, ਤੈਂਡੀ ਮਿੱਠੀ ਦਾਤ, ਮੇਰੇ ਵੀਰ ਮੀਆਂ-ਮਿੱਠੇ ਦੀ ਲੂੰ ਲੂੰ ਨੂੰ ਮਿੱਠਾ ਕਰ ਗਈ। ਓਹਦੀ ਸੁਕੀ-ਸੜੀ ਫੁਲ-ਵਾੜੀ ਨੂੰ ਸਦਾ ਲਈ ਹਰਾ-ਭਰਾ ਕਰ ਗਈ ! ਮੀਆਂ ਮਿਠਾ ਪੁੱਛਦਾ ਏ ? ਬਾਬਾ, ਓਹ 'ਕਲਮਾ' ਕੇਹੜਾ ਏ; ਜਿਸ ਦੀ ਐਡੀ ਵਡਿਆਈ ਏ, ਹਾਂ ਜਿਸ ਨੂੰ ਕਲਮਾ-ਸ਼ਰੀਫ਼ ਆਂਹਦੇ ਨੇ, ਤੇ ਓਸ ਕਲਮੇ ਦੀ ਫ਼ਜ਼ੀਲਤ ਕਿਉਂ ਏ ? ਤਾਂ ਓ ਅਰਸ਼ੀ ਬਾਬਾ, ਤੈਂ ਆਖਿਆ: ਘਰੋਂ ਆਵੇਂ ਤੂੰ ਤੇ ਪੁੱਛੇ ਮੈਂ ਤੋਂ—ਕਲਮਾ ਪੜ੍ਹੇਂ ਨਿੱਤ ਨਿੱਤ ਤੂੰ, ਤੇ ਓਹਦਾ ਰੂਪ-ਸਰੂਪ ਤੇ ਗੁਣ ਮੈਂ ਤੋਂ ਪੁੱਛੇ ! ਤਾਂ ਮਿੱਠੇ ਆਖਿਆ: "ਓ ਬਾਬਾ, ਜੇ ਤੈਂ ਤੇ ਨਾ ਪੁੱਛਾਂ ਤਾਂ ਹੋਰ ਕਿਸ ਤੋਂ ਪੁੱਛਾਂ ? ਤੇਰੇ ਚਿਹਰੇ ਮੋਹਰੇ ਤੇ ਦਾਹੜੇ ਵਿਚ ਮੈਨੂੰ ਕੋਹਤੂਰ ਬਲਦਾ ਭਾਸਦਾ ਏ—ਓਹ ਕੋਹਿਨੂਰ ਜੁ ਸ਼ਾਇਦ ਮੂਸਾ ਨੇ ਵੀ ਕੋਹਤੂਰ ਤੇ ਚੜ੍ਹ ਕੇ ਨਹੀਂ ਵੇਖਿਆ ! ਤਾਂ ਓ ਮੇਰੇ ਜਾਣੀ ਜਾਣ ਬਾਬਾ, ਤੈਂ ਓਸ ਦੀ ਪਵਿਤਰ ਅਭਿਲਾਖਾ ਨੂੰ ਮਾਪਿਆ ਤੇ ਮਿਣਿਆ ਤੇ ਜਦ ਵੇਖਿਆ ਜੁ ਜ਼ਮੀਨ ਤਿਆਰ ਏ, ਤਾਂ ਤੈਂ ਓਹਨੂੰ ਘੁੱਟ ਕੇ ਛਾਤੀ ਨਾਲ ਲਾਇਆ........ਫਿਰ ਕੀ ਸੀ, ਲੂੰ ਲੂੰ ਵਿਚ 'ਕਲਮਾ' ਵੱਗ ਟੁਰਿਆ। ਥ੍ਰਾਟ ਬਰ ਬਰ ਕਰਦੀ, ਅਨੰਦ ਕੇਰਦੀ, ਆਨੰਦ ਵੀਟਦੀ, 'ਅੱਲਾ-ਹੂ, ਅੱਲਾ-ਹੂ', ਆਪਣੇ ਆਪ ਵਾਂਵਦੀ, ਆਪਣੇ ਆਪ ਗਾਂਵਦੀ ਤੁਰ ਪਈ ! ਓ ਬਾਬਾ, ਤੇਰੀ ਜਾਦੂ-ਛੋਹ ਜੋ ਸੁੱਕਿਆਂ ਸੜਿਆਂ ਨੂੰ ਇਕ ਖਿਣ,

ਵਿਚ ਹਰਾ-ਭਰਾ ਕਰ ਦੇਵੇ! ਓ ਮੀਆਂ ਮਿੱਠੇ-ਵਾਲੇ-ਕੋਟਲਾ, ਤੈਂਡੀ ਰੇਤ ਤੇ ਜ਼ੱਰੇ ਜ਼ੱਰੇ ਵਿਚ ਓਹ 'ਅੱਲਾ ਹੂ' ਦੀ ਧੁਨ ਹੁਣ ਤਕ ਸੁਣੀਂਦੀ ਏ--ਤੇ ਮੈਂ ਕੰਨ ਧਰ ਕੇ ਆਪ ਸੁਣੀਂ ਏ, ਨਹੀਂ ਤਾਂ ਇਹ ਨਾ ਲਿਖਦਾ! ਵਾਹ ਵਾਹ ਮੀਆਂ-ਮਿੱਠੇ ਦੀ ਮਿੱਠੀ-ਸਾਖੀ। ਮੈਂ ਤੈਂ ਤੇ ਹਭ-ਕੋਈ ਤੇ ਜਾਦੂ ਦਾ ਅਸਰ ਰਖਣ ਵਾਲੀ : ਦਿਤ-ਦਾਤ ਕਰਾਮਾਤ!

# ਪੱਛਮ-ਫੇਰੀ

## ਮਰਦਾਨੇ ਵਾਲੀ ਸੱਚੀ-ਸਾਖੀ

## (੧੨)

ਮੇਰੇ ਸੁਚੜੇ ਵੀਰ ਮਰਦਾਨਿਆ, ਤੂੰ ਮੇਰੇ ਬਾਬੇ ਦੇ ਅੰਗ ਸੰਗ ਇਥੇ ਓਥੇ, ਜਿਥੇ ਕਿਥੇ, ਪਰ ਪਤਾ ਨਹੀਂ ਕਿਉਂ ਜੀ ਕਰਦਾ ਏ, ਜੇ ਤੈਨੂੰ ਵੀ ਇਸੇ ਪੱਛਮ-ਫੇਰੀ ਦੀ ਲੜੀ ਵਿਚ ਪਰੋਵਾਂ--ਹਾਂ ਇਸ ਮਾਲਾ ਇਸ ਤਸਬੀ ਦਾ ਮੇਰ-ਸੁਮੇਰ ਤੂੰ! ਤੂੰ ਮੈਂ ਵਾਂਙ ਸਦ-ਭੁੱਖਾ, ਸਦ ਤਿਹਾਇਆ, ਕਦੀ ਭੁੱਖ ਨਾਲ ਕਦੀ ਤੇਹ ਨਾਲ ਕਦੀ ਨੰਗਾ, ਕਦੀ ਤੜਪਦਾ, ਕਦੀ ਠਰਦਾ, ਕਦੇ ਮੁੜ ਮੁੜ ਪਿਛਾਹਾਂ ਆ ਭੱਜਦਾ,

Sri Satguru Jagjit Singh Ji eLibrary NamdhariElibrary@gmail.com

ਤੇ ਆਂਹਦਾ:–

"ਸੁਹਾਇ ਤੇਰੀ ਭਗਤਿ ਨੂੰ ਅਸੀਂ ਡੂਮ ਸੇ, ਮੁਲਖ ਦੇ ਟੁਕੜੇ ਮੰਗਿ ਖਾਂਦੇ ਤੇ ਓਥਹੁ ਭੀ ਗਵਾਇਆ.........।"

ਤਾਂ ਬਾਬੇ ਆਖਿਆ, "ਮਰਦਾਨਿਆ ! ਰਬਾਬ ਵਜਾਇ !" ਤਬ ਮਰਦਾਨੇ ਆਖਿਆ : 'ਜੀ ਮੇਰਾ ਘਟਿ ਭੁਖ ਦੇ ਨਾਲ ਮਿਲਿ ਗਇਆ ਹੈ, ਮੈਂ ਰਬਾਬ ਵਜਾਇ ਨਹੀਂ ਸਕਦਾ।' ਤਦ ਬਾਬੇ ਆਖਿਆ, 'ਮਰਦਾਨਿਆ ! ਚੱਲ ਪਿੱਛੇ ਕਿਸੇ ਵੱਸਦੀ ਜਾਹਾਂ' "ਅਜੀ ਮੈਂ ਵਸਦੀ ਭੀ ਨਹੀਂ ਜਾਇ ਸਕਦਾ; ਮੇਰਾ ਭੁਖ ਨਾਲਿ ਘਟ ਮਿਲ ਗਇਆ ਹੈ, ਹਉਂ ਮਰਦਾ ਹਾਂ।" ਤਬ ਬਾਬੇ ਆਖਿਆ : 'ਮਰਦਾਨਿਆ ! ਹਉਂ ਤੈਨੂੰ ਆਈ ਬਿਨਾਂ ਮਰਣਿ ਨਹੀਂ ਦੇਂਦਾ, ਉਸੀਆਰ ਹੋਹੁ' ਤਬਿ ਮਰਦਾਨੇ ਆਖਿਓਸ 'ਜੀ ਹਉਂ ਕਿਉਂ ਕਰਿ ਉਸੀਆਰ ਹੋਵਾਂ ? ਹਉ ਮਰਦਾ ਹਾਂ, ਜੀਵਣ ਦੀ ਗਲਿ ਰਹੀ'––– ਤਬ ਮਰਦਾਨੇ ਆਖਿਆ : ਸੁਹਾਇ ਤੇਰੀ ਭਗਤੀ ਨੂੰ ਅਤੇ ਤੇਰੀ ਕਮਾਈ ਨੂੰ, ਅਸੀਂ ਤਾਂ ਡੂਮਿ ਮੰਗਿ ਪਿਨਿ ਖਾਧਾ ਲੋੜੇ ਹਾਂ, ਤੂੰ ਅਤਿ ਮਹਾਂ-ਪੁਰਖ ਖਾਹਿ ਪੀਵਹਿ ਕਿਛੁ ਨਾਹੀ, ਅਤੇ ਵਸਦੀ ਵੜੇ ਨਾਂਹੀ, ਹਉ ਕਿਉਂ ਕਰਿ ਤੁਧ ਨਾਲ ਰਹਾਂ ? ਅਸਾਂ ਨੂੰ ਵਿਦਾ ਕਰਿ.....' ਹਉ ਆਪਣੇ ਘਰਿ ਜਾਵਾਂ। ਤਦ ਬਾਬੇ ਆਖਿਆ : ਮਰਦਾਨਿਆ ਕਿਵੇ ਰਹੇ ਭੀ ? ਤਾਂ ਮਰਦਾਨੇ ਆਖਿਆ :

"ਹਉ ਤਾਂ ਰਹਾ ਜੇ ਮੇਰੀ ਭੁਖ ਗਵਾਵਹਿ ਜੋ ਤੇਰਾ ਅਹਾਰ ਹੋਵੈ, ਸੋ ਮੇਰਾ ਹੋਵੇ !........."

Sri Satguru Jagjit Singh Ji eLibrary NamdhariElibrary@gmail.com

ਤਾਂ ਇਹ ਸੁਣ ਬਾਬੇ ਆਖਿਆ : "ਜਾਹਿ ਵੇ ਮਰਦਾਨਿਆ ! ਤੂੰ ਦੀਨ ਦੁਨੀਆ ਨਿਹਾਲ ਹੋਆ।" ਤਦ ਮਰਦਾਨਾ ਉਸਰਿ ਪੈਰੀਂ ਪਇਆ––ਮੱਥਾ ਚੁਕਦਿਆਂ ਨਾਲਿ ਅਗਮ ਨਿਗਮ ਕੀ ਸੋਝੀ ਹੋਇ ਆਈ (ਪੁਰਾਤਨ ਜਨਮ ਸਾਖੀ).........

ਪਰ ਵੀਰ ਮਰਦਾਨਿਆ ਕੀ ਤੂੰ ਨਹੀਂ ਦਸੇਂਗਾ ਓਹ ਰੋਗ ਜਿਸ ਵਿਚ ਤੂੰ ਮੈਂ ਤੇ ਹਭ ਲੋਕਾਈ ਵਸਦੀ ਏ ! ਤਾਂ ਮੇਰਾ ਵੀਰ ਬਸ ਇਕ ਵਾਰੀ ਆਪਣੀ ਬਾਣੀ ਵਿਚ ਬੋਲਿਆ ਤੇ ਆਖਿਓਸੂ :

ਰੋਗ:–ਕਲਿ-ਕਲਵਾਲੀ ਕਾਮ-ਮਟੁ ਮਨੂਆ ਪੀਵਣ ਹਾਰ।
ਕ੍ਰੋਧ-ਕਟੋਰੀ ਮੋਹਿ-ਭਰੀ ਪੀਲਾਵਾ ਅਹੰਕਾਰ।
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰ।

ਦਾਰੂ:–ਕਰਣੀ ਲਾਹਨਿ, ਸਤੁ ਗੁੜ ਸਚੁ ਸਰਾ ਕਰਿ ਸਾਰ।
ਗੁਣ ਮੰਡੇ, ਕਰਿ ਸੀਲ ਘਿਉ-ਸਰਮ ਮਾਸ ਅਹਾਰ।
ਨਾਨਕ ਇਹ ਭੋਜਨ ਸਚ ਹੈ ਸਚ-(ਨਾਮ) ਆਧਾਰ।

ਵਾਹ ਵਾਹ ਅਗਮ ਨਿਗਮ ਦੀ ਸੋਝੀ ਦਾ ਨੁਸਖਾ !

# ਪੱਛਮ ਫੇਰੀ

## ਧੰਨ ਨਿਰੰਕਾਰ

### (੧੩)

ਓ ਰੰਗਲੇ ਬਾਬਾ, ਤੇਰੀਆਂ ਸਾਰੀਆਂ ਲੀਲ੍ਹਾਂ ਅਨੂਪਮ ਨੇ, ਪਰ ਮੈਨੂੰ ਭਾਸਦਾ ਏ, ਜੋ ਇਕ ਵੇਰ ਮੈਂ ਵੀ ਦਸਤਗੀਰ-ਪੀਰ ਦੇ ਪੁਤ ਵਾਂਗ ਤੈਂ ਕੋਲੋਂ ਪੁਛਣ ਲੱਗਾ ਜੋ ਕਿਤਨੇ ਪਾਤਾਲ ਨੇ ਕਿਤਨੇ ਆਕਾਸ਼ ਨੇ: ਸਤ, ਕੇ ਨਉਂ, ਅੱਠ ਸੱਠ ਕਿ ਸਹੰਸਰ ! ਓ ਬਾਬਾ, ਇਕ ਪਲਕ ਦੀ ਫੜਕ ਨੇ ਵਿਚ ਤੂੰ ਮੈਂ ਤੇ ਇਸ ਪੀਰ-ਪੁੱਤ ਦੋਵਾਂ ਨੂੰ ਇਕੱਠਾ ਲੈ ਟੁਰਿਆ। ਤੇਰੀ ਇਕ ਕੰਧੇ ਤੇ ਮੈਂ ਤੇ ਦੂਜੇ ਤੇ ਇਹ ਮੇਰਾ ਆੜ੍ਹੀ,--ਫਿਰ ਅਸੀਂ ਇਕ, ਦੂਜੇ, ਤੀਜੇ, ਛੇਵੇਂ, ਸਤਵੇ... .....ਕੁਰਸ਼, ਅਰਸ਼ ਤੇ ਵੀ ਗਏ........ਸੱਤ ਪਿਛੋਂ ਸਤੱਰਵੈ, ਅੰਤ ਪਿਛੋਂ ਬੇਅੰਤ........ ਪਰ ਇਹਨਾਂ ਅਕਾਸ਼ਾਂ ਪਾਤਾਲਾਂ ਦਾ ਆਦਿ ਅੰਤ ਕੋਈ ਨਾ ਲੱਭਾ। ਹਾਂ ਇਤਨਾਂ ਜ਼ਰੂਰ ਪਤਾ ਲੱਗਾ ਜੁ ਇਕ ਤੋਂ ਦੂਜਾ ਵੱਡਾ, ਦੂਜੇ ਤੋਂ ਤੀਜਾ--ਪਰ ਇਸ ਤਰਤੀਬ, ਇਸ ਪਉੜੀ ਵਾਰ ਚੜ੍ਹਾਈ ਵਿਚ ਨਾ ਕੋਈ ਆਦ ਏ ਨਾ ਅੰਤ ਏ। ਹਰ ਇਕ ਹੇਠਲੇ ਪਉੜੇ ਨੂੰ ਉਪਰਲੇ ਦਾ ਡਰ ਏ: ਜੀਕਣ ਚੂਹੇ ਨੂੰ ਬਿੱਲੀ

Sri Satguru Jagjit Singh Ji eLibrary NamdhariElibrary@gmail.com

ਦਾ ਡਰ ਏ, ਬਿੱਲੀ ਨੂੰ ਕੁਤੇ ਦਾ, ਕੁੱਤੇ ਨੂੰ ਬਘਿਆੜ ਦਾ, ਬਘਿਆੜ ਨੂੰ ਹਾਥੀ ਦਾ, ਹਾਥੀ ਨੂੰ ਸ਼ੇਰ ਦਾ, ਸ਼ੇਰ ਨੂੰ ਸਰਕੇ ਦਾ, ਸਰਕੇ ਨੂੰ ਮੇਘ ਦੀ ਗਰਜ ਦਾ, ਮੇਘ ਨੂੰ ਆਪਣੀ ਥਾਂ ਇੰਦ੍ਰ ਦਾ, ਇੰਦ੍ਰ ਨੂੰ ਬ੍ਰਹਮਾ ਦਾ, ਬ੍ਰਹਮਾ ਨੂੰ ਵਿਸ਼ਨੂ ਦਾ––ਪਰ ਇਹ ਡਰ ਦਾ ਮੁੜ ਮੁੜਵਾਂ-ਦਾਖਾ (Recurring decimal) ਕਿਥੇ ਮੁਕਦਾ ਏ? ਦਸਤਗੀਰ–ਦਾ–ਪੁਤ ਤੈਥੋਂ ਇਹ ਪੁੱਛਦਾ ਏ, ਓ ਬਾਬਾ.......

"ਭੈ ਵਿਚ ਸੂਰਜ ਭੈ ਵਿਚ ਚੰਦੁ ॥
ਕੋਹ ਕਰੋੜੀ ਚਲਤ ਨ ਅੰਤ ॥

ਫਿਰ ਅੰਤ ਕਿਥੇ ਵੇ? ਓ ਬਾਬਾ, ਫਿਰ ਇਹ ਤੇਰੇ ਬੱਚੇ ਤੈਂਡੇ ਕੰਧੇ ਤੋਂ ਉਤਰ ਪਏ ਤੇ ਬਾਹਰ ਵੱਲ ਉਡਣ ਦੀ ਥਾਂ ਤੈਂਡੇ ਚਰਨ-ਕਮਲਾ ਦਾ ਭੌਰਾ ਬਣ ਗਏ, ਭੌਰਾ ਆਪਣੀ ਮਕਰੰਦ–ਰੱਸ ਵਿਚ ਲੀਨ ਹੋ ਗਿਆ। ਮਕਰੰਦ ਕਮਲ ਫੁੱਲ ਦੀ ਰਸ ਵਿਚ ਲੀਨ ਹੋ ਗਿਆ। ਕਮਲ ਫੁੱਲ ਧਰਤੀ-ਤਤਵ ਵਿਚ ਸਮਾ ਗਿਆ, ਧਰਤੀ-ਤੱਤ ਜਲ ਤੱਤ ਵਿਚ ਜਲ ਰੂਪ, ਜਲ ਅਗਨੀ ਤੱਤ ਵਿਚ ਅਗਨੀ-ਰੂਪ ਹੋ ਗਈ, ਅਗਨੀ ਵਾਯੂ ਵਿਚ ਵਾਯੂ-ਵਿਰੋਲਾ ਹੋ ਗਈ। ਵਾਯੂ ਸ਼ਬਦ-ਤੱਤ ਵਿਚ ਰੁਣ ਝੁਣ ਰੂਪ ਹੋ ਗਈ, ਤੇ ਓਸ ਦੀ ਸਦ-ਵੱਜਦੀ ਸਦ ਗੱਜਦੀ ਧੁਨੀ ਵਿਚੋਂ ਮੈਂ ਇਹ ਸੁਣਿਆ––

ਸਗਲਿਆ ਭਉ ਲਿਖਿਆ ਸਿਰਿ ਲੇਖ।
ਨਾਨਕ ਨਿਰਭਉ ਨਿਰੰਕਾਰ ਸਚ ਏਕ।

ਵਾਹ ਵਾਹ ਆਦਿ ਅੰਤ ਦਾ ਜੋੜ ਤੂੰ ਓ ਨਿਰੰਕਾਰ, ਧੰਨਨਿਰੰਕਾਰ!

# ਨਿਤ-ਚੰਦਰਮੇ ਦੇ ਨਿਤ ਨਖੱਤਰ !

## ਕਿਉਂ ੨੭ ਯਾ ੨੮ ਝਾਕੀਆਂ ?

ਓਹ ਚੌ ਮੁਖੀ ਫੇਰੀਓ, ਤੁਸੀਂ ਚਾਰ ਕੁੰਟ ਤੇ ਦਹ ਦਿਸਾਂ ਵਿਚ ਸਮਾਈਆਂ ਹੋਈਆਂ ਹੋ ! ਤੁਹਾਡੇ ਵਿਚੋਂ ਪੂਰਬ ਤੇ ਪੱਛਮ ਫੇਰੀਆਂ ਇਸ ਸਾਰੇ ਮਾਤ-ਲੋਕ ਨੂੰ ਕੱਛਦੀਆਂ, ਜਿਥੋਂ ਸੂਰਜ ਚੜ੍ਹਦਾ ਹੈ, ਉਥੋਂ ਲੈ ਕੇ ਜਿਥੇ ਜਾ ਅੱਸਤ ਹੋਂਦਾ ਹੈ। ਤਾਂ ਤੇ ਸਾਰਾ ਇਹ ਮਾਤ-ਲੋਕ ਇਸ ਦੋ ਵੱਲੀ ਜੱਫੀ ਵਿਚ ਆ ਜਾਂਦਾ ਏ। ਫਿਰ ਉੱਤਰ ਦੇ ਦੱਖਣ ਦੀ ਫੇਰੀ ਕੀਕਣ ? ਜੇ ਅਸੀਂ ਪੁਰਾਣੀਆਂ ਜਨਮਸਾਖੀਆਂ ਗਹੁ ਨਾਲ ਪੜ੍ਹੀਏ, ਤਾਂ, ਉੱਤਰ ਜਾਂਦੇ ਜਾਂਦੇ 'ਸੁਮੇਰ' ਪ੍ਰਬੱਤ ਤੇ ਚੜ੍ਹਦੇ ੨ ਇਕ ਨਹੀਂ ਅਨੇਕ ਘਾਟੀਆਂ ਮੇਰੇ ਬਾਬਾ ਜੀ ਦੇ ਰਾਹ ਵਿਚ ਆਂਵੰਦੀਆਂ ਨੇ। ਕਿਧਰੇ ਗੁਰੂ ਗੋਰਖ ਨਾਥ ਦੀ ਘਾਟੀ ਹੈ, ਕਿਧਰੇ ਮਛੰਦਰ ਨਾਥ ਦੀ ਘਾਟੀ ਹੈ; ਕਿਧਰੇ ਦੱਤਾ ਤ੍ਰੇਵ ਦੀ ਘਾਟੀ ਹੈ ! ਕਿਧਰੇ ਧ੍ਰੂ ਦੀ ਘਾਟੀ ਹੈ......ਇਉਂ ਜਿਤਨਾ ਹੀ ਉੱਪਰ ਚੜ੍ਹੋ, ਤਿਤੋਨਾ ਹੀ ਵਧੇਰੇ ਸੂਖਮ ਤਬਕੇ ਦੇ ਵਸਨੀਕ ਸਾਡੀਆਂ ਅੱਖਾਂ ਅੱਗੇ ਆਂਵਦੇ ਨੇ--ਕਿਥੇ ਧ੍ਰੂ ਜਿਸ ਨੇ ਸਾਰੇ ਬ੍ਰਹਮੰਡ ਨੂੰ ਠਲ੍ਹ ਰਖਿਆ ਹੈ ਤੇ ਉਹ ਦਾ ਗੁਰੂ-ਨਾਰਦ ਤੇ ਕਿਥੇ ਗੁਰੂ-ਗੋਰਖ ਨਾਥ ? ਹਾਂ, ਇਹ ਸੁਮੇਰ-ਝਾਕੀਆਂ ਵਾਸਤਵ ਵਿਚ ਕਿਸੇ ਅਣੋਖੇ ਸੂਖਮ-ਪ੍ਰਬਤ ਦੀਆਂ ਉਡਾਰੀਆਂ ਨੇ, ਜਿਨਾਂ ਦੇ

Sri Satguru Jagjit Singh Ji eLibrary NamdhariElibrary@gmail.com

ਹੇਠ ਗਾੜ੍ਹਾ-ਤਬਕਾ ਤੇ ਜਿਨ੍ਹਾਂ ਦੇ ਉਪਰ ਤੀਬਰ-ਤਰ, ਅਤੀ ਹੀ ਸੂਖਮ ਘਾਟੀ ਏ--ਫਿਰ ਇਕ ਨਹੀਂ ਸਪਤ-ਸ੍ਰਿੰਗੀ ਘਾਟੀਆਂ, ਜਿਨ੍ਹਾਂ ਤੇ ਮਾਨੋ 'ਸਪਤ-ਰਿਸ਼ੀ' ਜੋ ਹੁਣ ਤਕ ਧ੍ਰੂਅ ਦੀ ਪਰਕਰਮਾ ਕਰਦੇ ਬੈਠੇ ਹੋਏ ਨੇ, ਤੇ ਉਹਨਾਂ ਦੇ ਹੇਠ ਕਿੱਧਰੇ ਪੈਰਾਂ ਵਿਚ ਗੁਰੂ ਗੋਰਖ ਨਾਥ ਦਾ ਟਿੱਲਾ ਏ ।

ਤਾਂ ਤੇ ਵਾਸਤਵ ਵਿਚ ਇਹ '**ਸੁਮੇਰ-ਫੇਰੀ**' ਕਿਸੇ ਇਕ ਕਾਲ ਦੀ ਫੇਰੀ ਨਹੀਂ ਇਹ ਤਾਂ ਸਾਰੇ-ਕਾਲ ਦੀ ਸਮੁਚੀ-ਉਡਾਰੀ ਏ--ਪਰ ਅਰਸ਼ ਵੱਲ, ਉਪਰਲੇ ਧਰੂਅ ਵੱਲ ! ਹੁਣ ਤੇਰਾਂ ਝਾਕੀਆਂ ਪੂਰਬ-ਫੇਰੀ ਦੀਆਂ ਤੇ ਤੇਰਾਂ ਝਾਕੀਆਂ ਪੱਛਮ-ਫੇਰੀ ਤੀਕਰ ਹੀ ਸਾਨੂੰ ਕਿਸੇ ਇਕ ਕਾਲ ਦੀਆਂ ਹਸਤੀਆਂ ਨਹੀਂ ਮਿਲਾਂਵਦੀਆਂ, ਇਹ ਸਗੋਂ ਸਾਨੂੰ ਅਟੱਲ ਲੈਵਲ ਯਾ ਪਉੜੇ ਦਸਦੀਆਂ ਨੇ--ਕਿਸੇ ਪਉੜੇ ਤੇ ਬਾਲਾ-ਮਰਦਾਨਾ ਨੇ, ਕਿਸੇ ਤੇ ਸ਼ੇਖ ਬ੍ਰਹਮ ਏ; ਕਿਸੇ ਤੇ ਮੀਆਂ ਮਿੱਠਾ ਏ, ਜਿਸ ਦੀ ਝਾਕੀ ਅਤੀ ਹੀ ਮਿੱਠੀ ਏ । ਓਹਨਾਂ ੫੩+·੩ ਵਿਚ ਰਲਾਵੇ, ਇਹ ਸੁਮੇਰ-ਝਾਕੀ ਤਾਂ ੨੭ 'ਨਖਤਰ' ਬਣ ਜਾਂਦੇ ਨੇ । ਜਿਨ੍ਹਾਂ ਵਿਚ ਮੇਰਾ ਨਿੱਤ-ਚੰਦ੍ਰਮਾਂ ਨਿੱਤ ਨਿੱਤ ਪਾਇਲਾਂ ਪਾਂਵਦਾ ਵੇ ! ਹਾਂ ਫਿਰ ਇਹ ਚੇਤੇ ਰੱਖਣ ਵਾਲੀ ਗੱਲ ਹੈ, ਜੁ ਇਹ ੨੭ ਝਾਕੀਆਂ ਓਹਨਾਂ ਅਟੱਲ-ਹਸਤੀਆਂ ਦੀਆਂ ਨੇ, ਓਹਨਾਂ ਨਿਤ ਅਕਾਰਾਂ (Eternal ideas) ਦੀਆਂ ਨੇ, ਜੋ ਸਾਨੂੰ ਸੰਸਾਰ ਵਿਚ ਨਿਤਰੇ ਹੋਏ ਤੇ ਖਿਲਰੇ ਹੋਏ ਮਿਲਦੇ ਨੇ ! ਪਰ ਨਖੱਤਰ ਤੇ ਭਾਵੇਂ ੨੭ ਹੀ ਹਨ, ਪਰ ੨੮ ਕਦੇ ਕਦੇ ਕਿਓਂ ਗਿਣੇ ਜਾਂਦੇ ਨੇ---ਕੀ ਇਹ ਪਾਤਾਲ-ਫੇਰੀ ਨਹੀਂ ? ਹਾਂ

ਇਹੋ ਹੀ ਅਠਾਈਵੀਂ ਫੇਰੀ ਏ ! ਵਾਹ ਵਾਹ ਨਿਤ-ਚੰਦ੍ਰਮੇ ਦੇ ਨਿਤ-ਨਖੱਤਰ !!

# ਸ਼ਿਵ ਨਾਭ ਤੇ ਸੰਗਲਾ ਦੀਪ

## ਦੱਖਨ-ਫੇਰੀ ਕਿ ਪਤਾਲ-ਫੇਰੀ !

ਓ ਜਗਤ-ਜਲੰਦੇ ਦੇ ਰੱਖਿਜਕ-ਬਾਬਾ, ਮੈਂ ਪੜ੍ਹਿਆ ਹੈ, ਜੀਕਣ ਤੂੰ ਪਵਿੱਤਰ ਭਾਰਤ-ਵਰਸ਼ ਛੱਡ ਕੇ ਕਿਸੇ ਓਸ 'ਸੰਗਲਾ ਦੀਪ' ਨੂੰ ਗਿਆ, ਜਿਸ ਦਾ ਖੁਰਾ ਖੋਜ ਇਤਹਾਸ ਕਾਰਾਂ ਨੂੰ ਭਾਵੇਂ ਪਤਾ ਹੋਵੇ ਪਰ ਮੈਂ ਇਆਣੇ ਨੂੰ ਪਤਾ ਨਹੀਂ--ਤੇ ਪਤਾ ਹੋਵੇ ਵੀ ਕੀਕਣ ? ਇੱਥੇ ਮੈਂ ਸੁਣਿਆ ਏ ਜੁ ਤੂੰ ਮੱਛ ਕੱਛ ਤੇ ਮਹੀ-ਰਾਵਣ ਤੇ ਵੀ ਜਾ ਸਵਾਰੀ ਕੀਤੀ--- ਇਸੇ ਫੇਰੀ ਵਿਚ ਤੈਨੂੰ ਕਿਧਰੇ ਰਾਜਾ ਸ਼ਿਵ ਨਾਭ ਮਿਲਿਆ, ਜਿਸ ਨੂੰ ਤੈਂਡੀ ਮਿੱਠੀ ਕਨਸੋ 'ਮਨਸੁਖ' ਦਵਾਰਾ ਮਿਲੀ ਸੀ। ਓ ਰਾਜਾ ਸ਼ਿਵ-ਨਾਭ ਤੂੰ ਸੱਚ ਮੁੱਚ 'ਸੰਗਲਾ-ਦੀਪ' (Land of chains) ਧਰਤੀ ਦਾ ਮਾਲਕ ਏਂ, ਤੂੰ ਵੀ ਰਾਵਣ ਵਾਂਙ ਸਦਾ ਰੋਂਦਾ, ਸਦਾ ਸਿਰ-ਖੋਂਦਾ ਤੇ ਰਾਵਣ ਵਾਂਙ 'ਰਾਮ' ਦਾ ਦੁਸ਼ਮਣ ! ਪਰ ਫਿਰ ਵੀ ਤੂੰ 'ਰਾਵਣ' ਕੋਲੋਂ ਚੰਗਾ ਵੇ। ਤੂੰ ਕਿਸੇ ਦੀ ਸੀਤਾ ਤੇ ਕੱਢ ਨਹੀਂ ਲਿਆਂਵਦਾ ! ਪਰ ਨਹੀਂ

Sri Satguru Jagjit Singh Ji eLibrary NamdhariElibrary@gmail.com

ਤੂੰ ਰਾਵਣ ਕੋਲੋਂ ਮਾੜਾ ਵੇਂ, ਕਿਉਂਕਿ ਉਹ ਰਾਵਣ ਤਾਂ ਵੇਦ ਪਾਠੀ ਆਖੀਂਦਾ ਸੀ, ਤੇ ਉਹ ਵਾਹਿਗੁਰੂ ਨੂੰ ਤੇ ਮੰਨਦਾ ਸੀ ਪਰ ਤੂੰ ਨਾ ਘਰ ਕਾ ਨਾ ਘਾਟ ਕਾ। ਨਾ ਤੂੰ ਸਤ ਮੰਨੇ ਨਾ ਅਸੱਤ, 'ਨਾ ਤੂੰ ਆਸਤਕ ਨਾ ਨਾਸਤਕ ! ਪਰ ਤੈਨੂੰ ਮਨ-ਸੁਖ ਨੇ ਅੱਜ ਸੁਨੇਹਾ ਲਿਆ ਦਿਤਾ ਹੈ ਜੁ ਇਕ ਭਾਰਤ-ਵਰਸ਼ੀ ਪੀਰ ਆਇਆ ਹੈ, ਜੁ ਮੱਛਾਂ ਕੱਛਾਂ ਤੇ ਸਵਾਰ ਏ ਤੇ ਜਿਸ ਦਾ ਸ੍ਵਾਗ੍ਤ ਕਰਨ ਲਈ ਖਾਜ਼ਾ-ਖਿਜ਼ਰ 'ਜ਼ਿੰਦਾ-ਪੀਰ' ਆਪਣੇ ਆਪ ਆਇਆ ਹੋਇਆ ਵੇ ! ਓ ਸ਼ਿਵ-ਨਾਭ ਤੂੰ ਵੀ ਇਸ ਜ਼ਾਹਰਾ-ਜ਼ਹੂਰ, ਜ਼ਿੰਦਾ-ਪੀਰ, ਪੰਜਾਬੀ-ਪੀਰ ਦੀ ਆਵਣ ਦੀ ਕੈੜ ਰਖੀ ਹੋਈ ਏ ! ਤੇਰੇ ਦਿਲ ਵਿਚ ਵੀ ਅੱਜ ਕੋਈ ਅਣੋਖੀ ਤੁਰੰਗ ਤੇ ਖਾਨਾਂ-ਜੰਗੀ ਏ--ਪਰ ਖਾਨਾਂ-ਜੰਗੀ ਕਿਹੋ ਜਿਹੀ? ਇਹੋ ਜੁ ਤੂੰ ਕਿਹੋ ਜਿਹਾ ਏਂ, ਕੀ ਤੂੰ ਸੱਤ ਅਸੱਤ ਨੂੰ ਨਿੱਰਨਾ ਕਰ ਕੇ ਦਸ ਸਕਨਾਂ ਏਂ ? ਕੀ ਰਬ ਹੈ? ਜੇ ਹੈ ਤੇ ਕਿਹੋ ਜਿਹਾ ਹੈ ਤੇ ਉਸ ਨੂੰ ਕੀਕਣ ਲਭੀ ਦਾ ਹੈ ? ਹਾਂ, ਬਸ ਇਸ ਕਿਸਮ ਦੇ ਅਟਕੇ ਸੰਸੇ ਤੇਰੀ ਦੇਗ ਵਿਚ ਉਬਲਦੇ ਪਾਣੀ ਵਾਂਙ ਖੌਲ ਖੌਲ ਕੇ ਉਠਦੇ ਨੇ !--ਤੂੰ ਭਜੀ ਭਜੀ ਆਂਵਦਾ ਏ, ਪਰ ਅਜੇ ਤੂੰ 'ਨੂਰ' ਝੱਲਣ ਦਾ ਤਾਕ, ਝਾਲ ਤੂੰ ਝੱਲ ਨਹੀਂ ਸੱਕਦਾ, ਆਪਣਾ ਵਿਦੂਖਣ (ਮਸਖਰਾ) ਅਗੇ ਭੇਜਦਾ ਹੈਂ, ਪਰ ਉਹ ਮਸਖਰਾ, ਹਸਾਣ ਵਾਲਾ ਤੇ ਹਸਾ ਕੇ ਗਲ ਗਵਾਣ ਵਾਲਾ, ਅਜ ਆਪ ਕਾਸੇ ਅਣੋਖੀ ਕਾਂਗ ਵਿਚ ਵਗ ਟੁਰਿਆ ਹੈ। ਇਹ ਤੇਰਾ ਵਿਚੋਲਾ ਤੈਂ ਕੋਲ ਭੁੱਜਾ ਆਂਵਦਾ ਹੈ, ਪਰ ਤੇਰਾ ਪਰਾਹੁਣਾ ਅਜੇ ਨਹੀਂ ਆਂਵਦਾ---ਆਂਹਦਾ ਵੇ

Sri Satguru Jagjit Singh Ji eLibrary NamdhariElibrary@gmail.com

ਜੁ ਤਾਂ ਆਂਵਾਂਗੇ, ਜੇ ਤੂੰ ਧਰਮਸਾਲ ਬਣਾਵੇਂ ਤੇ 'ਆਪ' ਸਾਨੂੰ ਚੁਕ ਕੇ ਲੈ ਚਲੇਂ। ਹਾਂ, ਪਰ ਵਿਦੂਖਣ ਨੇ ਆਪਣੇ ਮਾਲਕ ਦੇ ਦੁਖ ਵੀ ਦੂਰ ਕੀਤੇ ਨੇ, ਹੋਇਆ ਜੇ ਵਿ-ਦੂਖਨ, ਹੁਣ ਰਾਜੇ ਨੇ ਧਰਮਸਾਲ ਬਣਾਈ ਤੇ ਆਪ ਚੁਕਣ ਲਈ ਆਇਆ, ਤੇ ਪੁਛਦਾ ਏ, ਕੀ ਤੂੰ ਯੋਗੀ ਏਂ ? ਬ੍ਰਹਮਣ ਏਂ ? ਬਿਉਪਾਰੀ ਏਂ ? ਕੀ ਏਂ ?

"ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥"

(ਮਾਰੂ ਮ: ੧)

ਸਰਬ-ਸਾਂਝਾ ਬਾਬਾ 'ਨੂਰ' ਦਾ ਹੜ ਡੋਲਦਾ, ਭਰਮ ਕਾਫੂਰ ਤੇ ਹਉਮੈਂ ਚੂਰ ! ਤਾਂ ਹੀ ਤੇ ਏਹ ਵੇ ਸ਼ਿਵ-ਨਾਭ ਤੇ ਹੇ ਬਾਬਾ, ਤੂੰ ਇਸ ਅਸੱਤ ਦੇ ਪਿੰਡੇ ਤੇ 'ਆਪ-ਸਵਾਰ' ਅਨਾਮ–ਉਪਰ'ਨਾਮ' ਆਪ, (God within) ਵਾਹ ਵਾਹ ਨਾਸਤਕ ਅਜ ਆਸਤਕ : 'ਸ਼ਿਵ' ਆਪਣੀ ਨਾਭੀ ਵਿਚ ਜਿਸ ਦਾ ਢੰਡੋਰਚੀ : ਮਨਸੁਖ : ਨਿਜਾ ਨੰਦ !!––

–– ––

# ਉਤਰ-ਫੇਰੀ

## ਸਿੱਧ ਗੋਸ਼ਟ ਤੇ ਸੁਮੇਰ ਪ੍ਰਬਤ ਸਹਜ-ਜੋਗੀ !

### (੧)

ਓ ਬਾਬਾ, ਤੈਂ ਇਕ ਨਹੀਂ ਅਨੇਕ ਪਤਾਲ ਤਾਰੇ ਨੇ, ਇਹਨਾਂ ਪਾਤਾਲ-ਪੁਰੀਆਂ : ਨਰਕਾਂ ਦਾ ਕੀ ਅੰਤ ਹੈ, ਨਰਕ ਕਿਤਨੇ ਨੇ ? ਇਤਨੇ ਜਿਤਨੀਆਂ ਕਿ ਜੂਨਾਂ, ਜਿਨਾਂ ਵਿਚ ਜੀਵ ਭਰਮਦਾ ਏ। ਪਰ ਓ ਬਾਬਾ, ਅੱਜ ਤੂੰ ਹੱਥ ਵਿਚ ਖੂੰਡਾ ਲੈ ਅਚਲ ਵਟਾਲੇ ਤੋਂ ਟੁਰਿਆ, ਤੇ ਟੁਰਦਾ ਟੁਰਦਾ ਸੁਮੇਰ ਪ੍ਰਬਤ ਤੇ ਆ ਅਪੜਿਆ ! ਇਥੇ ਇਕ ਨਹੀਂ ਅਨੇਕ ਸਿੱਧ ਨੇ। ਕੋਈ ਗੋਰਖ ਨਾਥ, ਕੋਈ ਮਛੰਦਰ ਨਾਥ, ਕੋਈ ਆਦ ਨਾਥ, ਕੋਈ ਸੰਤੋਖ ਨਾਥ, ਕੋਈ ਸੱਤਯ ਨਾਥ, ਵਾਸਤਵ ਵਿਚ ਨਾਥ ਨੌ ਹੀ ਨਹੀਂ, ਤੇ ਸਿੱਧ ਚੌਰਾਸੀ ਹੀ ਨਹੀਂ; ਜਿਹਾ ਕਿ ਊਰਮ, ਪੂਰਨ, ਗੋਪੀ ਚੰਦ, ਦੱਤਾ ਤ੍ਰੇਯ ਆਦਿ; ਸਗੋਂ ਇਤਨੇ ਜਿਤਨੇ ਕਿ ਗੁਣ ਯਾ ਸਰਗੁਣ ਦੇ ਝਲਕੇ ਨੇ। ਜਿਤਨੀਆਂ ਇਹ ਝਾਕੀਆਂ ਨੇ, ਤਿਤਨੇ ਹੀ ਉਹ ਕਿੰਗਰੇ ਨੇ ਜਿਨ੍ਹਾਂ ਉਤੇ ਅਨੇਕ ਪ੍ਰਕਾਰ ਦੇ ਸਿੱਧ ਬੈਠੇ ਹੋਏ ਨੇ। ਓ ਸੁਨੈਹਰੀ-ਬਾਬਾ, ਅੱਜ ਤੂੰ ਸੁਮੇਰ ਪ੍ਰਬਤ ਦੀਆਂ ਬਰਫ-ਲੱਦੀਆਂ ਚੋਟੀਆਂ ਤੇ ਵੀ ਆ ਪੁੱਜਾ। ਸਾਰੇ ਨਾਥ ਤੇ ਸਾਰੇ ਸਿੱਧ ਤੈਨੂੰ ਝੁਕ ਕੇ ਪ੍ਰਣਾਮ ਕਰਦੇ ਨੇ ! ਕਿਉਂ ਨਾ ਕਰਨ ਅੱਜ ਉਹਨਾਂ ਦੇ ਘਰ ਪੂਰਨ-ਬ੍ਰਹਮ, ਆਦਿ-ਜੁਗਾਦਿ

Sri Satguru Jagjit Singh Ji eLibrary NamdhariElibrary@gmail.com

ਨਾਥ ਜੂ ਆਇਆ ! ਤਾਂ ਸਾਰੇ ਸਿੱਧ, ਤੈਨੂੰ ਪੂਛਦੇ ਨੇ, ਮਾਤ ਲੋਕ ਵਿਚ ਹੁਣ ਕੀ ਵਰਤਾਰਾ ? ਤਾਂ ਓ ਗ੍ਰਿਸਤੀ-ਲਾਲਣਾ ਤੈਂ ਆਖਿਆ : "ਸਿਧ ਚੜ੍ਹ ਬੈਠੇ ਪ੍ਰਬਤੀ, ਕੌਣ ਜਗਤ ਦਾ ਕਰੇ ਨਿਸਤਾਰਾ !" ਹਾਂ ਅੱਜ ਇਕ ਪਾਸੇ ਵੈਰਾਗੀ ਸਿੱਧ ਨੇ ਜੁ ਮਾਤ ਲੋਕ ਨੂੰ ਛੁਹਣਾ ਹੀ ਇਜੇਹਾ ਪਾਪ ਸਮਝਦੇ ਨੇ, ਜਿਹਾ ਕਿ ਕੋਈ ਭੰਗੀ ਨੂੰ ਜਾ ਛੂਏ। ਪਰ ਦੂਜੇ ਪਾਸੇ ਵੇ ਮੇਰਾ ਲਾਲਣ ਜੂ ਸਿੱਧਾਂ ਨੂੰ ਇਸ ਅਪਨਿਤ ਦੇ ਕਿੰਗਰੇ ਤੋਂ ਲਾਹ ਕੇ ਮੈਦਾਨ ਵਿਚ ਲਿਆਵਣ ਲਈ ਇਧਰ ਫੇਰੀ ਪਾਵਣ ਆਇਆ ਹੈ ! ਤਾਂ ਸਿੱਧਾਂ ਨੇ ਆਖਿਆ : ਜੋਗ ਕੀ ਤੇ ਭੋਗ ਕੀ, ਕੀ ਕਦੇ ਜਲ ਤੇ ਅਗਨੀ ਦਾ ਵੀ ਮੇਲ ਹੋਇਆ ? ਤਾਂ ਓਹ ਦੂਲੇ ਬਾਬਾ ! ਤੈਂ ਆਖਿਆ, ਇਸ ਜੋਗ-ਭੋਗ ਦੀ ਸੰਧੀ ਨੂੰ ਪੱਕੀ ਤਰਾਂ ਜੋੜਨ ਲਈ ਹੀ ਤਾਂ ਅਸਾਂ ਮਾਤ-ਲੋਕ ਤੇ ਫੇਰੀ ਪਾਈ ਏ, ਤੇ ਉਸੇ ਆਦਰਸ਼ ਨੂੰ ਪੱਕਾ ਕਰਨ ਲਈ ਇਤ ਵਲ ਮੁਖ ਫੇਰਿਆ ਏ। ਤੁਸੀਂ ਆਂਹਦੇ ਹੋ ਜਲ ਤੇ ਅਗਨੀ ਦਾ ਮੇਲ ਕੀ। ਪਰ ਕੀ ਤੁਸੀਂ ਨਹੀਂ ਜਾਣਦੇ ਜੁ 'ਬੂਟਾ' ਹੋਰ ਕੀ ਏ, ਕੀ ਇਹ ਜਲ ਅਗਨੀ ਦਾ ਮੇਲ ਨਹੀਂ ? ਹਰ ਇਕ ਬੂਟੇ ਦੀ ਜੜ੍ਹ ਜਲ ਨੂੰ ਭਖਦੀ ਏ, ਤੇ ਹਰ ਇਕ ਬੂਟੇ ਦੇ ਪੱਤਰ ਅਗਨੀ (ਸੂਰਜ ਪ੍ਰਕਾਸ਼) ਨੂੰ ਜੀਰਦੇ ਨੇ ਤੇ ਇਹਨਾਂ ਦੋਵਾਂ ਦੇ ਸੰਜੋਗ ਦਾ ਨਾਮ 'ਸਹਜ' ਏ—ਇਸ ਦੋ-ਛਾਬੇ ਵਾਲੇ ਤਰੱਕੜ ਨੂੰ ਤੋਲਣ ਅਸੀਂ ਆਏ ਹਾਂ ! ਵਾਹ ਵਾਹ ਕਨ-ਫਟੇ ਜੋਗੀ ਤੇ ਸਹਜ-ਜੋਗੀ ਵਿਚ ਮੁਢਲਾ ਫਰਕ, ਓ ਜੋਗੀਸ਼ਵਰ ਬਾਬਾ !

# ਉਤਰ ਫੇਰੀ

## ਸਿਧ ਗੋਸ਼ਟ ਤੇ ਸੁਮੇਰ ਪ੍ਰਬਤ

## ਨਿਰਲੇਪ-ਜੀਵਣ

## (੨)

ਓ ਸਹਜ-ਜੋਗੀਸ਼੍ਵਰ ਬਾਬਾ, ਤੇਰੀ ਇਸ ਪੈਹਲੀ ਟੁਣ-ਕਾਰ ਨੇ ਇਹਨਾਂ ਯੋਗੀਆਂ ਦੀ ਜੰਗਾਲੀ ਹੋਈ ਰਬਾਬ ਵਿਚ ਕੋਈ ਰਤਾ ਕੁ ਥ੍ਰਾਟ ਛੇੜੀ, ਪਰ ਅਜੇ ਇਹਨਾਂ ਸਿਧਾਂ ਲਈ ਜੋਗ ਤੇ ਭੋਗ ਦਾ ਜੋੜਨਾ ਤੇ ਇਕ ਦਾ ਦੂਜੇ ਤੇ ਪੈਂਵਦ ਲਾਣਾ ਮੁਸ਼ਕਲ ਜਾਪਦਾ ਸੀ, ਤਾਂ ਸਿਧਾਂ ਨੇ ਫਿਰ ਪੁੱਛਿਆ: ਬੂਟਾ ਤਾਂ ਜਲ ਤੇ ਅਗਨੀ ਨੂੰ ਜੋੜ ਲੈਂਦਾ ਹੈ, ਪਰ ਤਦ ਜਲ ਵੀ ਸੰਜਮ ਵਿਚ ਹੋਂਦਾ ਹੈ ਤੇ ਅਗਨੀ ਵੀ ਓਹਨਾਂ ਨੂੰ ਗਿਣੀ ਮਿਥੀ ਮਿਲਦੀ ਹੈ। ਵੇਖੋ ਨਾ ਪਾਣੀ ਧਰਤੀ ਵਿਚ ਜੀਰਿਆ ਹੋਇਆ, ਜੀਕਣ ਕੋਈ ਸਪੰਜ ਪਾਣੀ ਪੀ ਬੈਠਾ ਹੋਂਦਾ ਹੈ ਤੇ ਇਸੇ ਤਰ੍ਹਾਂ ਪਵਨ ਸੂਰਜ ਪ੍ਰਕਾਸ਼ ਨੂੰ ਆਪਣੇ ਅੰਦਰ ਲੀਨ ਕਰਦੀ ਏ, ਪਰ ਜਿਥੇ ਇਕ ਗੱਲ ਜ਼ਿਆਦਾ ਹੋਵੇ ਓਥੇ ਵੇਖੋ ਨਾ ਬੂਟੇ ਦੀ ਜੜ੍ਹ ਵੀ ਪਾਣੀ ਵਿਚ ਤਰੱਕ ਜਾਂਦੀ ਏ। ਓ ਮੰਤਕੀ ਬਾਬਾ, ਫਿਰ ਤੈਂ ਆਖਿਆ ਸੱਚ ਏ, ਪਰ ਜਿਥੇ ਪਾਣੀ ਵਧੀਕ ਹੋਵੇਗਾ, ਓਥੇ ਮੇਰੇ ਗੁਰ-ਮੁਖਾਂ ਦੀ ਹੰਸ ਵਰਗੀ; ਮੁਰਗਾਈ ਵਰਗੀ ਚਾਲ ਹੋਵੇਗੀ।

Sri Satguru Jagjit Singh Ji eLibrary NamdhariElibrary@gmail.com

ਓਹਨਾਂ ਦੇ ਫ਼ੰਗ ਭਿਜਦੇ, ਓਹ ਆਪ ਪਾਣੀ ਵਿਚ ਗੋਤੇ ਲਾਂਦੀਆਂ, ਪਰ ਫਿਰ ਅਸੰਗ; ਅਹੰਗ, ਨਿਰਮਲ, ਨਿਰਲੇਪ, ਜੀਕਣ ਜਲ ਵਿਚ ਕਮਲ ਅਲੇਪ! ਓ ਬਾਬਾ, ਇਸ ਪਾਸੋਂ ਵੀ ਯੋਗੀ ਨਿਰੁੱਤਰ ਹੋ ਕੇ ਲੱਗੇ ਹੋਰ ਹੋਰ ਦਲੀਲਾਂ ਢੂੰਡਣ ਤੇ ਆਖਿਓ ਨੇ, ਇਸ ਕੱਚੇ ਘੜੇ, ਇਸ ਜਰਜਰੇ ਘੜੇ ਨੂੰ ਸਾਂਭ ਕੇ ਰੱਖਣ ਦੀ ਲੋੜ ਹੈ, ਡਰ ਏ, ਜੇ ਕਿਧਰੇ ਇਹ ਸੰਸਾਰ ਦੀਆਂ ਚਟਾਨਾਂ ਤੇ ਮਾਇਆ ਦੀਆਂ ਠੋਕਰਾਂ ਨਾਲ ਲੱਗੇਗਾ ਤਾਂ ਕਿਧਰੇ ਫੀਤੇ ਫੀਤੇ ਨਾ ਹੋ ਜਾਵੇ। ਇਸ ਕਰ ਕੇ ਵੀ ਅਸੀਂ ਅੱਗ ਵੇਖ ਕੇ ਅੱਗ ਵਿਚ ਛਾਲ ਨਹੀਂ ਮਾਰਦੇ। ਪਾਣੀ ਵੇਖ ਕੇ ਪਾਣੀ ਵਿਚ ਚੁੱਭੀ ਨਹੀਂ ਮਾਰਦੇ। ਕਾਲਖ ਵੇਖ ਕੇ ਆਪਣਾ ਮੂੰਹ ਕਾਲਾ ਨਹੀਂ ਕਰਦੇ। ਹਾਂ ਇਸ ਕੱਚੇ ਘੜੇ ਨੂੰ ਜਿਤਨਾ ਸਾਂਭੀਏ ਤਿਤਨਾ ਹੀ ਇਹ ਨੌ-ਬਰ ਨੌ ਤੇ ਅੰਮ੍ਰਿਤ ਨੂੰ ਪਾਨ ਕਰਨੇ ਵਾਸਤੇ ਸਾਵਧਾਨ ਰਹੇਗਾ। ਟੁੱਟਾ ਘੜਾ ਭਲਾ ਕੀ ਕਰਸੀ? ਓ ਬਾਬਾ, ਇਹਨਾਂ ਸਿਧਾਂ ਦੀਆਂ ਲੰਮੀਆਂ ਦਲੀਲਾਂ, ਸੁਨਿਆਰ ਦੀ ਠੱਕ ਠੱਕ ਪਰ ਲੋਹਾਰ ਦੀ ਇਕੋ ਟੱਕ; ਤੂੰ ਆਖਿਆ: "ਵੇਖੋ ਨਾ ਇਸ ਕੌਲ ਫ਼ੁਲ ਨੂੰ, ਹਾਂ ਇਸ ਨੂੰ ਮੁੜ ਵੇਖੋ, ਇਸ ਨੂੰ ਸਾਰਿਆਂ ਫ਼ੁਲਾਂ ਦਾ ਰਾਜਾ ਕਿਉਂ ਆਖਦੇ ਨੇ? ਕੀ ਗੁਲਾਬ ਘੱਟ ਏ? ਕੀ ਚੰਬਾ ਮੌਲਸਰੀ, ਗੁਲਦਾਊਦੀ ਘੱਟ ਏ? ਪਰ ਇਹ ਕੌਲ ਫੁਲ ਇਸੇ ਕਰ ਕੇ 'ਸਰਦਾਰ' ਏ, ਜੁ ਇਹ ਜਲ ਵਿਚ ਰਹਿ ਕੇ ਨਿਰਲੇਪ ਏ! ਜੀਕਣ ਕੌਲ ਫੁਲ ਸਾਗਰ ਦਾ ਸਰਦਾਰ, ਤੀਕਣ ਇਹ ਮਾਨੁਖ ਸੰਸਾਰ ਸਾਗਰ ਦਾ ਸਰਦਾਰ! ਵਾਹ ਵਾਹ ਕੌਲ-ਫ਼ੁੱਲੀ ਜੀਵਣ !!

# ਉਤਰ ਫੇਰੀ

## ਸਿੱਧ ਗੋਸ਼ਟ ਤੇ ਸੁਮੇਰ ਪ੍ਰਬਤ

## ਸਾਡੇ ਪਿਤਾ ਪਿਤਾਮਾਂ ਬਾਂਦਰ ਕਿ ਵਾਹਿਗੁਰੂ ?

## (੩)

ਓ ਮੈਂਡੇ ਰੰਗ ਬਰੰਗੀ ਬਾਬਾ, ਤੇਰਾ ਮੰਤਕ ਵੀ ਪ੍ਰਬਲ ਏ, ਪਰ ਇਹਨਾਂ ਸਿੱਧਾਂ ਦੀਆਂ ਨਵੀਆਂ ਗੱਲਾਂ ਸੁਣਨ ਤੇ ਵਾਚਣ ਯੋਗ ਨੇ ! ਸੱਚ ਏ ਜੁ ਕੌਲ ਫੁਲ ਵਾਂਙ ਇਹ ਜੀਵ ਵੀ ਸੰਸਾਰ ਦਾ ਸਰਦਾਰ ਏ, ਪਰ ਇਹ ਸਿੱਧ ਪੁੱਛਦੇ ਨੇ ਜੁ ਇਹ ਮਨੁਖ ਬਾਂਦਰ ਵੀ ਏ ! ਅੰਗ੍ਰੇਜ਼ ਵੀ ਆਂਹਦੇ ਨੇ ਜੁ ਅਸੀਂ ਸਾਰੇ ਬਾਦਰਾਂ ਦੀ ਸੰਤਾਨ ਹਾਂ, ਫਿਰ ਕੀ ਬਾਂਦਰ ਨੂੰ ਬੰਨ੍ਹ ਕੇ ਨਹੀਂ ਰਖਣਾ ਚਾਹੀਦਾ ਤੇ ਕੀ ਤੈਨੂੰ ਇਹ ਪਤਾ ਨਹੀਂ, ਜੁ ਬਾਂਦਰਾਂ ਨੂੰ ਬੰਨ੍ਹਣ ਲਈ ਓਹਨਾਂ ਨੂੰ ਬਾਂਸ ਨਾਲ ਗੋਲ-ਕੜੀ ਯਾ ਛੱਲਾ ਪਾ ਕੇ ਰਖੀਦਾ ਹੈ। ਤੇ ਇੰਜ ਉਹ ਬਾਂਦਰ ਵੀ ਸਾਡੇ ਵਾਂਙ ਛਾਲ ਮਾਰ ਕੇ ਬਾਂਸ ਦੀ ਚੋਟੀ ਤੇ ਆ ਜਾਂਵਦਾ ਹੈ। ਜਦ ਇਹ ਬਾਂਦਰ ਵੀ ਸੁਭਾਵ ਨਾਲ ਨੱਸਦਾ ਭੱਜਦਾ ਉਪਰ ਚਲਾ ਆਂਵੰਦਾ ਹੈ, ਤਾਂ ਫਿਰ ਕੀ ਜੇ ਜੋਗੀ ਇਸ ਸੁਮੇਰ ਪ੍ਰਬਤ ਦੀਆਂ ਘਾਟੀਆਂ ਆ ਮੱਲਣ ਤਾਂ ਕੀ ਕੋਈ ਅਚੱਰਜ ਗੱਲ ਹੈ ? ਓ ਚਤੁਰ-ਵੇਦੀ ਬਾਬਾ, ਫਿਰ ਤੈਂ ਆਖਿਆ, ਜੁ ਸਾਨੂੰ ਬਾਂਦਰਾਂ ਦੀ

Sri Satguru Jagjit Singh Ji eLibrary NamdhariElibrary@gmail.com

ਸੰਤਾਨ ਆਂਹੰਦੇ ਨੇ, ਓਹ ਫ਼ਰਸ਼ ਦੇ ਕੀੜੇ ਨੇ, ਨੀਵੇਂ ਕਿਰਮ, ਪਰ ਵੇਦ ਸ਼ਾਸਤਰ, ਪੁਰਾਨ ਕੁਰਾਨ ਕੋਈ ਵੀ ਅਪੜੀ ਹੋਈ ਬਾਣੀ ਪੜ੍ਹੋ ਤੇ ਵੇਖੋ ਨਾ ਉਹ ਸਾਰੇ ਆਂਹੰਦੇ ਨੇ ਜੁ ਅਸੀਂ ਬਾਂਦਰ ਨਹੀਂ, ਅਸੀਂ ਰੱਬ-ਰੂਪ ਹਾਂ। ਆਪ--ਓਸ ਅੰਸ਼ ਦੇ ਅੰਸ਼ੀ। ਓਸ ਨੂਰ ਦੇ ਬੂਰ, ਓਸ ਸੂਰਜ ਦੀਆਂ ਕਿਰਨਾਂ ! ਫਿਰ ਵੇਖੋ ਨਾ ਹਰ ਇਕ ਚੀਜ਼ ਤੇ ਵਾਹਿਗੁਰੂ ਜੀ ਵਲੋਂ ਮੋਹਰ ਛਾਪ ਹੁੰਦੀ ਏ, ਜੀਕਣ ਪਸ਼ੂਆਂ ਦੇ ਖ਼ੁਰ ਤੇ ਲੰਮੇ ਕੰਨ, ਤੇ ਸਭ ਤੋਂ ਵਡੀ ਨਿਸ਼ਾਨੀ ਉਹਨਾਂ ਦੀ ਪੂਛਲ--ਕੀ ਤੁਹਾਡੀ ਵੀ ਪੂਛਲ ਹੈ, ਤੇ ਜੇ ਨਹੀਂ ਤਾਂ ਬਾਂਦਰਾਂ ਨਾਲ ਤਸ਼ਬੀਹਾਂ ਤੇ ਮੇਲ ਮਿਲਾਪ ਕਿਓਂ ? ਮਨੁਸ਼ ਸਾਰੀ ਸ੍ਰਿਸ਼ਟੀ ਦਾ ਸਰਦਾਰ ਹੈ, ਇਹ ਬਾਂਦਰ ਨਹੀਂ, ਇਹ ਵਾਹਿਗੁਰੂ ਦੀ ਆਪਣੀ ਜੋਤ ਹੈ, ਇਹ ਜੋਤ-ਸਰੂਪ ਹੈ, ਤੇ ਇਸ ਜੋਤ ਦਾ ਵਿਕਾਸ਼ ਇਹਨਾਂ ਕਲ-ਮਕੱਲੇ ਪਹਾੜਾਂ ਵਿਚ ਨਹੀਂ, ਮਾਤ-ਲੋਕ ਵਿਚ ਹੀ ਹੋ ਸਕਦਾ ਹੈ। ਜੀਕਣ ਪੈਹਲਵਾਨ ਆਪਣੇ ਆਪ ਨਾਲ ਹੀ ਨਹੀਂ ਕਾਸੇ ਦੂਜੇ ਨਾਲ ਹੀ ਲੜ ਕੇ ਆਪਣਾ ਬਲ ਪਰਖ ਸਕਦੇ ਨੇ ! ਓ ਸਿਧੋ, ਸਿੱਧ ਤੁਸੀਂ ਤਾਂ ਜੇ ਤੁਸੀਂ ਮੁੜ ਮਾਤ ਲੋਕ ਨੂੰ ਜਾਵੋ, ਨਹੀਂ ਤਾਂ ਤੁਸੀਂ ਪੁੱਠੇ, ਜੀਕਣ ਪੁਠੇ-ਟੰਗੇ-ਚਮਗਾਦੜ ! ਤਾਂ ਇਹਨਾਂ ਸਿੱਧਾਂ ਦੇ ਕੰਨ ਹੋਰ ਖੜੇ ਹੋ ਗਏ ਤੇ ਹੋਰ ਉਕਤੀਆਂ ਯੁਕਤੀਆਂ ਨੂੰ ਭਾਲਣ ਲਗੇ ! ਵਾਹ ਵਾਹ ਓ ਬਾਬਾ ਬਾਂਦਰਾਂ ਨੂੰ ਤੇਰੀ ਰਾਮ-ਸਿਖਸ਼ਾ !!

# ਉਤਰ-ਫੇਰੀ

## ਸਿਧਿ ਗੋਸ਼ਟ ਤੇ ਸੁਮੇਰ-ਪ੍ਰਬਤ

## ਅੰਨ ਬਿਨਾਂ ਕੀ ਕੰਮ ?

## (੪)

ਓ ਸਿਧੋ, ਤੁਸੀਂ ਉਕਤੀਆਂ ਯੁਕਤੀਆਂ ਦੇ ਜਾਲੇ ਤਣਦੇ ਹੋ, ਤੇ ਆਂਹਦੇ ਹੋ: ਸੱਚ ਏ ਜੇ ਸੰਸਾਰ ਵਿਚ ਮੁੜ ਜਾਣਾ ਕਿਸੇ ਹੱਦ ਤੀਕ ਠੀਕ ਏ, ਪਰ ਐਡੀ ਚੜ੍ਹਾਈ ਚੜ੍ਹ ਕੇ ਵਾਪਸ ਕੌਣ ਜਾਏ, ਤੇ ਵੇਖੋ ਨਾ ਜਿਨ੍ਹਾਂ ਨੇ ਉੱਚੇ ਤੇ ਸੂਖਮ-ਮਾਰਗ ਕੱਛਣੇ ਹੋਵਣ, ਉਹਨਾਂ ਵਾਸਤੇ ਬਹੁੰ ਬੋਝ ਦੀ ਲੋੜ ਨਹੀਂ, ਕਿਉਂਕਿ ਜਿਤਨਾ ਜ਼ਿਆਦਾ ਬੋਝ ਤਿਤਨਾ ਵਧੇਰਾ ਬੰਧਨ—ਜੋ ਹਿਮਾਲੀਆ ਪ੍ਰਬਤ ਜਾਂ ਕਿਸੇ ਹੋਰ ਪ੍ਰਬਤ ਤੇ ਚੜ੍ਹਦੇ ਨੇ, ਓਹ ਆਪਣੇ ਕੋਟ ਵਾਸਕਟ ਵੀ ਕਦੇ ਕਦੇ ਲਾਹ ਛੱਡਦੇ ਨੇ, ਫਿਰ ਐਡਾ ਬਾਲ ਬੱਚਿਆਂ ਦਾ ਪਲੱਥੜ ਕੀਕਣ ਚੁੱਕ ਕੇ ਸੁਮੇਰ ਪ੍ਰਬਤ ਤੇ ਆਦਮੀ ਚੜ੍ਹ ਸਕਦਾ ਹੈ। ਹੋਰ, ਵੇਖੋ ਨਾ ਪੰਛੀਆਂ ਨੂੰ, ਓਹ ਕੇਹੇ ਹਲਕੇ ਫੁਲ ਹੋਂਦੇ ਨੇ ਤੇ ਇਸੇ ਕਰ ਕੇ ਅਸਾਂ ਵੀ ਖਿਹੰਗਮ-ਮਾਰਗ, ਪੰਛੀਆਂ ਵਾਲਾ ਮਾਰਗ ਫੜਿਆ ਏ, ਤਾਂ ਜੁ ਅਸੀਂ ਘਾਟੀਆਂ ਛੇਤੀ ਤੈ ਕਰੀਏ ਤੇ ਧ੍ਰਅ-ਲੋਕ ਦੇ ਉਪਰਲੇ-ਟਿੱਲੇ ਤੇ ਜਾ ਅਪੜੀਏ—ਸੰਸਾਰ ਵਿਚ ਫਸਣਾ, ਬੱਚਿਆਂ-ਖੱਚਿਆਂ ਵਿਚ

ਖੱਚਤ ਹੋਵਣਾ ਮਾਨੋ ਸੋਨੇ ਦੀਆਂ ਛੱਡ ਕੇ ਸਿੱਕੇ ਦੀਆਂ ਝਾਝਰਾਂ ਪਾਵਣਾ ਏ! ਓ ਬਾਬਾ, ਤੂੰ ਵੀ ਸਾਡੇ ਮਾਰਗ ਵਿਚ ਆ ਜਾ ਤੇ ਪੰਛੀਆਂ ਵਾਂਙ ਉਡ ਤੇ ਕੰਦ-ਮੂਲ ਚੁਣ ਖਾ! ਤਾਂ ਮੇਰੇ ਭੇਦੀ-ਬਾਬਾ, ਤੈਂ ਆਖਿਆ: ਜੇ ਕੰਦ-ਮੂਲ ਨਾਲ ਹੀ ਸਾਡਾ ਗੁਜ਼ਾਰਾ ਹੋ ਜਾਵੇ, ਤਾਂ ਅਸੀਂ ਸਾਰੇ ਕੀੜੇ ਮਕੌੜੇ ਤੇ ਚਿੜੀਆਂ ਵਾਂਙ ਹੁੰਦੇ। ਪਰ ਕੀ ਤੁਸਾਂ ਨਹੀਂ ਵੇਖਿਆ, ਜੇ ਚਿੜੀਆਂ ਵੀ ਕੰਦ ਮੂਲ ਤੇ ਕੀੜੇ ਦਾਣਿਆਂ ਨੂੰ ਚੁਗ ਖਾਂਵਦੀਆਂ ਨੇ, ਤੇ ਰਿੱਛ ਵੀ ਟਾਂਡੇ ਭੰਨ ਭੰਨ ਕੇ ਛੱਲੀਆਂ ਖਾਂਵਦੇ ਤੇ ਹਾਥੀ ਗੰਨੇ ਭੰਨ ਭੰਨ ਕੇ ਢਿੱਡ ਪੂਜਾ ਕਰਦੇ,--ਫਿਰ ਇਹ ਆਖਣਾ ਜੁ ਸਾਡਾ ਕੰਦ-ਮੂਲ ਨੂੰ ਖਾ ਕੇ ਗੁਜ਼ਾਰਾ ਹੋ ਜਾਏਗਾ, ਇਹ ਦਿਨ ਨੂੰ ਰਾਤ ਆਖਣਾ ਨਹੀਂ ਤਾਂ ਹੋਰ ਕੀ ਏ? ਹਾਂ, ਜੇ ਦਿਨੇ ਆਖਣਾ ਅਸੀਂ ਕੁਝ ਨਹੀਂ ਖਾਂਵਦੇ ਤੇ ਰਾਤੀ ਦੇਗਾਂ ਨੂੰ ਗਟਕਾ ਜਾਵਣਾ ਹੈ, ਅਖੀਓਂ ਓਹਲੇ ਮਾਸ ਵੀ ਭੱਖ ਜਾਵਣਾ ਹੈ, ਤਾਂ ਹੋਰ ਗਲ ਏ। ਨਹੀਂ ਤਾਂ ਸੱਚ ਨੂੰ ਸੱਚ ਆਖੋ, ਦਿਨ ਨੂੰ ਦਿਨ ਆਖੋ! ਇਸ ਅੰਨ ਬਿਨਾਂ ਨਹੀਂ ਹੋਂਦਾ ਕੰਮ, ਇਸ ਬਿਨਾਂ ਨਹੀਂ ਲੋਕ ਤੇ ਨਹੀਂ ਪ੍ਰਲੋਕ, ਤਾਂ ਤੇ ਇਹ ਅੰਨ ਹੀ ਸਭ ਦੇਵਤਿਆਂ ਦਾ ਆਦਿ-ਦੇਵ ਏ! "ਭੂਖੇ ਭਗਤਿ ਨ ਕੀਜੈ! ਓ ਬਾਬਾ, ਤੇਰੀਆਂ ਸਚੀਆਂ ਸਚੀਆਂ ਖਰੀਆਂ ਖਰੀਆਂ ਗਲਾਂ ਇਹਨਾਂ ਨੂੰ ਚੁੱਭ ਗਈਆਂ ਤੇ ਏਹ ਵਧੇਰਾ ਤੇਰੀ ਗੋਸ਼ਟ ਸੁਣਨ ਵਾਸਤੇ ਤਿਆਰ ਹੋ ਗਏ, ਪਰ ਅਜਾਂ ਦਿਲੀ ਹੋਰ ਦੂਰ ਏ, ਤੇ ਇਸ ਮੰਨਜ਼ਲ ਨੂੰ ਹੀ ਜੇ ਨਹੀਂ ਆਖਦੇ ਸੁਮੇਰ-ਯਾਤਰਾ ਤਾਂ ਹੋਰ ਕਾਸ ਨੂੰ! ਵਾਹ ਵਾਹ ਅੰਨ-ਪੂਰਨਾ, ਵਡ-ਦੇਵੀ ਤੇ ਦੇਵ ਤੂੰ!

# ਉੱਤਰ-ਫੇਰੀ

## ਸਿਧ ਗੋਸ਼ਟ ਤੇ ਸੁਮੇਰ ਪ੍ਰਬਤ

## ਕਰਾਮਾਤਾਂ ਵਰਜਤ !

## (੫)

ਓ ਜਾਣੀ ਜਾਣ ਬਾਬਾ, ਜਿਤਨੀਆਂ ਤੂੰ ਉਕਤੀਆਂ ਯੁਕਤੀਆਂ ਕੈਂਚੀ ਨਾਲ ਕੱਟਨਾ ਏਂ, ਤਿਤਨੀਆਂ ਹੀ ਓਹ ਸਿਧ ਹੋਰ ਰਚਨ ਦਾ ਸਰਬੰਧ ਚਾ ਕਰਦੇ ਨੇ—ਜੇ ਤੂੰ ਆਖੇਂ ਅੰਨ ਖਾਦੇ ਬਿਨਾ ਗੁਜ਼ਾਰਾ ਨਹੀਂ ਤਾਂ ਓਹ ਆਂਹਦੇ ਨੇ ਅਸੀਂ ਵੀ ਕੁਝ ਖਾਂਦੇ ਹਾਂ; ਪਰ ਅਸੀਂ ਪਵਨ ਅਹਾਰੀ ਹਾਂ, ਅਸੀਂ ਆਪਣੀ ਤਿਖਾ ਤੇ ਖੁੱਧਿਆ ਰਿਧੀਆਂ ਸਿਧੀਆਂ ਦਵਾਰਾ ਇਹਨਾਂ ਸੱਤ ਰੰਗੀ ਕਿਰਨਾਂ ਨਾਲ ਹੀ ਚਾ ਬੁਝਾਨੇ ਹਾਂ। ਸਾਡੇ ਅੱਗੇ ਯੱਖ ਕਿੰਨਰ ਤੇ ਦੇਵੀ ਦੇਵਤੇ ਆਣ ਕੇ ਬਾਟੇ ਰੱਖਦੇ ਨੇ ਤੇ ਸਾਡੇ ਅੱਗੇ ਰਾਜੇ ਮਹਾਰਾਜੇ ਚੜ੍ਹਾਵੇ ਚੜ੍ਹਾਂਦੇ ਨੇ, ਫਿਰ ਸਾਨੂੰ ਅੰਨ ਤੇ ਬਸਤਰ ਦੀ ਹੋਰ ਕੀ ਲੋੜ ? ਪਰ ਓ ਪੀਤਾਂਬਰ ਬਾਬਾ, ਤੂੰ ਕੀ ਨਹੀਂ ਜਾਣਦਾ, ਕਿਸੇ ਯੁੱਗ ਵਿਚ ਤੂੰ ਆਪ ਨੰਗ-ਮਨੰਗ ਤੇ ਦਿਗਾਂਬਰ (ਸਿਰਫ ਦਿਸ਼ਾ ਰੂਪੀ ਚੋਲੜਾ ਪਾਵਣ ਵਾਲੜਾ) ਪਰ ਫਿਰ ਤੈਂ ਦਹਦਿਸਾਂ ਰਚੀਆਂ ਤੇ ਮਾਨੋ ਇਕ ਨਹੀਂ ਦਸਰੰਗੇ ਸੂਟ ਪਾਏ, ਪਰ

ਜਦ ਤੂੰ ਆਪ ਬਸਤ੍ਰ ਪੈਹਨਣਾ ਏ ਤੇ ਅੰਨ ਜਲ ਬਿਨਾ ਨਹੀਂ ਰੈਂਹਦਾ ਤਾਂ ਹੋਰ ਕੌਣ ਏ ਜੁ ਰਹੇ ? ਇਸ ਕਰ ਕੇ ਤੈਂ ਸੱਚਿਆ, ਓਹਨਾਂ ਦਾ ਭਰਮ ਦਾ ਅੰਡਾ 'ਨਾਮ' ਦੀ ਚਟਾਨ ਤੇ ਭੰਨ ਕੇ ਆਖਿਆ: ਏਹ ਸੱਚਾ, ਇਹ 'ਨਾਮ' ਸਰਬ ਦੀ ਜਿੰਦ-ਜਾਨ ਤੇ ਈਮਾਨ, ਤੇ ਇਸ ਬਿਨਾ ਹੋਰ ਸਭ ਰਿੱਧਾਂ ਸਿੱਧਾਂ ਤੇ ਨਿੱਧਾਂ ਝੂਠੀਆਂ ! ਭਲਾ ਕਦੇ ਜੜ੍ਹ ਬਿਨਾ ਵੀ ਬੂਟਾ ਜੀਵਿਆ ਹੈ ? ਜਦ ਇਹ 'ਨਾਮ' ਰੂਪੀ ਜੜ੍ਹ ਨਹੀਂ, ਤਦ ਤੱਕ ਨਾ ਬੂਟਾ, ਨਾ ਫੁੱਲ, ਨਾ ਫਲ—ਨਾ ਅਣਿਮਾ, ਨਾ ਮਹਿਮਾ, ਨਾ ਲਘੂਮਾ, ਨਾ ਮਹਿਮਾ ਸਿਧੀਆਂ, ਪਰ ਕੀ ਇਹ ਸਿੱਧੀਆਂ ਵੱਟੇ ਚੁੱਕਦੀਆਂ ਨੇ ? ਨਹੀਂ, ਇਹ ਤਾਂ ਚੁੰਬਕ-ਰੱਸ 'ਨਾਮ' ਦੀ ਆਕਰਸ਼ਨ-ਸ਼ਕਤੀਆਂ, ਅਲੰਕਾਰਕ, ਮੂਰਤੀਮਾਨ (Obj ctive) ਨਹੀਂ, ਸ਼ਕਤੀਮਾਨ (Sabjective) ਜੜ੍ਹ ਨਹੀਂ ਚੈਤੰਨ- -ਭਾਵ ਇਹ ਹੈ ਕਿ ਇਹਨਾਂ ਨਾਲ ਸਾਡੀ ਮੱਨ ਦੀ ਅਭਿਲਾਖਾ ਜੁ ਬੇਅੰਤ ਹੈ, ਮਿਟ ਜਾਂਦੀ ਹੈ, ਪਰ ਨਾ ਕਿ ਸਾਡੀ ਗੋਗੜ ਦੀ ਭੁੱਖ ! ਤਾਂ ਇਹ ਗੁੱਝਾ ਰਾਜ਼ ਸੁਣ ਕੇ ਚਰਪਟ ਨਾਥ ਹੋਰ ਚਰਚਰੀ ਅਵਾਜ਼ ਨਾਲ ਬੋਲਿਆ. ਫਿਰ ਕੀ ਅਸੀਂ ਸਿਧੀ ਪ੍ਰਿਥਵੀ ਨੂੰ ਪੁੱਠਾ ਕਰੀਏ ! ਤਾਂ ਓ ਬਾਬਾ, ਤੈਂ ਆਖਿਆ: "ਪੈਹਲੋਂ ਇਸ ਨਿੱਕੀ ਕੌਸ਼, ਇਸ ਮੇਰੀ ਖੜਾਵਾਂ ਨੂੰ ਉਡਾਉ, ਫਿਰ ਧਰਤੀ ਨੂੰ ਉਡਾਣਾ—ਪਰ ਬਾਬਾ ਤੇਰੀ ਟੁੱਟੀ ਜੁੱਤੀ ਵੀ ਕਿਸੇ ਨੇ ਸਿੱਧੀ ਨਾ ਕੀਤੀ ! ਵਾਹ ਵਾਹ ਓ ਬਾਬਾ, ਤੇਰੀ 'ਨਾਮ' ਕਰਾਮਾਤ—ਧ੍ਰਿਗ ਸਿਧੀ ਤੇ ਧ੍ਰਿਗ ਰਿਧੀ ਨੌ ਨਿਧੀ !!

# ਉੱਤਰ ਫੇਰੀ

## ਸਿਧ ਗੋਸ਼ਟ ਤੇ ਸੁਮੇਰ ਪ੍ਰਬਤ

## ਚਿੰਨ੍ਹ ਪ੍ਰਸਤੀ ਕਿ ਬੁਤਪ੍ਰਸਤੀ

## (੬)

ੳ 'ਨਾਮ'-ਗ੍ਰਾਮੀ ਬਾਬਾ, ਜਦ ਰਿੱਧੀਆਂ ਸਿੱਧੀਆਂ ਤੋਂ ਟੱਪ ਕੇ 'ਨਾਮ' ਦੀ ਜਾਣ ਪਹਿਚਾਨ ਤੇ ਗੱਲ ਆ ਅੱਪੜੀ, ਤਾਂ ਸਿੱਧਾਂ ਨੇ ਪੁੱਛਿਆ: ਇਸ 'ਨਾਮ' ਦੇ ਪਾਵਣ ਲਈ ਕੀ ਕੀ ਸਾਧਨ ਨੇ ? ਕੀ ਅਲਪ-ਅਹਾਰ ਤੇ ਸੁਲਪ-ਨਿੰਦ੍ਰਾ ਕਾਫੀ ਨਹੀਂ ? ਕੀ ਭਸਮ ਰਮਾਣਾ ਤੇ ਕੰਨ ਫੜਾਨਾ ਨਹੀਂ ? ਤਾਂ ੳ ਵੱਡ-ਯੋਗੀਆ ਤੈਂ ਦੱਸਿਆ: ਅਲਪ ਅਹਾਰ ਦਾ ਭਾਵ ਇਹ ਨਹੀਂ ਕਿ ਕੰਦ-ਮੂਲ ਖਾਣਾ, ਇਸ ਦਾ ਭਾਵ ਹੈ ਦੱਸਾਂ ਨਹੁੰਵਾਂ ਦੀ ਕਿਰਤ ਕਮਾਈ ਕਰ ਕੇ ਖਾਣਾ, ਆਪ ਛੱਕਣਾ, ਵੰਡ ਖਾਣਾ, ਗਰੀਬ ਗੁਰਬੇ ਨੂੰ ਖੁਆਣਾ, ਤੇ ਵਿਤ ਤੋਂ ਘੱਟ ਹੀ ਢਿੱਡ ਭਰਨਾ ! ਤੇ ਸੁਲਪ-ਨਿੰਦ੍ਰਾ ਦਾ ਭਾਵ ਇਹ ਨਹੀਂ ਕਿ ਸੀਖਾਂ ਵਾਲੇ ਵਿਛੌਣੇ ਯਾ ਮੂਧ੍ਹੇ ਮੂੰਹ ਸੌਣਾ, ਯਾ ਖੜੋਤਾ ਹੀ ਰੈਹਣਾ, ਪਾਣੀ ਯਾ ਅੱਗ ਵਿਚ ਬਹਿ ਕੇ ਚਿਲ੍ਹਾ ਕੱਟਣਾ ਨਹੀਂ; ਹੱਥ ਦੁੱਕ ਯਾ ਲੱਤ ਚੁੱਕ ਕੇ ਖੜੋਨਾਂ ਨਹੀਂ। ਇਹ ਸਭ ਵੈਹਮ ਨੇ, ਜੇ ਕਰ ਇਉਂ ਹੀ ਕਰਨਾ ਹੁੰਦਾ ਤਾਂ ਅਸੀਂ ਮਨੁੱਸ਼ ਨਹੀਂ। ਅੱਗ ਵਿਚ ਵੱਸਣ ਵਾਲੇ ਗਿਰਗਟ, ਜਲ ਵਿੱਚ ਵੱਸਣ ਵਾਲੇ ਮੱਛ ਕੱਛ, ਟੰਗਾਂ

Sri Satguru Jagjit Singh Ji eLibrary NamdhariElibrary@gmail.com

ਚੁੱਕ ਕੇ ਉੱਡਣ ਵਾਲੇ ਪੰਛੀ ਯਾ ਇਤਆਦਿਕ ਹੋਰ ਕੋਈ ਪਸ਼ੂ—ਅਸਾਂ ਜੋ ਕੁਝ ਕਰਨਾ ਹੈ ਸਹਜ ਨਾਲ, ਵਿਚਾਰ ਨਾਲ ਛਾਣ ਬੀਨ ਨਾਲ ਕਰਨਾ ਹੈ। ਕੰਨ ਫੜਵਾਣ ਨਾਲ,ਨੱਕ ਵਿਚ ਊਠ ਵਾਂਙ ਨਕੇਲ ਪਾਣ ਨਾਲ, ਤਨ ਨੂੰ ਤਾੜਨ ਸਾੜਨ ਤੇ ਬਾਲਣ ਨਾਲ ਮੱਨ ਨਹੀਂ ਮਰਦਾ, ਜੀਕਣ ਸੱਪ ਦਾ ਸਰੀਰ ਟੁੱਟਿਆਂ ਸੱਪ ਨਹੀਂ ਮਰਦਾ, ਜਦ ਤਕ ਓਸ ਦੀ ਸਿਰੀ ਨਾ ਚਿੱਥੀ ਜਾਏ—ਤਾਂ ਤੇ ਇਹ ਭਸਮਾਂ ਤੇ ਇਹ ਧੂਣੀਆਂ ਇਹ ਕੰਨ ਫੜਾਨੇ ਤੇ ਸਿੰਙੀਆਂ ਗੱਲ ਲਟਕਾਣੀਆਂ, ਜਟਾਂ ਯਾ ਨਾਖਨ ਵਧਾਣੇ ਭਰਮ ਨੇ ! ਇਹਨਾਂ ਜਟਾਂ, ਖੜਾਵਾਂ, ਮੁੰਦਰਾਂ, ਭਸਮਾਂ, ਸਿੰਙੀਆਂ ਦਾ ਭਾਵ ਡੂੰਘਾ ਏ, ਅਧਿਆਤਮਕ ਏ । ਨੱਕ ਦੀ ਥਾਂ ਮਨ ਨੂੰ ਨਕੇਲ ਪਾਵੇ, ਕੰਨ ਦੀ ਥਾਂ ਮੱਨ ਨੂੰ ਨੱਥੋ, ਸਰੀਰ ਦੀ ਥਾਂ ਮਨ ਨੂੰ ਭਸਮਾ-ਭੂਤ ਸਮਝੋ । ਡੰਡੇ ਨੂੰ ਚੁੱਕ ਰੱਖਣ ਦੀ ਥਾਂ ਗਿਆਨ ਦਾ ਡੰਡਾ ਫੜੋ, ਝੰਡੀ ਬਰਦਾਰ ਹੋਣ ਦੀ ਥਾਂ ਅਕਾਲ ਪੁਰਖ ਦਾ ਝੰਡਾ ਝੁਲਾਓ। ਗਿਆਨ ਧਿਆਨ ਤੇ ਉਪਦੇਸ਼ ਦਵਾਰਾ ਤੇ ਸਿੰਙੀ ਨਾਦ ਵਜਾਣ ਦੀ ਥਾਂ ਕੀਰਤਨ ਨਾਲ ਮਨ ਜੋੜੋ ਜੁ ਸਭ ਰੋਗਾਂ ਦਾ ਦਾਰੂ ਏ, ਤੇ ਮਨ-ਸੱਪ ਨੂੰ ਕੀਲਣ ਵਾਲਾ ਇਕੋ ਇਕ ਮੋਹਨੀ ਮੰਤਰ ਏ—ਇਸ ਬਿਨਾ ਹੋਰ ਸਭ ਕੱਚ ਮੁਲੰਮਾ, ਸਭ ਢਕੌਂਸਲਾ, ਸਭ ਪੋਪੜ ਪਾਪੜ, ਸਭ ਨੱਖਰਾ, ਸਭ ਸ਼ੀਸ਼ਾ ਬਾਸ਼ਾ......ਓ ਬਾਬਾ, ਤੇਰੀ ਇਸ ਸਾਫ਼ ਗੋਈ ਨੂੰ ਚਿਤ ਵਿਚ ਧਾਰ ਕੇ ਅੱਧਿਆਂ ਸਿਧਾਂ ਨੇ ਬਿਭੂਤਾਂ ਮਲਣੀਆਂ ਛੱਡ ਦਿਤੀਆਂ ਤੇ ਆਸਣ ਖਾਲੀ ਕਰ ਕੇ ਮਾਤ ਲੋਕ ਵਲ ਮੁੜ ਟੁਰੇ ! ਵਾਹ ਵਾਹ ਚਿੰਨ੍ਹ-ਪ੍ਰਸਤੀ ਵਾਲੀ ਆਰਸੀ ਵੀ ਚਿਕਨਾ-ਚੂਰ !!

# ਉੱਤਰ ਫੇਰੀ

## ਸਿਧਿ ਗੋਸ਼ਟ ਤੇ ਸੁਮੇਰ ਪ੍ਰਬਤ

## ਗ੍ਰਿਹਸਤ ਕਿ ਬੈਰਾਗ !

## (੭)

ਤਾਂ ਗੁਰੂ ਗੋਰਖ ਨਾਥ ਨੇ ਆਖਿਆ : ਕੰਨ ਫੜਵਾਏ ਬਿਨਾ ਮਨ ਨੂੰ ਮੇਖ ਨਹੀਂ ਵੱਜਦੀ, ਤੇ ਇਸ ਮੇਖ ਬਿਨਾ ਚੰਚਲ-ਮਨ ਟੱਪਦਾ ਏ, ਫੇਰ ਦੋ ਤਲਵਾਰਾਂ ਇਕ ਮਿਆਨ ਵਿਚ ਨਹੀਂ ਰੈਹ ਸੱਕਦੀਆਂ ਯਾ ਗ੍ਰਿਹਸਤ, ਯਾ ਨਿਰਬਾਨ, ਯਾ ਜੋਗ ਯਾ ਭੋਗ, ਯਾ 'ਨਾਮ' ਯਾ ਕਾਮ––ਕੀ ਭਰਥਰੀ ਵਰਗੇ ਰਾਜੇ ਵੀ ਆਪਣੀਆਂ ਨਾਰੀਆਂ ਤੋਂ ਤੰਗ ਹੋ ਕੇ ਜੰਗਲਾਂ ਵਲ ਉੱਠ ਨਹੀਂ ਭੱਜੇ ? ਵੇਖੋ ਓਹਨਾਂ ਦੇ ਟੂਣੇ ਤੇ ਚਲਿੱਤਰ, ਅਮਰ ਫਲ ਜਿਹੀਆਂ ਸੁਗਾਤਾਂ ਇਹ ਕਾਮਣੀਆਂ, ਘਸਿਆਰਾਂ ਨੂੰ ਜਾ ਖਿਲਾਂਵਦੀਆਂ ਨੇ, ਫਿਰ ਜੇ ਇਹ ਵਿਸ-ਭਰੀਆਂ ਗੰਦਲਾਂ ਨਹੀਂ ਤਾਂ ਹੋਰ ਕੀ ਨੇ ! ਓ ਬਾਬਾ, ਓ ਨਰ-ਨਰਾਇਣ ਤੂੰ ਆਪਣੀ ਸੱਜੀ-ਅੱਖ ਨੂੰ ਅਚਨ-ਚੇਤ ਹੀ ਮੂੰਦ ਲਿਆ ਤੇ ਇਸ ਇਸ਼ਾਰੇ ਨੂੰ ਵੇਖ ਕੇ ਸਿੱਧ ਹੈਰਾਨ ਹੋਏ ਤੇ ਪੁਛਿਓ ਨੇ, ਜੁ ਇਸ ਦਾ ਭਾਵ ਕੀ ਹੈ––ਅੱਖ ਹੁੰਦਿਆਂ ਅੱਖ ਤੇ ਪੱਟੀ ਬੰਨ੍ਹਣ ਦਾ ਕਾਰਣ ਕੀ ? ਤਾਂ ਓਹ ਨਰ-ਨਾਰੀ-ਸਰੂਪਾ, ਤੈਂ ਆਖਿਆ : ਜੇ ਅੱਖ ਹੁੰਦਿਆਂ ਅੱਖ ਤੇ ਪੱਟੀ ਬੰਨ੍ਹਣੀ

Sri Satguru Jagjit Singh Ji eLibrary NamdhariElibrary@gmail.com

ਵਰਜਤ ਏ, ਤਾਂ ਫਿਰ 'ਨਰ' ਦੇ 'ਨਾਰੀ' ਹੁੰਦਿਆਂ 'ਨਾਰੀ' ਨੂੰ ਧਰਕਿਲਾ ਕੱਢਣਾ ਕੀ ਸੱਜੀ-ਅੱਖ ਨੂੰ ਫੋੜਨਾ ਨਹੀਂ? ਹਾਂ, ਇਹ ਨਾਰੀਆਂ ਸਾਡੀਆਂ ਸੱਜੀ-ਅੱਖਾਂ ਨੇ, ਸਾਡੇ ਸੱਜੇ ਬਾਜ਼ੂ, ਸਾਡਾ ਸੱਜਾ-ਹਰ ਇਕ ਅੰਗ। ਜੀਕਣ ਕੋਈ ਗੱਡੀ ਦੋ ਪਹੀਆਂ ਬਿਨਾ ਨਹੀਂ ਚਲ ਸਕਦੀ, ਤੇ ਅਸੀਂ ਦੋ ਟੰਗਾਂ ਬਿਨਾ ਨਹੀਂ ਤੁਰ ਸਕਦੇ; ਠੀਕ ਇਸੇ ਤਰ੍ਹਾਂ ਹੀ ਸੰਸਾਰ-ਯਾਤਰਾ ਇਸ ਅਰਧੰਗੀ ਬਿਨਾ ਅਧੂਰੀ ਹੈ। ਕੋਈ ਯੱਗ, ਕੋਈ ਪਾਠ, ਕੋਈ ਧਰਮ-ਸੇਵਾ, ਇਸ ਨਾਰੀ ਦੇ ਅਰਪੇ-ਮਿੱਠੇ ਪਤਾਸਿਆਂ ਬਿਨਾ ਕੌੜਾ ਤੇ ਫਿੱਕਾ ਏ! ਜੇ ਇਹ ਮਾਈਆਂ ਰੱਬ-ਰਜਾਈਆਂ ਨਾ ਹੋਂਦੀਆਂ ਤਾਂ ਮੈਂ ਤੂੰ ਤੇ ਹੱਭ ਕੋਈ ਕੀਕਣ ਹੁੰਦੇ? ਵੇਖੋ ਪਸ਼ੂ ਵੀ ਜੋੜਾ ਏ, ਤੇ ਔਹ ਅਕਾਲ-ਪੁਰਖ ਵੀ ਪ੍ਰਕਿਰਤੀ ਬਿਨਾ ਅਧੂਰਾ ਏ! ਇਹ ਸਾਡੀਆਂ ਅੰਮਾਂ, ਭੈਣਾਂ ਤੇ ਇਸਤਰੀਆਂ ਨੇ, ਇਹ ਸਾਡੀ ਜਿੰਦ-ਜਾਨ ਤੇ ਈਮਾਨ ਨੇ--ਵਾਸਤਵ ਵਿਚ ਸਾਡੀ ਸੱਭਿਅਤਾ ਦਾ ਰਾਖਾ ਵੀ ਇਹ ਨੇ, ਕਿਉਂਕਿ ਜੋ ਕੁਝ ਗੱਲ, ਤਰੱਕੀ ਯਾ ਧਨ-ਮਾਲ ਯਾ ਚੇਤਨਤਾ-ਪ੍ਰਗਾਸ ਅੱਸੀਂ ਖੱਟ ਲਿਆਂਵਦੇ ਹਾਂ, ਉਸ ਤੇ ਤਾਲਾ ਇਹਨਾਂ ਦਾ ਲਗਦਾ ਵੇ! ਜਿਸ ਮੁਲਕ ਵਿਚ ਇਨ੍ਹਾਂ ਇਸਤਰੀਆਂ ਦੀ ਇੱਜ਼ਤ ਤੇ ਆਦਰ ਨਹੀਂ, ਓਹ ਹੀ ਅਸੱਭਜ ਦੇਸ਼ ਨੇ--ਸੀਤਾ ਵਾਂਗ ਸਤਵੰਤੀਆਂ ਇਹ, ਸਕੁੰਤਲਾ ਇਹ, ਦਮਜੰਤੀ ਇਹ। ਸਵਿਤਰੀ ਇਹ ਗਾਇਤ੍ਰੀ ਇਹ......ਵਾਹ ਵ੍ਹਾਹ ਬਾਬਾ ਹੁਣ ਇਹ ਸਿੱਧ ਅਧਰੰਗੇ ਨਹੀਂ, ਅਰਧੰਗੇ ਪਾਲਣ ਵਾਲੇ ਹੋ ਗਏ!!

Sri Satguru Jagjit Singh Ji eLibrary NamdhariElibrary@gmail.com

# ਉੱਤਰ-ਫੇਰੀ

## ਸਿਧਿ ਗੋਸ਼ਟ ਤੇ ਸੁਮੇਰ ਪ੍ਰਬਤ

## ਪ੍ਰਾਣਾਯਾਮ ਕਿ ਨਾਮ ?

## (੮)

ਤਾਂ ਦੱਤਾ-ਤ੍ਰੇਵ ਤੇ ਹੋਰ ਸਿਧਾਂ ਨੇ ਆਖਿਆ : ਓ ਮੱਸ-ਫੁੱਟੇ ਗੱਭਰੂ, ਤੈਨੂੰ ਕੀ ਪਤਾ ਇਸ ਯੋਗ ਦੇ ਰੱਸ ਤੇ ਰਹੱਸ ਦਾ, ਅਸੀਂ ਪ੍ਰਾਣਾਂ ਨੂੰ ਨੇੜ੍ਹਾ ਪਾ ਕੇ ਬੰਨ੍ਹਦੇ ਹਾਂ, ਮਾਲਾ ਵਾਂਙ ਫੇਰਦੇ ਹਾਂ, ਇਹਨਾਂ ਵਿਚ ਗੇੜੂ-ਖੂਹ ਵਰਗੀ ਖਿੱਚ ਰਚ ਕੇ ਮਨ ਦੀਆਂ ਟਿੰਡਾਂ ਭਰਦੇ ਹਾਂ, ਪਰ ਤੈਨੂੰ ਕੀ ਪਤਾ ਜੋ ਪ੍ਰਾਣ ਕੀ ਨੇ ਤੇ ਪ੍ਰਾਣਾਂ ਦਾ ਸੰਬੰਧ ਸਾਡੀ ਅੰਦਰਲੀ-ਮਸ਼ੀਨ-ਅੰਤਾਕਰਨ ਨਾਲ ਕੀ ਏ, ਤੇ ਇਹਨਾਂ ਪ੍ਰਾਣਾਂ ਵਿਚ ਛਿਪੀ-ਲੁੱਕੀ ਹੋਰ ਕੁੰਜੀ ਕੇਹੜੀ ਏ; ਜੁ ਸਾਨੂੰ ਦਸਮ-ਦਵਾਰ ਦਾ ਅੰਮ੍ਰਿਤ ਜਾ ਲਭਾਂਦੀ ਏ। ਇਸ ਉਪਰ-ਭਰੇ ਠੂਠੇ, ਇਸ ਬੰਦ ਖਜ਼ਾਨੇ ਨੂੰ ਖੋਲ੍ਹਣ ਵਾਲੀ ਕੁੰਜੀ ਬੱਸ ਇਹੋ ਹੀ ਏ। ਏਹ ਪ੍ਰਾਣ-ਕੁੰਜੀ ਜਿਸ ਨੂੰ ਅਸੀਂ ਪ੍ਰਾਣਾਯਾਮ ਦਵਾਰਾ ਵੱਸ ਤੇ ਸਿੱਧ ਕਰਦੇ ਹਾਂ, ਤੂੰ ਵੀ ਆ ਸਾਡੇ ਨਾਲ ਰਲ ਮਿਲ ਤੇ ਬਹੁ ਤੇ ਇਸ ਗੁਝੜੇ ਭੇਦ ਨੂੰ ਸਮਝ ਲੌ ! ਤਾਂ, ਓ ਸ਼ਬਦ-ਅਹਾਰੀ-ਬਾਬਾ, ਤੈਂ ਪਤਾ ਨਹੀਂ ਕੇਹੜਾ ਸੁਦਰਸ਼ਨ ਚੱਕਰ ਫੇਰਿਆ, ਵੇਖਦਿਆਂ ਵੇਖਦਿਆਂ ਇਕ

Sri Satguru Jagjit Singh Ji eLibrary NamdhariElibrary@gmail.com

ਨਿੱਕੀ ਜਿਹੀ ਰੌ ਰੁਮਕੀ, ਫਿਰ ਵਾਯੂ ਟੁਰੀ ਫਿਰ ਪਵਣ ਪਰ ਲਾ ਕੇ ਉਡੀ, ਫਿਰ ਵਾ ਵਿਰੋਲਾ ਜਿਹਾ ਆਇਆ, ਫਿਰ ਸ਼ਬਦ ਦੀ ਝੁਨਕਾਰ ਹੋਈ, ਫਿਰ ਰਾਗ ਰਤਨ ਪ੍ਰਵਾਰ ਪਰੀਆਂ ਅਰਸ਼ ਛੱਡ ਕੇ ਫਰਸ਼ ਤੇ ਆਈਆਂ, ਤੇ ਸੁਮੇਰ ਪ੍ਰਬਤ ਸੱਚ ਮੁੱਚ 'ਸੱਚਖੰਡ' ਬਣ ਗਿਆ ! ੳ ਦੇਵਤਿਓ, ਤੁਸੀਂ ਵੀ ਅਰਸ਼ ਛੱਡ ਕੇ ਫਰਸ਼ ਤੇ ਟੁਰ ਆਏ । ਹਾਂ ਅੱਜ ਕੋਈ ਨਿਰਾਲੀ ਧੁਨਕਾਰ ਏ। ਨਿਰਾਲੀ ਰੁਣ ਝੁਣ ਏ, ਨਿਰਾਲੀ ਲੈ ਏ, ਜੁ ਵਣ ਤ੍ਰਿਣ ਤ੍ਰਿਭਵਣ ਸਭ ਨੂੰ ਮੋਹ ਕੇ ਉਹਨਾਂ ਵਿਚ ਜਾਦੂ ਦਾ ਰਸ ਭਰ ਰਹੀ ਏ ! ਵਾਹ ਵਾਹ ਖੰਡਮੰਡਲ ਬ੍ਰਹਮੰਡ ਝੂਮਦੇ ! ਵਾਹ ਵਾਹ ਅਣੂ-ਪ੍ਰਮਾਣੂ ਤੇ ਲੋਕ ਪ੍ਰਲੋਕ ਪਰਫੁਲਦੇ ! ਵਾਹ ਵਾਹ ਚੱਕਰਾਂ ਵਿਚ ਚੱਕਰ ਤੇ ਲਿਵ ਵਿਚ ਲੀਵ-ਲੀਨਤਾ ! ੳ ਸਿੱਧੋ, ਅੱਜ ਪੈਹਲੀ ਵਾਰ ਤੁਹਾਡੀ ਸੇਵਾ ਵਿਚ ਕੋਈ ਅਣੋਖਾ-ਮੇਵਾ ਡਿੱਗਾ ਜਾਪਦਾ ਏ ! ੳ ਰਸ-ਭਰੀ, ਰਹੱਸਜ ਭਰੀ, ਜੀਵਨ-ਜੁਗਤੀ ਤੈਂਡਾਂ ਨਾਂ 'ਨਾਮ' ਏ ! ਇਸ ਜਾਦੂ, ਇਸ ਜੋਸ਼, ਇਸ ਸਰੂਰ ਨੂੰ ਅਨਭਵ ਕਰ ਕੇ ਸਾਰੇ ਸਿੱਧ ਮਗਨ ਹੋ ਗਏ, ਲੋਟ ਪੋਟ ਹੋ ਗਏ, ਬਾਵਰੇ ਬਣ ਕੇ ਨੱਚ ਉੱਠੇ, ਆਸਣ ਦੂਰ ਹੋ ਗਏ, ਪ੍ਰਾਣਾਯਾਮਾਂ ਦੀਆਂ ਗੁੰਝਲਾਂ ਟੁੱਟ ਫੁੱਟ ਕੇ ਚੂਰ ਹੋ ਗਈਆਂ ! ੳ ਜਾਣੀ ਜਾਣ ਬਾਬਾ, ੳ ਸਰਬੱਗ ਬਾਬਾ, ੳ ਕੁਫਰ ਤੋੜ ਬਾਬਾ, ਤੂੰ ਧੰਨ ਧੰਨ ਤੇ ਧੰਨ ਧੰਨ ਤੇਰਾ ਨਾਮ ਚੱਕਰ !!

# ਉੱਤਰ-ਫੇਰੀ

## ਸਿਧਿ ਗੋਸ਼ਟ ਤੇ ਸੁਮੇਰ ਪ੍ਰਬਤ

## ਨਿਰੰਕਾਰ !

## (੯)

ਜਦ ਸ੍ਰੀ ਬਾਬੇ ਜੀ ਦਾ ਨਾਮ ਚੱਕਰ ਚਲਿਆ, ਤਦ ਸੁਮੇਰ ਪ੍ਰਬਤ ਵਿਚ ਅਣੋਖੀ ਜਿੰਦ ਜਾਨ ਤੇ ਸ਼ਾਨ ਜਿਹੀ ਆਈ, ਜੀਕਣ ਮਾਖਿਓਂ ਦੀਆਂ ਮੱਖੀਆਂ ਸ਼ੈਹਦ ਦੀ ਸੁਗੰਧ ਨੂੰ ਸੁੰਘ ਕੇ ਆਪਣੇ ਆਪ ਇਕੱਠੀਆਂ ਹੋ ਜਾਂਦੀਆਂ ਹਨ, ਤੀਕਣ ਹੀ ਸ਼ਬਦ-ਝੁਨਕਾਰ ਸੁਣ ਕੇ ਸੁਮੇਰ ਪ੍ਰਬਤ ਨਿਵਾਸੀ ਸਾਰੇ ਬਾਬਾ ਜੀ ਦੇ ਪਾਸ ਭੱਜੇ ਭੱਜੇ ਆਏ। ਸਪਤ-ਸ੍ਰਿੰਗੀ ਰਿਸ਼ੀ, ਧਰੂ ਜੀ, ਬ੍ਰਹਮਾ ਜੀ ਇਤਿਆਦਿ ਆਏ ਤੇ ਬਾਬੇ ਨੂੰ ਝੁਕ ਝੁਕ ਕੇ ਪ੍ਰਣਾਮਾਂ ਕੀਤਿਓਂ ਨੇ। ਸਪਤ-ਰਿਸ਼ੀਆਂ ਨੇ ਆਖਿਆ, ਅਸੀਂ ਧਰੂ ਜੀ ਦੀ ਪ੍ਰਕਰਮਾ ਕਰਦੇ ਹਾਂ, ਪਰ ਅੱਜ ਇਉਂ ਭਾਸਦਾ ਹੈ, ਜੀਕਣ ਕੀੜਿਆਂ ਦੇ ਘਰ ਨਰਾਇਣ ਆਇਆ ਹੈ, ਤੇ ਪ੍ਰਕਰਮਾ ਨਾਰਾਇਣ ਦੀ ਕਰਨ ਤੇ ਜੀਓ ਤਾਂਘਦਾ ਏ ! ਤਾਂ ਧਰੂ ਜੀ ਨੇ ਆਖਿਆ: ਸੱਤ ਹੈ, ਤੁਸੀਂ ਮੇਰੀ ਪ੍ਰਕਰਮਾ ਕਰਦੇ ਹੋ, ਪਰ ਮੈਂ ਇਸ ਸ਼ਬਦ ਦੀ ਝੁਨਤਕਾਰ ਦੀ ਪ੍ਰਕ-ਰਮਾ ਆਪ ਕਰਦਾ ਹਾਂ। ਤਦ ਫਿਰ ਬ੍ਰਹਮਾ ਜੀ ਨੇ ਵੀ

Sri Satguru Jagjit Singh Ji eLibrary NamdhariElibrary@gmail.com

ਝੁੱਕ ਕੇ ਪ੍ਰਣਾਮ ਕੀਤੀ ਤੇ ਆਖਿਆ: ਮੈਂ ਜਗਤ ਕਰਤਾ ਹਾਂ, ਪਰ ਮੇਰਾ ਕਰਤਾ-ਧਰਤਾ ਵੀ ਹੈ ਇਹ; ਇਹ ਸਬਦ-ਬੇਢੀ, ਇਹ ਸੰਸਾਰ ਬੜ੍ਹੀ ! ਤਾਂ ਵਿਸ਼ਨੂ ਜੀ ਨੇ ਵੀ ਡੰਡੌਤ ਕੀਤੀ ਤੇ ਆਖਿਆ: ਸੰਸਾਰ ਦਾ ਪ੍ਰਿਤਪਾਲਕ ਮੈਂ ਹਾਂ, ਪਰ ਮੈਨੂੰ ਪਾਲਣ ਪੋਸਣ ਵਾਲੀ ਅੰਮ੍ਰਿਤ ਗੁੜ੍ਹਤੀ ਇਹ ਹੈ। ਤਾਂ ਸ਼ਿਵਜੀ ਆਖਿਆ: ਸਾਰੇ ਰਿਸ਼ੀ ਮੁਨੀ ਮੈਨੂੰ ਧਿਆਂਵਦੇ ਨੇ, ਪਰ ਮੇਰੀ ਇਸ਼ਟ ਦੇਵ ਇਹ 'ਸ਼ਬਦ-ਜੋਤ' ਏ ! ਸਾਰਿਆਂ ਪਾਸਿਆਂ ਤੋਂ ਧੰਨ ਧੰਨ ਧੰਨ ਦੀ ਧੁਨੀ ਉਠੀ। ਸੁਮੇਰ ਪ੍ਰਬਤ ਇਕ ਵੱਡੀ ਸਤ ਸੰਗਤ ਮੰਡਲੀ ਹੋ ਜਾਪੀ। ਸਿੱਧਾਂ, ਨਾਥਾਂ ਤੇ ਅਚਾਰੀਆਂ ਵਿਚ ਇਕ ਨਵਾਂ ਜੀਵਨ ਆਇਆ, ਇਉਂ ਜਾਪਿਆ ਜੀਕਣ ਕੋਈ ਵੈਰਾਨ ਬਾਗ ਫਿਰ ਹਰਾ ਭਰਾ ਤੇ ਸਦ-ਬਸੰਤੀ ਫੁੱਲਾਂ ਨਾਲ ਲੱਦਿਆ ਜਾਂਵਦਾ ਹੈ। ਗੈਹਮਾ ਗੈਹਮ ਦੇ ਪਿਛੋਂ ਮੰਡਲੀ ਵਿਚ ਪ੍ਰਸ਼ਨੋਤਰੀ ਦੀ ਮਿੱਠੀ ਝੜੀ ਝੁਰੀ, ਤੇ ਧਰੂ ਜੀ ਨੇ ਪੁੱਛਿਆ: "ਜਦ ਇਹ ਆਕਾਰ ਨਹੀਂ ਹੋਂਦਾ, ਜਦ ਇਹ ਨਾਭ ਕੰਵਲ ਅਸਥੰਭ ਨਹੀਂ ਹੋਂਵਦੇ, ਤਦ ਇਹ ਸ਼ਬਦ ਕਿਥੇ ਸੀ..... ਹਾਂ ਜਦ ਇਹ ਸੰਸਾਰ ਸਾਰਾ ਅੱਖੀਓਂ ਓਹਲੇ ਸੀ ?" ਤਾਂ ਓ ਬਾਬਾ, 'ਨਾਮ' ਦੀ ਰੁਣ ਝੁਣ ਵਧੇਰੇ ਜ਼ੋਰਾਂ ਨਾਲ ਵੱਜੀ, ਤਾਂ ਪ੍ਰਿਥਵੀ ਤੱਤ ਜਲ ਤੱਤ ਵਿਚ ਲੀਨ ਹੋ ਗਿਆ, ਜਲ ਅਗਨੀ ਤੱਤ ਵਿਚ,ਅਗਨੀ ਪਵਨ ਤੱਤ ਵਿਚ, ਲੀਨ ਪਵਨ ਸ਼ਬਦ ਤੱਤ ਵਿਚ ਤੇ ਸ਼ਬਦ ਆਪ ਵੀ ਸੁਨ-ਮਸੁੰਨ ਨਿਰੰਕਾਰ ਵਿਚਲੀਨ ਹੋ ਗਿਆ...ਕੇਤੜੇ ਅਸੰਖਾਂ ਜੁਗ ਇਸ ਧੁੰਧੂਕਾਰ ਵਿਚ ਬੀਤ ਗਏ, ਇਸ ਦਾ ਵਰਨਣ ਕੌਣ ਕਰੇ, ਓ ਬਾਬਾ, ਕਰੇ ਕੋਈ ਤਾਂ ਜੇ ਕੋਈ ਓਥੇ ਹੋਵੇ ! ਓ ਨਿਰੰਕਾਰੀ

ਜੋਤ, ਓ ਰੱਬੀ ਜੋਤ, ਓ ਏਕੰਕਾਰੀ-ਜੋਤ ਧੰਨ, ਧੰਨ ਧੰਨ ਵਾਹ ਵਾਹ ਸੁਮੇਰ ਪ੍ਰਬਤ ਯਾਤਰਾ ਸਮਾਪਤੰ !!

# ਮਾਪੇ ਤੇ ਭੈਣ ਦਾ ਨਿਸਤਾਰਾ

ਤਾਂ ਬਾਬਾ ਜੀ ਸ੍ਰੀ ਸੁਮੇਰ ਪ੍ਰਬਤ ਦੀ ਯਾਤਰਾ ਕਰ ਕੇ ਵਾਪਸ ਮਾਤ ਲੋਗ ਵਿਚ ਆਏ। ਕਈ ਸਿੱਧ ਵੀ ਨਾਲ ਆਏ, ਕਈਆਂ ਨੇ ਭਸਮਾ ਛੱਡ ਬਸਤਰ ਪੈਹਨੇ, ਕਈ ਆਪੋ ਆਪਣੇ ਘਰਾਂ ਨੂੰ ਬਾਰਾਂ ਸਾਲਾਂ ਤੋਂ ਪਹਿਲੇ ਹੀ ਮੁੜੇ, ਮਾਤ ਲੋਕ ਫਿਰ ਵੱਸ ਪਇਆ, ਘਰ ਘਰ ਵਿਚ ਧਰਮਸਾਲ ਦਾ ਉਪਦੇਸ਼ ਹੋਇਆ, ਮਾਤ ਲੋਕ ਵਿਚ ਸੁਮੇਰ-ਪ੍ਰਬਤ ਵਾਲੀ ਸੀਤਲਤਾ ਆਈ।

ਓ ਪੂਰਬੋ-ਪੱਛਮੋ, ਓ ਉੱਤਰੋ, ਦੱਖਣੋ, ਤੁਸਾਂ ਸਾਰਿਆਂ ਮੇਰੇ ਬਾਬੇ ਦੇ ਚਰਨ ਪਰਸੇ ਤੇ ਪਰਸ ਕੇ ਨਿਹਾਲ ਹੋਏ...... ਅੱਜ ਮੇਰਾ ਬਾਬਾ ਮੁੜ ਆਪਣੀ ਜਨਮ-ਭੂਮੀ ਨੂੰ ਭਾਗ ਲਾਣ ਲਈ ਵਾਪਸ ਆਇਆ ਹੈ ਤੇ ਬੇਬੇ-ਨਾਨਕੀ ਦੂਰੋਂ ਹੀ ਰਾਹ ਮੱਲ ਕੇ ਖੜੋਤੀ ਹੈ, ਤੇ ਮਾਪੇ ਵੀ ਅੱਡੀਆਂ ਚੁੱਕ ਚੁੱਕ ਕੇ ਰਾਹ ਵੇਖ ਦੇ ਹਨ। ਹਾਂ ਅੱਜ ਨਰ-ਨਾਰਾਇਣ ਨੇ ਮੁੜ ਆਪਣੇ ਮੰਡਲ ਵਿਚ ਫੇਰੀ ਪਾਵਣੀ ਏ ! ਆਖਰ-ਕਾਰ, ਓ ਸੋਹਣਾ ਚੌਦਵੀਂ ਦਾ ਚੰਨ ਹੱਸਦਾ ਹੱਸਦਾ ਘਰ ਆ ਵੜਿਆ। ਪਤਾ ਨਹੀਂ ਕਿਤਨੇ ਸਾਲ ਪੂਰਬ-ਫੇਰੀ ਵਲ

Sri Satguru Jagjit Singh Ji eLibrary NamdhariElibrary@gmail.com

ਲੱਗੇ, ਕਿਤਨੇ ਪੱਛਮ ਵਲ, ਕਿਤਨੇ ਉੱਤਰ ਵਲ, ਕਿਤਨੇ ਦੱਖਨ ਵਲ; ਪਰ ਅੱਜ ਸਭ ਨੂੰ ਇਉਂ ਜਾਪਿਆ ਜੀਕਣ ਸਾਲ ਨਹੀਂ ਐਡੇ ਯੁਗ ਲੰਘ ਗਏ ਨੇ--ਪਰ ਜਦ ਬਾਬਾ ਹੱਸਦਾ ਹੱਸਦਾ ਗਲ ਲੱਗਾ, ਤਾਂ ਪਤਾ ਨਹੀਂ ਕੀ ਜਾਦੂ ਫੇਰਿਓ ਸੂ, ਪਤਾ ਨਹੀਂ ਕੀ ਕਲਾ ਫੇਰੀਓ ਸੂ, ਇਉਂ ਜਾਪਿਆ ਜੀਕਣ ਅਨੰਦ ਦੀਆਂ ਰੰਗਾਂ ਮਾਪਿਆਂ ਦੇ ਲੂੰ ਲੂੰ ਵਿਚੋਂ ਵੱਗ ਟੁਰੀਆਂ ਨੇ, ਤੇ ਇਹ ਰੰਗਾ ਉਹਨਾਂ ਦੇ ਅੰਦਰ ਨਿਠ ਕੇ ਬੈਠ ਗਈਆਂ ਨੇ ! ਓ ਬਾਬਾ, ਤੇਰੇ ਮਾਪੇ ਹੁਣ ਤੇਰੇ ਚਰਨ ਪਰਸਦੇ ਨੇ, ਤੇ ਤੈਂ ਕੋਲੋਂ ਖਰਾ-ਸੌਦਾ ਕਰਨ ਵਾਲੀਆਂ ਚਪੇੜਾਂ ਬਖਸ਼ਾਂਵਦੇ ਨੇ--ਪਰ ਓ ਬਾਬਾ, ਤੂੰ ਫਿਰ ਇਕ ਖਿਣ ਲਈ ਬਾਲਕ ਬਣ ਜਾਵਨਾ ਏਂ, ਤੇ ਮਾਪੇ ਤੈਨੂੰ ਘੁਟ ਕੇ ਗਲ ਨਾਲ ਚਾ ਲਾਂਵਦੇ ਨੇ, ਤੇ ਤੇਰੀ ਅੰਮੜੀ ਦੀਆਂ ਥ੍ਹੱਤੀ-ਧਾਰਾਂ ਫਿਰ ਫੁੱਟ ਪੈਂਦੀਆਂ ਨੇ, ਤੇ ਪਿਤਾ ਜੀ ਫਿਰ ਤੈਨੂੰ ਆਪਣੇ ਗਚ ਵਿਚ ਆ ਕੇ ਚੁੱਕਦੇ ਤੇ ਲਾਡ-ਲਡਾਂਵਦੇ ਨੇ......ਤੇ ਬੇਬੇ-ਨਾਨਕੀ ਤਾਂ ਚੱਕਰ-ਲਾਂਵਦੀ ਲਾਂਵਦੀ ਥੱਕਦੀ ਹੀ ਨਹੀਂ, ਓਹ ਅੱਜ ਭੌਰਿਆਂ ਦੀ ਵਡ-ਰਾਣੀ ਬਣ ਕੇ ਤੇਰੇ ਨਾਲ ਸੀਤੀ ਪ੍ਰੋਤੀ ਹੋਈ ਏ.....ਓ ਬਾਬਾ, ਤੇਰੇ ਇਸ ਦਿੱਬ-ਦਰਸ਼ਨਾਂ ਨਾਲ ਬਿਰਹੋਂ-ਪੀੜਾਂ ਤੇ ਉਦਰੇਵੇਂ ਦੂਰ ਤੇ ਕਾਫ਼ੂਰ ਹੋ ਗਏ। ਤੂੰ ਮਾਪਿਆਂ ਵਿਚ ਤੇ ਮਾਪੇ ਤੈਂ ਵਿਚ, ਓਤ ਪੋਤ, ਦੋਵੇਂ ਇਕੋ ਇਕ ਏਕੰਕਾਰ! ਵਾਹ ਵਾਹ ਬਾਬੇ ਨੇ ਤਾਰੇ ਚਾਰ ਚੱਕ, ਪਰ ਅੱਜ ਦੀਵੇ ਹੇਠੋਂ ਵੀ ਹਨੇਰਾ ਉੱਡਿਆ!

# ਸ੍ਰੀ ਕਰਤਾਰ-ਪੁਰ ਵਸਾਵਣਾ !

ਜਦ ਸਾਰੀ ਤਲਵੰਡੀ ਤਰ ਗਈ, ਤਦ ਓ ਬਾਬਾ, ਤੈਂ ਆਪਣੀ ਕੇਸਰ-ਕਿਆਰੀ ਉਸ ਪਵਿਤ੍ਰ-ਧਰਤੀ ਤੇ ਆਣ ਖੇਲ੍ਹੀ, ਜਿਸ ਨੂੰ ਤੈਂ ਸ੍ਰੀ 'ਕਰਤਾਰ-ਪੁਰ' ਆਖਿਆ, ਤੇ ਇਸ ਨੱਗਰੀ ਵਿਚ 'ਨਾਮ' ਦਾ ਲੰਗਰ ਆਣ ਖੋਲ੍ਹਿਆ ! ਓ ਬਾਬਾ, ਸਵੇਰੇ ਕੀਰਤਨ ਤੇ ਜਪੁ-ਸਾਹਿਬ, ਸ਼ਾਮੀਂ ਕੀਰਤਨ ਤੇ ਰਹਿਰਾਸ, ਰਾਤੀਂ ਕੀਰਤਨ ਤੇ ਕੀਰਤਨ-ਸੋਹਿਲਾ--ਕੋਈ ਸਮਾਂ ਨਹੀਂ ਜਦ ਇਸ ਨੱਗਰੀ ਵਿਚੋਂ 'ਨਾਮ' ਦੀ ਧੁਨੀ ਨਹੀਂ ਉਠਦੀ, ਫਿਰ ਜੇ ਇਹ ਕਰਤਾਰ-ਪੁਰ ਨਹੀਂ ਤਾਂ ਹੋਰ ਕੇਹੜਾ ਪਿੰਡ ਇਸ ਪਵਿਤ੍ਰ ਨਾਮ ਦਾ ਅਧਿਕਾਰੀ ਏ ! ਓ ਬਾਬਾ, ਤੇਰਾ ਕਰਤਾਰ-ਪੁਰ ਖੰਡ ਮੰਡਲ ਬ੍ਰਹਮੰਡ ਵਿਚ, ਚੱਪੇ ਚੱਪੇ ਨੁੱਕਰ ਨੁੱਕਰ, ਅਣੂ ਪ੍ਰਮਾਣੂ ਵਿਚ--ਹਾਂ ਤੇਰੇ ਨਾਮ ਦਾ ਚੱਕਰ ਅੱਜ ਤਕ ਗੂੰਜਦਾ, ਅਰਸ਼ ਕੁਰਸ਼ ਵਿਚ ਦਮਕਦਾ, ਘਟ ਘਟਾਂ ਵਿਚ ਸਮਾਇਆ--ਅਜ ਇਸ ਸੁਹਾਵਣੀ-ਧਰਤੀ ਤੇ ਵੀ ਆ ਸਮਾਇਆ ਵੇ ! ਓ ਬਾਬਾ, ਇਥੇ ਤੈਂ ਆਪਣੇ ਪਵਿਤ੍ਰ-ਕਰਾਂ ਨਾਲ ਕੇਸਰ-ਕਿਆਰੀਆਂ ਆਪ ਬੀਜੀਆਂ, ਆਪ ਗਾਹੀਆਂ, ਆਪ ਭਰੀਆਂ ਬਣਾਈਆਂ ਤੇ ਆਪ ਢੇਰੀਆਂ ਲਾਈਆਂ-- ਪਰ ਹੁਣ ਇੱਥੇ ਆ ਪੁੱਜਾ ਓਹ ਜਿਸ ਨੇ ਤੇਰੇ ਕੋਲੋਂ ਕੁਝ ਲੈਣਾ ਹੈ। ਕੀ ਤਾਂ ਹੀ ਉਸ ਨੂੰ 'ਲੈਹਣਾ' (ਸ੍ਰੀ ਲੈਹਣਾ ਜੀਓ) ਆਂਹਦੇ ਨੇ—ਵੇਖੋ ਨਾ ਓਹ

Sri Satguru Jagjit Singh Ji eLibrary NamdhariElibrary@gmail.com

ਵੀ ਹੱਥ ਨਾਲ ਹੱਥ ਮਿਲਾਉਂਦਾ, ਚਿਕੜ ਵਿਚ ਲੱਤ ਪਿੱਤ, ਭਰੀਆਂ ਆਪਣੇ ਪੱਟ-ਦੇ-ਪੱਟਕੇ ਤੇ ਚੁਕੀਆਂ ਹੋਈਆਂ, ਪਸੀਨੇ ਦੀ ਥਾਂ ਆਪਣਾ ਲਹੂ ਕੇਰਦਾ, ਚੱਕੀ ਝੋਂਦਾ, ਦਾਣੇ ਪੀਂਹਦਾ, ਆਟਾ ਛਾਣਦਾ, ਲੰਗਰ ਚਲਾਂਵਦਾ––ਨਾਲੇ ਦੇਗ ਨਾਲੇ ਰਾਜ ਯੋਗ ਦਾ ਅਖੁੱਟ ਲੰਗਰ ! ਓ ਬਾਬਾ, ਧੰਨ ਓ ਤੇਰੀ ਨਗਰੀ, ਤੇਰੀ ਨਾਮ-ਨਗਰੀ, ਜਿੱਥੇ ਗਲੀ ਗਲੀ ਤੇ ਕੂਚੇ ਕੂਚੇ, ਘਰ ਘਰ ਵਿਚ ਧਰਮਸਾਲ ! ਓ ਬਾਬਾ, ਇਸ ਨਗਰੀ ਵਿਚ ਤੈਂ ਆਪਣੀ ਸੇਲੀ-ਟੋਪੀ ਲਾਹੀ, ਆਪਣੇਂ ਪੈਹਰਨ ਤੇ ਲੰਮੇ ਬਗਦਾਦੀ ਚੋਲੇ ਵੀ ਲਾਹੇ, ਤੈਂ ਆਪਣੀਆਂ ਖੜਾਵਾਂ ਤੇ ਤਣਾਵਾਂ ਵੀ ਖੋਲ੍ਹੀਆਂ ਤੇ ਆਪਣੇ ਸਾਥੀਆਂ ਨਾਲ ਰਲ ਮਿਲ ਕੇ ਸੰਘਟਤ-ਜੀਵਨ, ਭਾਈਚਾਰੇ ਵਾਲੇ ਜੀਵਨ ਦਾ ਅਮਲੀ-ਉਪਦੇਸ਼ ਕੀਤਾ ! ਤੈਂ ਨਾ ਮੰਗਿਆ ਨਾ ਮਧੂਕੜੀਆਂ ਭਾਲੀਆਂ, ਦੱਸਾਂ ਨਹੁੰਆਂ ਦੀ ਕਮਾਈ ਕਰ ਕੇ ਆਪਣੀ ਵਾੜੀ ਆਪ ਲਾਈ, ਆਪਣੀ ਕਿਰਤ ਕੀਤੀ––ਤੇ ਓ ਬਾਬਾ, ਤੇਰੀ ਕਿਰਤ-ਕਮਾਈ ਵਿਚ ਬਰਕਤ ਤੈਂ ਆਪ ਪਾਈ। ਵਾਹ ਵਾਹ ਬਾਬਾ ਅਜ ਆਪਣਾ ਗੇੜੂ ਖੂਹ ਆਪ ਚਲਾਂਵਦਾ ਤੇ ਨਾਮ ਦੇ ਹਰਟ ਨਾਲ ਸੇਵਾ ਦਾ ਹੱਟ ਵੀ ਟੋਰਦਾ !

Sri Satguru Jagjit Singh Ji eLibrary NamdhariElibrary@gmail.com

# ਲਹਿਣਾ ਜੀ ਤੇ ਸ੍ਰੀ ਅੰਗਦ !

ੳ ਗ੍ਰਿਹਸਤ ਵਿਚ ਨਿਰਬਾਨ-ਬਾਬਾ, ਤੂੰ ਫੇਰੀਆਂ ਪਾਈਆਂ, ਤੂੰ ਤਾਰੀਆਂ ਲਾਈਆਂ, ਤੂੰ ਪੰਛੀ ਬਣ ਕੇ ਉਡਾਰੀਆਂ ਲਾਈਆਂ, ਸੁਮੇਰ ਪ੍ਰਬਤ ਚੜ੍ਹ ਕੇ ਬ੍ਰਹਮਾ ਵਿਸ਼ਨ ਮਹੇਸ਼ ਨਾਲ ਗੋਸ਼ਟਾਂ ਤੈਂ ਆਪ ਕੀਤੀਆਂ, ਪਰ ਓਹਦੇ ਨਾਲ ਨਾਲ ਤੈਂ ਆਪਣੇ ਬਚੜੇ ਵੀ ਆਪ ਖਿਡਾਏ ਤੇ ਓਹਨਾਂ ਨੂੰ ਆਪ ਲਡਾਇਆ ਤੇ ਛਾਤੀ ਤੇ ਲੌਟਾਇਆ ! ੳ ਚੋਜੀ-ਬਾਬਾ, ਬੱਚਿਆਂ ਦੀਆਂ ਲਾਲਾਂ ਤੈਂ ਪੂੰਝੀਆਂ। ਓਹਨਾਂ ਨੂੰ ਰੇੜ੍ਹੇ ਤੇ ਰਿੜ੍ਹਨਾ ਤੈਂ ਸਿਖਾਇਆ। ਓਹਨਾਂ ਨੂੰ ਇੱਟੀ-ਡੰਡਾ ਖੇਡਣਾ ਤੈਂ ਖਿਡਾਇਆ। ਹੁਣ ਓਹ ਵੱਡੇ ਨੇ ਤੇ ਮਸਫੁੱਟੇ ਗੱਭਰੂ ਨੇ। ਤੇਰੇ ਕਰਤਾਰ-ਪੁਰ ਵਿਚ ਓਹ ਵੀ ਵੱਸਦੇ, ਤੇਰੇ ਲੰਗਰ ਵਿਚ ਓਹ ਵੀ ਹਿੱਸਾ ਲੈਂਦੇ ......ਪਰ ਓਹਨਾਂ ਦੇ ਨਾਲ ਨਾਲ ਤੈਂਡੇ ਇਕ ਨਹੀਂ ਅਨੇਕ 'ਸਿਖ' ਤੈਥੋਂ ਜੀਵਨ-ਸਿਖਿਆ ਲੈਂਦੇ ਤੇ ਫੁਲਦੇ ਫਲਦੇ ਤੇ ਵਸਦੇ ! ੳ ਬਾਬਾ, ਅੱਜ ਇਕ ਨਹੀਂ ਤਿੰਨ ਤੇਰੇ ਅਰਸ਼ੀ-ਤਖਤ ਦੇ ਹਿਸੇਦਾਰ ਨੇ, ਇਹ ਤੇਰੇ ਦੋ ਲਾਲ, ਲਖਤਿ-ਜਿਗਰ, ਅੱਖ ਦੇ ਤਾਰੇ। ਤੀਜਾ ਇਕ ਰੁਲ ਪਰੁਲਿਆ, ਮਿੱਟੀ ਵਿਚ ਲੇਟਦਾ ਤੇ ਚਿੱਕੜ ਵਿਚ ਖੇਡਦਾ, ਤੇਰੇ ਨਾਲ ਪਛਾਵੇਂ ਵਾਂਙ ਫਿਰਦਾ ! ੳ ਬਾਬਾ, ਇਹਨਾਂ ਵਿਚੋਂ ਸੱਚੀ-ਪਾਤਸ਼ਾਹੀ ਦਾ ਟਿੱਕਾ ਕਿਸ ਦੇ ਸਿਰ ਤੇ ਲੱਗਣਾ ਏ ? ਹਾਂ ਇਕ ਨਹੀਂ ਤਿੰਨ ਉਮੈਦਵਾਰ : ਇਕ ਸੰਸਾਰੀ-ਬਿਉਹਾਰੀ

ਦੂਜਾ ਭਿਖਾਰੀ ਤੇ ਤੀਜਾ ਗ੍ਰਿਹਸਤ-ਵਿਚ-ਸਤ ਸਬਿਤ! ਓ ਬਾਬਾ, ਤੈਂਡੇ ਅਨੂਪਮ ਕੌਤਕ ਨੇ, ਤੂੰ ਇਕ ਥੜ੍ਹੇ ਨੂੰ ਬਣਵਾਂਦਾ ਏਂ, ਫਿਰ ਢਾਉਂਦਾ ਏਂ, ਫਿਰ ਬਣਵਾਂਦਾ ਏਂ ਫਿਰ ਢਾਉਂਦਾ ਏਂ--ਤੇ ਦੋ ਲਾਲ ਇਸ ਚੋਜ ਨੂੰ ਨਹੀਂ ਜਾਣਦੇ ਤੇ ਤੇਰੇ ਫੁਰਮਾਨ ਨੂੰ ਨਹੀਂ ਪਾਲਦੇ। ਪਰ ਇਹ ਤੀਜਾ ਜੁ ਤੂੰ ਆਖੇਂ ਓਹੋ ਕਰਦਾ ਏ, ਢਾਂਦਾ ਏ ਤੇ ਉਸਾਰਦਾ ਏ, ਤੇ ਰਾਤ ਨੂੰ ਵੀ ਦਿਨ ਕਰ ਵਿਖਾਂਵਦਾ ਏ --ਨਾ ਇਹ ਥੱਕਦਾ ਏ, ਨਾ ਅੱਕਦਾ ਏ, ਸੌ ਵਾਰੀ ਵੀ ਜੇ ਆਖੇ ਤਾਂ ਉਸੇ ਉਸਾਰ ਨੂੰ ਉਸਾਰਦਾ ਤੇ ਢਾਂਵਦਾ ਏ--ਕਿਉਂ ਨਾ ਢਾਹੇ ਤੇ ਉਸਾਰੇ; ਇਸ ਨੇ ਇਹ ਥੜ੍ਹਾ ਹੀ ਨਹੀਂ, ਕੋਈ ਅਣੋਖਾ ਥੜ੍ਹਾ-ਸਾਹਿਬ ਉਸਾਰਨਾ ਏ, ਜਿਸ ਤੇ ਸਾਰੇ ਪੰਥ ਦੀ ਨੀਂਹ ਉਠਣੀ ਏ। ਤਾਂ ਤੇ ਤੇਰੀਆਂ ਅੱਖਾਂ ਕਾਲ ਤੇ ਨਹੀਂ 'ਅਕਾਲ' ਵਲ ਲੱਗੀਆਂ ਨੇ, ਫਿਰ ਕਿਉਂ ਨਾ ਤੂੰ ਮੁੜ ਮੁੜ ਪੀਹਵੇਂ ਤੇ ਸੀਵਣ ਸੀਵੇਂ, ਜਦ ਤਕ ਕਿ ਤੇਰਾ ਪੀਠਾ-ਪੱਕਿਆ, ਓ ਬਾਬਾ, ਤੇਰੀਆਂ ਅੱਖਾਂ ਦੇ ਮਨਜ਼ੂਰ ਨਾ ਹੋਵੇ! ਓ ਬਾਬਾ, ਫਿਰ ਅਜ ਤੇਰੀ ਅੜਾਉਣੀ ਇਕ ਹੋਰ ਏ : ਜਾਓ, ਤੇ ਓਸ ਸੁਤੀ ਹੋਈ ਲੋਥ, ਮੋਈ ਹੋਈ ਲਾਸ਼ ਨੂੰ ਖੋਲ੍ਹੋ: ਫਰੋਲੋ ਤੇ ਚੱਖੋ । ਹੋਰ ਕੋਈ ਨਹੀਂ ਜਾਂਵਦਾ, ਪਰ ਓਹ 'ਲੈਹਣਾ' ਤੂੰ ਤਿਆਰ ਏਂ, ਤੂੰ ਜਾਂਦਾਂ ਏਂ ਤੇ ਚਾਦਰ ਚੁੱਕ ਕੇ ਵੇਹਨਾ ਵੇ ਤੇ ਇਸ "ਕੜਾਹ-ਪ੍ਰਸ਼ਾਦ" ਨੂੰ ਚੱਖ ਕੇ ਸਦਾ ਲਈ ਨਿਹਾਲ ਹੋ ਜਾਵਣਾ ਏਂ-- ਓ ਮਾਇਆ ਦੀ ਮੁਰਦਾ-ਲੋਥ ਤੈਂ ਵਿਚ ਹੀ ਜੀਂਵਦਾ ਜਾਗਦਾ 'ਨਾਮ-- ਕੜਾਹ ਪ੍ਰਸ਼ਾਦ, ਮਹਾਂ-ਪ੍ਰਸ਼ਾਦ--ਇਹ ਤੈਂਡਾ ਹਿੱਸਾ! ਓ ਲੈਹਣਾ, ਤੂੰ ਲੈਣਾ; ਤੇ ਮੇਰੇ ਬਾਬੇ ਤੈਨੂੰ ਦੇਵਣਾ ਨਿਤ ਨਿਤ--

ਤੂੰ ਲੈਹਣਾ ਨਹੀਂ ਤੂੰ ਬਾਬੇ ਦਾ ਅੰਗਿ-ਖ਼ੁਦ; ਅੰਗਦ ! ਵਾਹ ਵਾਹ ਲੈਹਣਾ ਜੀ ਅੱਜ ਸ੍ਰੀ ਅੰਗਦ !

# ਨਿੱਤ ਨਵਾਂ-ਨਾਨਕ !

ਓ ਪ੍ਰਬੰਧੀ ਬਾਬਾ ਜੀਓ, ਇਸ ਸੱਚੀ-ਪਾਤਸ਼ਾਹੀ ਦੀ ਤਾਜ-ਪੋਸ਼ੀ ਆਪਣੇ ਪਵਿੱਤਰ ਹੱਥਾਂ ਨਾਲ ਆਪ ਕਰਕੇ, ਹੁਣ ਤੁਸੀਂ ਵੇਂਹਦੇ ਹੋ, ਜੁ ਇਹ ਕੰਮ ਅਗੋਂ ਤੋਂ ਸ੍ਰੀ ਅੰਗਦ ਜੀ ਕੀਕਣ ਚਲਾਂਵਦੇ ਨੇ ? ਤਾਂ ਸ੍ਰੀ ਅੰਗਦ ਜੀ ਨੇ ਹੱਥ ਬੰਨ੍ਹ ਕੇ ਆਖਿਆ : ਦਾਤਾਰ ਜੀਓ ਤੁਹਾਡੀ ਦਿਤ-ਦਾਤ ਅਪਰ ਅਪਾਰ ਏ, ਮੇਰੇ ਮੋਢੇ ਛੋਟੇ ਨੇ, ਮੇਰਾ ਤਾਣ ਲਘੂ ਤੇ ਮੇਰਾ ਮਾਣ ਮਿੱਟੀ ਨਾਲ ਮਿਲਿਆ ਹੋਇਆ ਵੇ। ਓ ਦਾਤਾ ਕੀੜੀ ਕੀਕਣ ਪ੍ਰਬਤਾਂ ਨੂੰ ਚੁਕੇ ? ਤਾਂ ਓ ਬਾਬਾ, ਤੁਸਾਂ ਢੱਠੇ ਹੋਏ ਸ੍ਰੀ ਲੈਹਣਾ ਜੀ ਨੂੰ ਚੁਕਿਆ ਤੇ ਚੁਮਿਆਂ ਤੇ ਆਖਿਆ: ਬੱਸ ਇਹ ਤੈਂਡੀ ਨਿਮ੍ਰਤਾ (ਗ਼੍ਰੀਬੀ) ਹੀ ਓਹ ਧਰਤੀ ਏ, ਜਿਸ ਵਿਚ ਮੇਰਾ 'ਨਾਮ' ਦਾ ਬੀਜ ਪਏਗਾ ਤੇ ਪੈ ਕੇ ਫਿਰ ਉਗਵੇਗਾ, ਜੰਮੇਂਗਾ, ਫੁੱਲੇਗਾ ਤੇ ਫਲੇਗਾ ! ਜੀਕਣ ਸੂਈ ਦੀ ਅੱਖ ਵਿਚੋਂ ਸੂਆ ਨਹੀਂ ਲੰਘ ਸਕਦਾ, ਤੀਕਣ ਹੀ ਮਾਣ ਦਾ-ਹਾਥੀ ਇਸ ਨਿਮ੍ਰਤਾ ਰੂਪੀ ਸੂਈ ਵਿਚੋਂ ਨਹੀਂ ਲੰਘ ਸਕਦਾ, ਪਰ ਜਦ 'ਨਾਮ' ਦੀ ਗੰਗਾ ਵਗੇ ਤਾਂ ਸੂਈ ਫੈਲ ਕੇ ਵਣ ਤ੍ਰਿਣ ਤ੍ਰਿਭਵਣ ਨੂੰ ਆਪਣੇ ਅੰਦਰ ਲੀਨ ਕਰ ਲੈਂਦੀ ਏ !

Sri Satguru Jagjit Singh Ji eLibrary NamdhariElibrary@gmail.com

ਓ ਮੇਰੇ ਅੰਗ-ਸੰਗੀਆ, ਓ ਮੇਰੇ ਅੰਗ ਦਿਆ ਟੋਟਿਆ, ਤੂੰ ਵੱਡਾ ਵੇਂ। ਕਿਉਂਕਿ ਤੂੰ ਛੋਟਾ ਵੇਂ। ਤੂੰ ਪ੍ਰਬਤਾਂ ਨੂੰ ਚੁਕੇਂਗਾ ਕਿਉਂਕਿ ਤੂੰ ਪਪੀਲਕ ਏਂ। ਨਾਮ-ਪਲੀ-ਪਪੀਲਕ; ਤੂੰ ਸਾਗਰਾਂ ਨੂੰ ਆਪਣੀ ਹਿਰਦੇ ਗਾਗਰ ਵਿਚ ਸਮਾਏਂਗਾ.........ਇਹ ਸ੍ਰਵਨ ਕਰ ਕੇ ਲਹਿਣਾ ਜੀਓ ਹੇਠ ਧਰਤੀ ਨਾਲ ਜਾ ਲੱਗੇ, ਆਪਣਾ ਵਿਸ਼ਾਲ ਬੋਝ ਅਨਭਵ ਕਰਕੇ, ਪਰ, ਮੈਂ ਵੇਖਿਆ, ਬਾਬੇ ਜੀ ਨੇ ਸ੍ਰੀ ਲਹਿਣਾ ਜੀ ਨੂੰ ਮੁੜ ਚੁੱਕ ਲਿਆ, ਅੰਗ ਨਾਲ ਅੰਗ ਲਾਇਆ, ਵਿਚੋਂ ਕੋਈ ਬਿਜਲੀ ਨਿਕਲੀ, ਧੂਏਂ ਵਾਂਙ ਉਠੀ ਫਿਰ ਧੂਆਂ ਚਿੱਟਾ ਦੁਧ ਹੋ ਗਿਆ, ਫਿਰ ਨੂਰ ਮਨੂਰ ਹੋ ਗਿਆ। ਫਿਰ ਓਹੋ ਜੋਤ ਓਤ ਪੋਤ ਫੈਲ ਗਈ, ਇਸ ਜੋਤ ਵਿਚ ਬਾਬਾ ਜੀ ਤੇ ਸ੍ਰੀ ਲਹਿਣਾ ਜੀ ਦੋਵੇਂ ਡੁੱਬ ਗਏ...........
ਏਕ ਜੋਤਿ ਦੋਇ ਮੂਰਤੀ.........ਪਰ ਹੁਣ ਦੋ ਕਿੱਥੇ ਸਨ। ਇਕ ਹੀ ਰੂਪ, ਇਕ ਹੀ ਰੇਖ, ਇਕ ਹੀ ਰੰਗ, ਜੋਤ ਰਲੀ ਸੰਗੀ-ਜੋਤਿ! ਹਾਂ, ਅਜ ਤੋਂ ਸ੍ਰੀ ਲਹਿਣਾ ਜੀ ਸ੍ਰੀ ਅੰਗਦ ਜੀਓ--ਦੂਜਾ ਨਾਨਕ, ਨਹੀਂ ਨਹੀਂ ਓਹੋ ਨਾਨਕ, ਓਨਾਂ ਵਿਚ ਨਾ ਅਨਿਕ, ਨਾ ਸਜਾਤੀ ਨਾ ਵਿਜਾਤੀ ਭੇਦ-- ਅਖੰਡ ਏਕਤਾ! ਓ ਬਾਬਾ ਤੂੰਹੇਂ ਲਹਿਣਾ, ਤੂੰਹੇਂ ਸ੍ਰੀ ਅੰਗਦ, ਤੂੰਹੇਂ ਇਹ ਓਹ ਤੇ ਸਭਿ ਕੋਇ। "ਜੋਤ ਵੀ ਓਹੀ, ਜੁਗਤ ਸਾਈ, ਸਿਰਫ ਕਾਂਇਆ ਪਲਟੀ--ਓਸ ਜੋਤ ਨੇ ਇਕ ਦੀ ਥਾਂ ਦੋ ਜੋਤਾਂ ਬਾਲੀਆਂ। ਦੋਵਾਂ ਨੇ ਕਈ ਹੋਰ, ਇਉਂ ਸਾਰਾ ਕਰਤਾਰ-ਪੁਰ ਅਨੰਦ-ਪੁਰ ਹੋ ਵਿਗਸਿਆ! ਵਾਹ ਵਾਹ ਬਾਬੇ ਨੇ ਆਪਣਾ ਆਪ ਹੋਰ ਰਚਿਆ, ਇਕ ਦੀ ਥਾਂ ਹੁਣ ਦੋ ਚੰਨ, ਦੋ ਸੂਰਜ, ਦੋ ਨੂਰ!

# 'ਬਾਣੀ ਦਾਨ' ਜਪੁਜੀ

## ਤੇ ਅਬਚਲੀ ਜੋਤ !

## ਸੁਣਿਐ, ਮੰਨਿਐ–ਕਿਸ ਨੂੰ ?

ਜਦ ਓ ਬਖ਼ਸ਼ਿੰਦ ਬਾਬਾ, ਤੈਂ 'ਨਾਮ ਦਾਨ' ਦੀ ਅਗੋਚਰ ਦਾਤ ਆਪਣੇ ਸਰੂਪ ਸ੍ਰੀ ਲੈਹਣਾ ਜੀ ਨੂੰ ਦਿੱਤੀ, ਤਾਂ ਇਸ 'ਫ਼ੁਲ' ਦੇ ਨਾਲ 'ਫਲ' ਦੀ ਵੀ ਅਗੰਮੀ ਦਾਤ ਦਿਤੀ : ਕੀ ਤੁਸਾਂ ਬਾਣੀ ਦਾ ਨੌਲੱਖਾ ਹਾਰ ਵੀ ਓਹਨਾਂ ਦੇ ਗਲ ਚਾ ਪਾਇਆ ? ਓ ਬਾਬਾ, ਜਦ ਤੇਰਾ ਅਗਮ-ਰੂਪ ਤਿਆਰ ਹੋ ਗਿਆ, ਤਦ ਮਹਾਂ ਦਾਨ 'ਜਪੁਜੀ' ਵੀ ਇਸ ਖੁਲ੍ਹੀ ਸਿੱਪੀ ਦੇ ਮੂੰਹ ਵਿਚ ਤੂੰ ਬਖਸ਼ਿਆ: ਦਾਨਾਂ ਸਿਰ ਦਾਨ ਇਹ ਗਿਆਨ !

ਮੇਰੇ ਪਿਆਰੇ ਬਾਬਾ, ਤੈਂਡਾ ਜਪੁਜੀ, ਜੁ ਤੈਂ ਸ੍ਰੀ ਕਰ-ਤਾਰ ਪੁਰ ਵਿਚ ਉਚਾਰਿਆ, ਇਤਰਾਂ ਦਾ ਇਤਰ, ਫ਼ਲੇਲਾਂ ਦਾ ਫ਼ਲੇਲ, ਪਰਮ-ਸੋਗਾਤ ਹੈ, ਜੁ ਸਾਡੇ ਵਿਰਸੇ ਵਿਚ ਆਈ ! ਓ ਸੋਹਣਿਆ, ਇਸ ਵਿਚ ਸੁੰਦਰਤਾ ਹੈ, ਸ੍ਵਛਤਾ ਹੈ, ਪ੍ਰਗਾਸ ਹੈ ਜੁ ਨਿਰਮਲ ਨੂਰ ਵਾਂਙ, ਸਾਡੇ ਅੰਦਰ ਜਾ ਕੇ ਨਿਜ ਚਾਨਣ ਕਰਦਾ ਹੈ । ਓ ਜਪੁਜੀ, ਤੇਰੀ ਪਵਿਤ੍ਰ-ਛੋਹ ਨੇ ਕਈਂ ਲੂਲ੍ਹੇ, ਲੰਗੜੇ ਤੇ ਅਧਰੰਗੇ ਸੁਰਜੀਤ ਕੀਤੇ ਤੇ ਓਹਨਾਂ ਵਿਚੋਂ ਇਕ ਲੂਲ੍ਹਾ ਪਿੰਗਲਾ ਪਰਬਤ ਪਾਰ ਟੱਪਦਾ, ਹੁਣ ਫਿਰ ਤੈਂ

ਕੋਲ ਮੁੜ ਕੇ ਆਇਆ ਹੈ ਤੇ 'ਸੋਦਰ' ਦੀ ਅਨੂਪਮ ਮੈਹਮਾ ਕੂਕ ਕੂਕ ਕੇ ਸੁਣਾਂਦਾ ਹੈ ! ਓ ਦਿਨਾ, ਕੀ ਤੈਂ ਨਹੀਂ ਸੁਣਿਆ ਮੈਰਾ ਸੁਨੇਹਾ ! ਦਿਨ ਵਿਚ ਇਕ ਹੋਰ 'ਦਿਨ' ਹੈ ! ਰਾਤਰੀ ਓ ਰਾਤੇ, ਕੀ ਤੈਂ ਨਹੀਂ ਸੁਣਿਆ, ਮੇਰਾ ਸੁਨੇਹਾ ਰਾਤ ਵਿਚ ਇਕ ਹੋਰ 'ਰਾਤਰੀ' ਏ ! ਓ ਸੰਧਿਆ ਤੇ ਓ ਪ੍ਰਭਾਤੇ, ਤੁਹਾਡੀ ਸ਼ੋਖੀ ਵਿਚ ਇਕ ਹੋਰ ਸੁਨੈਹਰੀ-ਜੀਵਣ ਏ ! ਹਾਂ ਇਸ ਸਾਰੀ ਓਪਤ-ਪਰਲੋ ਦੇ ਪਿਛੇ ਵੀ ਇਕ ਹੋਰ ਅਦ੍ਰਿਸ਼ਟ ਸੱਤਾ ਏ; ਜਿਸ ਵਿਚ ਨਾ ਦਿਨ ਤੇ ਨਾ ਰਾਤ, ਨਾ ਸੰਧਿਆ, ਨਾ ਪ੍ਰਭਾਤ, ਨਾ ਉਤਪਤ ਨਾ ਪਰਲੋ ਏ। ਇਹ ਸਦ-ਹੁਣ, ਸਦ-ਦਿਨ ਤੇ ਸਥਿਰ ਸੂਰਜ ਸਿਖਰ ਏ, ਇਸ ਨੂੰ 'ਅਬਚਲੀ ਜੋਤ' ਆਂਹਦੇ ਨੇ ! ਪਰ ਕੀ ਇਹ ਜੋਤ ਏ ? ਜੋਤ ਤਾਂ ਚਾਨਣ ਦਾ ਨਾਮ ਹੈ ਤੇ ਜਿਥੇ ਚਾਨਣ ਹੈ, ਓਥੇ ਨਾਲ ਨਾਲ ਅਚਾਨਣ ਵੀ ਹੈ, ਤੇ ਜੋਤ ਤਾਂ ਸਿਰਫ ਇਕ ਇੰਦਰੇ ਅੱਖਾਂ ਦਾ ਵਿਸ਼ਾ ਹੈ—ਪਰ ਇਹ ਪਰਮ-ਜੋਤ, ਇਹ ਦਿੱਬ-ਜੋਤ, ਇਹ ਮਹਾਂ ਜੋਤ, ਇਹ ਸੋਦਰੀ-ਜੋਤ ਸਾਡੇ ਅੰਦਰ ਆਂਵਦੀ ਹੈ ਤਾਂ ਸਾਰੇ ਇੰਦਰੇ ਮਸਤ-ਉਲ-ਮਸਤ, ਖੀਵੇ ਤੇ ਹਰੇ ਭਰੇ ਹੋ ਜਾਂਵਦੇ ਨੇ, ਕੰਨਾਂ ਵਿਚ ਕੋਈ ਰੁਣਝੁਣ ਅਜ਼ਲੀ, ਅਬਦੀ ਝੁਨਕਾਰ ਪ੍ਰਤੀਤ ਹੋਂਦੀ ਏ। ਲੂੰ ਲੂੰ ਪੁਲਕਾਵਤ ਹੋਂਦੇ ਨੇ, ਹੀਆ ਹੁਲਸਾਂਵਦਾ ਏ, ਚਿਤ ਚੋਰ ਅੱਜ ਹਰਿਆ ਜਾਂਵਦਾ ਹੈ, ਬੁਧੀ ਲੋਟ ਪੋਟ ਹੋ ਕੇ ਚਰਨ-ਸ਼ਰਨ ਫੜਦੀ ਹੈ, ਤੇ ਆਤਮਾ, ਗੁਪਤ-ਆਤਮਾ ਇਸ ਨੂੰ ਸੁਣ ਕੇ ਗੱਜ ਵੱਜ ਖਲੋਂਦਾ ਹੈ। ਪ੍ਰਗਟ, ਸਪਸ਼ਟ, ਘੋੜੇ ਚੜ੍ਹਿਆ ਨੂਰ ਇਹ—ਓਹ ਸਹੰਸਰ ਕੋਹਿਤੂਰਾਂ ਨੂੰ ਮਾਤ

Sri Satguru Jagjit Singh Ji eLibrary NamdhariElibrary@gmail.com

ਕਰਨ ਵਾਲੜਾ, ਠੰਡਾ ਫਿਰ ਵੀ ਨਿੱਘਾ, ਸੀਤਲ–ਤੇਜ, ਅੰਧੇਰ ਹੀਣ, ਬੀਨ–ਪ੍ਰਬੀਨ, ਸੋਲਾਂ ਕਲਾ ਸੰਪੂਰਨ, ਸਹੰਸਰ ਕਲਾ ਸੰਪੂਰਨ ਜੋਤ ਇਹ ! ਤਾਂ ਤੇ ਇਸ ਗੁਪਤ ਸੂਖਮ ਜੋਤ ਨੂੰ 'ਸੁਣਿਐ' ਤੇ ਫਿਰ 'ਮੰਨਿਐ' ਵਾਹ ਵਾਹ ਪਰਮ-ਜੋਤ, ਸ਼ਬਦ-ਜੋਤ ਦਰਸ਼ਨ !!

# ਸ੍ਰੀ ਜਪੁਜੀ !

## ਅਕਾਲ ਪੁਰਖ ਦਰਸ਼ਨੰ !

ਮੇਰੇ ਜੋਗੇਸ਼੍ਵਰ ਬਾਬਾ ਜੀਉ, ਤੁਸੀਂ ਜਪੁਜੀ ਦੀ ਗੰਗਾ ਵਹਾਈ ਜਾਂਦੇ ਹੋ ਤੇ ਸ੍ਰੀ ਅੰਗਦ ਜੀਉ ਲਿਖੀ ਜਾਂਦੇ ਨੇ, ਅੱਜ 'ਪੱਟੀ' ਲਿਖਣ ਵਾਲਾ ਵੀ ਤੂੰ, ਤੇ ਲਿਖਾਣ ਵਾਲਾ ਵੀ ਆਪ ਤੂੰ––ਤੇ ਪੜ੍ਹਨ ਵਾਲਾ ਵੀ ਤੂੰ ਆਪੇਂ ! ੳ ਬਾਬਾ, ਤੇਰਾ ਅਖੀਰਲਾ ਦਾਨ ਇਹ ਅਗੰਮਵੀਂ ਦਾਤ ਹੈ, ਜਿਸ ਵਿਚ ਜਿਤਨਾ ਵਧੇਰਾ ਮੈਂ ਚੁੱਭੀ ਮਾਰਨਾ ਹਾਂ, ਤਿਤਨਾ ਵਧੇਰਾ ਹੀ ਵਿਸ਼ਾਲਤਾ ਪਰਤੀਤ ਹੋਂਦੀ ਏ, ਪਰ ਤੇਰੀਆਂ ਹੱਦਾਂ ਕਿਥੇ ! ੳ ਲੰਮਅੜੇ, ਆਪਣੀਆਂ ਟੰਗਾਂ ਪਸਾਰ ਕੇ ਹੋਰ ਲੰਬੀ ਹੋ ਜਾ ! ੳ ਚੌੜਅਤੱਨੇ, ਚਹੁੰ ਕੂਟਾਂ ਨੂੰ ਚੀਰ ਕੇ ਅੱਗੇ ਲੰਘ ਜਾ ! ੳ ਵਿਸ਼ਾਲਤਾ, ਐਡੀ ਵੱਡੀ ਹੋ ਜਾ ਜੁ ਸਹੰਸਰ ਹੀ

Sri Satguru Jagjit Singh Ji eLibrary NamdhariElibrary@gmail.com

ਸਾਗਰ ਤੇਰੀ ਗਾਗਰ ਵਿਚ ਸਮਾ ਜਾਵਣ ! ਓ ਬ੍ਰਹਮੰਡੋ, ਐਡੇ ਬਿਖਰ ਜਾਓ ਜੀਕਣ ਓਸ ਅਕਾਸ਼-ਗੰਗਾ ਵਿਚ ਬੇਅੰਤ ਤਾਰੇ ! ਤਾਂ ਵੀ ਓ ਹੱਦੋ, ਤੁਸੀਂ ਮੇਰੇ 'ਅਕਾਲ-ਪੁਰਖ' ਨੂੰ ਨਹੀਂ ਸਮਾ ਸੱਕਦੀਆਂ ! ਓ ਬੇ-ਹਦੀ ਹੱਦ, ਓ ਕੜ-ਫਾਟੀ ਡੂੰਘ, ਓ ਅਣ-ਕੱਛੀ ਵਿਸ਼ਾਲਤਾ, ਤੂੰ ਵੀ ਨਹੀਂ ਜਾਣਦੀ ਅਨ-ਹੱਦੇ ਮਾਹੀ ਨੂੰ ! ਓ ਕਾਲ, ਤੇਰੀ ਆਦ ਦੇ ਕ੍ਰਿਧਰੇ ਪਿਛੇਰੇ, ਹਾਂ ਸਾਰਿਆਂ ਜੁਗਾਂ ਦੇ ਅਗੇਰੇ ਕੋਈ ਹੋਰ ਲਮ-ਲਝਿਛੀ, ਅਣਕੱਛੀ, ਅਣਮਿਣੀ, ਅਣਗਿਣੀ ਕਾਲ ਕਲਾ: ਕੀ ਇਸ ਨੂੰ 'ਜੁਗਾਦਿ' ਕੈਂਹਦੇ ਨੇ ? ਪਰ ਆਦ ਦੇ ਪਿਛੇ ਜੁਗ ਵੇ, ਤੁਹਾਡਾ ਵੀ ਕੋਈ ਮਹਾਂ-ਕਾਲ ਹੋਵੇਗਾ, ਕਿਉਂਕਿ ਜੀਕਣ ਦਿਨ ਦੇ ਪਿਛੇ ਰਾਤ ਹੈ, ਤੀਕਣ ਹੀ ਆਦ ਪਿਛੇ ਜੁਗਾਦ ਏ---ਪਰ ਓ ਕਾਲ-ਕਿਣਕਿਓ: ਓ ਆਦ, ਮਧ ਤੇ ਅੰਤੋ, ਤੇ ਆਦ ਪਿਛੋਕੜ ਜੁਗਾਦੋ, ਤੁਸੀਂ ਵੀ ਨਹੀਂ ਜਾਣਦੇ ਓ ਨਿਰੰਤਰ (Un cut-one) ਏਕਤਾ, ਜਿਸ ਨੂੰ ਅਕਾਲ ਪੁਰਖ ਆਂਹਦੇ ਨੇ ! ਇਸ ਵਿਚ ਇਕ ਖਿਣ ਤੇ ਚਹੁ ਜੁਗ ਇਕ, ਕਿਉਂਕਿ ਇਹ ਹੋਇਆ ਜੁ ਕਾਲ ਦੇ ਉਪਰਲਾ ਅਕਾਲ ! ਇਸ ਵਿਚ ਚੌਰਾਸੀ ਦੀ ਹੇਰਾ ਫੇਰੀ ਤੇ ਨਿਮਾਣੀ-ਨਿਮਖ ਇਕ। ਹੋਏ ਜੁ ਅਕਾਲ ਤੁੱਕੜੀ ਦੇ ਦੋ ਸਾਵੇਂ ਛਾਬੇ ! ਓ ਅਕਾਲ, ਸਰਬ-ਨਿਹਾਲ, ਤੈਨੂੰ ਵੇਖ ਕੇ ਮਨ ਠੰਡਾ ਥੀਂਵਦਾ ਏ, ਇਸ ਵਿਚ ਵਲਵਲਿਆਂ ਦੀਆਂ ਗੰਗਾਂ ਉਪਜਦੀਆਂ ਨੇਂ, ਇਸ ਵਿਚ ਅਨੰਦ ਦੇ ਜਵਾਰ ਭਾਟੇ ਉਪਜਦੇ ਨੇ। ਇਸ ਵਿਚ ਨਾਦ-ਵਿਨੋਦ ਦੇ ਦਿਲ-ਤਰੰਗ ਤਾਰੀਆਂ ਮਾਰਦੇ, ਉਪਜਦੇ ਤੇ ਵਿਗਸਦੇ ਨੇ ! ਓ ਅਕਾਲ, ਮੇਰੀਆਂ ਗਿਣਤੀਆਂ;

ਮੇਰੀਆਂ ਇਰਿਥ ਮੈਟਕਾਂ (Arithmetic) ਤੇ ਮੈਥੇਮੈਟਕਾਂ (Mathematic) ਤੋਂ ਤੂੰ ਓਥੇ, ਗਜ਼ਾਂ, ਮੀਲਾਂ, ਯੋਜਨਾ, ਯਗਾਂ, ਮਨਵੰਤਰਾਂ, ਮਹਾਂ ਕਾਲ੍ਹਾਂ--ਹੱਦਾਂ ਤੋਂ ਉਪਰ ...ਵਾਹ! ਵਾ! ਓ ਮੇਰੇ ਅਨੁਮਾਨਾਂ, ਖਿਆਲਾਂ, ਕਲਪਨਾਂ ਤੋਂ ਵੀ ਮਹਾਨ ਉਤੇ! ਹਾਂ ਅੱਜ ਤੂੰ ਆ ਵੜਿਆ ਇਸ ਤੀਲਿਆਂ ਵਾਲੀ ਕੁਲੀ, ਇਸ ਸੁੱਕੀ ਸਾਇੰਸ ਵਾਲੀ ਜੁੱਲੀ ਵਿਚ, ਇਸ ਹਿਰਦੇ ਦੀ ਗੁਲੀ ਖਾਣ ਲਈ! ਜੀ ਆਇਆਂ ਨੂੰ, ਵਾਹ ਵਾਹ ਆਦਿ, ਅਨੀਲ, ਅਨਾਦਿ ਅਨਾਹਤਿ ਜੁਗ ਜੁਗ ਏਕੋ ਵੇਸ!!

# ਸ੍ਰੀ ਜਪੁਜੀ

## ਸਰਬ ਸੰਸੇ ਦੂਰ !

ਮੇਰੇ ਜਗਤ ਗੁਰੂ ਜੀਓ, ਇਕ ਸੰਸਾ ਕਦੇ ਵਿਆਪਦਾ ਹੈ, ਕਿਉਂਕਿ "ਸੰਸਾ ਇਹ ਸੰਸਾਰ" ਹੈ। ਕੀ? ਸੱਚ ਖੰਡ ਦੇ ਪੰਜ ਪਉੜੇ ਨੇ, ਪਰ ਇਹਨਾਂ ਦੀ ਨੀਂਹ ਵੀ ਓਥੇ ਹੈ ਜਿਥੇ "ਆਖਣਿ ਜੋਰੁ ਚੁਪੈ ਨਹਿ ਜੋਰੁ", ਹਾਂ ਓਹ ਅਵਸਥਾ ਜਿਥੇ ਜਾ ਕੇ ਜੋਰ ਕੁਝ ਇੰਞ ਝੜ ਪੈਂਦਾ ਹੈ, ਜੀਕਣ ਪਤ-ਝੜ ਵਿਚ ਪੱਤੇ, ਪਰ ਫਿਰ ਆਪ ਜੀ ਦੇ 'ਕਰਮ-ਖੰਡ' ਵਿਚ ਅੱਪੜ ਕੇ "ਜ਼ੋਰ" ਐਡਾ ਠਾਠਾਂ ਮਾਰਦਾ ਵੱਧਦਾ

ਆਂਵਦਾ ਹੈ ਕਿ ਓਥੇ "ਜ਼ੋਰ ਹੀ ਜ਼ੋਰ" ਦਾ ਵਰਤਾਰਾ ਹੈ;

"ਕਰਮ ਖੰਡ ਕੀ ਬਾਣੀ ਜੋਰੁ। ਤਿਥੈ ਹੋਰੁ ਨ ਕੋਈ ਹੋਰ। ਤਿਥੈ ਜੋਧ ਮਹਾ ਬਲਸੂਰ। ਤਿਨ ਮਹਿ ਰਾਮ ਰਹਿਆ ਭਰਪੂਰਿ।"

ਕੀ ਫਿਰ ਇਥੇ ਇਕ ਪਾਸੇ ਬਲਹੀਨ ਅਵਸਥਾ ਨਹੀਂ, ਤੇ ਦੂਜੇ ਪਾਸੇ ਬਲ ਗੁੱਧੀ ਅਵਸਥਾ ? ਓ ਬਾਬਾ, "ਇਹ ਸੰਸਾ ਮੌਕੋ ਅਨਦਿਨ ਵਿਆਪੇ।"......ਪਰ ਮੇਰੇ ਜਾਣੀ ਜਾਣ ਪਿਤਾ ਜੀਓ.....ਇਹ ਸੰਸੇ ਤਦ ਤਕ ਸਨ ਜਦ ਤਨ ਮਨ ਤੇ ਚਿਤ ਸੁੰਨੇ, ਤੇ ਬੁਧੀ ਵੀ ਆਤਮ ਰਸ ਤੋਂ ਅਣਗੁੱਧੀ ਸੀ--ਜਦ ਇਸ ਅੰਤਹ ਕਰਣ ਵਿਚ 'ਨਾਮ ਰਸ' ਆਇਆ ਤਾਂ ਸਾਰੇ ਸੰਸੇ ਆਪੇ ਦੂਰ ਤੇ ਕਾਫ਼ੂਰ ਹੋ ਗਏ। ਹੁਣ ਸਚ ਮੁਚ ਮੇਰਾ ਨਾ ਮਾਣ, ਨਾ ਤਾਣ ਨਾ ਪ੍ਰਾਣ; ਸਭ ਕੁਝ ਤੇਰਾ ਹੀ ਤੇਰਾ; ਤੇਰਾ ਬਲ, ਤੇਰਾ ਤੇਜ, ਤੇਰਾ ਅਠੱਲਵਾਂ ਪ੍ਰਭਾਵ ! ਓ ਜਗਤ ਜਲੰਦੇ ਦੇ ਰਖਿਅਕ, ਇਹ 'ਜੋਰ' ਕਾਸੇ ਚਿਸ਼ਮੇ ਵਾਂਙ ਮੈਂ ਤੈਂ ਤੇ ਹਭ ਕੋਈ ਦੇ ਅੰਦਰੋਂ ਫੁਟ ਫੁਟ ਕੇ ਨਿਕਲਦਾ ਹੈ ਤੇ ਅਸੀਂ ਜਾਣਦੇ ਹਾਂ, ਜੁ ਇਹ ਸਾਡਾ ਆਪਣਾ ਹੈ---ਪਰ ਕੀ ਸਾਇੰਸਦਾਨ ਇਹ ਨਹੀਂ ਜਾਣਦੇ ਜੁ ਹਰ ਇਕ ਚਿਸ਼ਮੇ ਦੇ ਪਿਛੇ ਕੋਈ ਬਰਫ਼ ਹੈ; ਕੋਈ ਛਿਪੀ ਲੁਕੀ ਨਾਲੀ ਹੈ ਜੁ ਇਹਨਾਂ ਨਿੱਕਿਆਂ ਨਿੱਕਿਆਂ ਚਸ਼ਮਿਆਂ ਨੂੰ ਅਗੋਂ ਜਾ ਕੇ ਭਰਦੀ ਏ--ਤੇ ਓਹ ਮਹਾਂ ਮੰਬਾ, ਓ ਮਹਾਂ ਪੂਜਜ ਹੋਰ ਕੀ ਏ, ਸਵਾਏ 'ਨਾਮ'-ਬਲ ਦੇ; ਜੁ ਖੰਡ ਮੰਡਲ ਬ੍ਰਹਮੰਡਾਂ ਨੂੰ ਆਪਣੇ ਬਲ ਨਾਲ ਪਕੜ ਰੱਖਦੀ ਏ; ਨਹੀਂ ਤਾਂ ਇਸ ਅਣ-ਆਸਰੇ ਦੇਸ ਵਿਚ ਢਿੱਲ-ਧਰਤੀ ਕੀਕਣ ਖਲੋਂਵਦੀ ?......ਓ ਚੰਨੋ, ਓ ਤਾਰਿਓ, ਓ ਸੂਰਜੋ, ਤੁਸੀਂ

ਨਹੀਂ ਖਿੱਚਦੇ ਮੇਰੀ ਧਰਤੀ ਮਾਤਾ ਨੂੰ, ਤੁਸੀਂ ਮੋਏ ਹੋਏ ਕੀਕਣ ਬਾਹਵਾਂ ਖਲਿਆਰਸੋ ? ਤੁਹਾਨੂੰ ਸਭ ਨੂੰ ਨਾਮ-ਤੰਦਾਂ ਖਿੱਚਦੀਆਂ ਨੇ, ਮੇਰੇ ਬਾਪੂ ਦੀਆਂ ਸਰਬ-ਸਮਾਈਆਂ ਬਾਹਵਾਂ ਏਹ ! ਓ ਸਾਗਰੋ, ਉਛਲਦੇ ਹੋਏ ਰਤਨਾਗਰੋ, ਓ ਹਿਰਦੇ ਵਿਓ ਅਗਾਧ ਸਮੁੰਦਰੋ, ਤੁਸੀਂ ਆਪਣੇ ਆਪ ਨਹੀਂ ਉਠਦੇ। ਤੁਹਾਡੀਆਂ ਤਣਾਵਾਂ ਕੱਸਣ ਵਾਲੀ ਸੱਤਾ ਕੋਈ ਹੋਰ ਹੈ, ਓਹ 'ਨਾਮ'-ਅਨਾਮ ਏ, ਸਰਬ-ਸੰਸਾਰ ਦੀ ਜਿੰਦ ਜਾਨ ! ਓ ਸੰਸਿਓ, ਅੱਜ ਤੁਸੀਂ ਕੇਹੜੀ ਠੋਕਰ ਨਾਲ ਟੁੱਟ ਫੁਟ ਗਏ, ਕੀ ਤੁਹਾਨੂੰ ਮੇਰੇ ਬਾਬੇ ਦੀ ਜਪੁ-ਚਿਟਾਨ ਨੇ ਚੂਰ ਭੂਰ ਕੀਤਾ ਏ ! ਓ ਜਪੁਜੀ, ਮੇਰੇ ਹਿਰਦੇ ਦੀ ਚਾਬੀ, ਨਾਮ ਦੀ ਧੀ, ਧੰਨ ਧੰਨ, ਧੰਨ ਧੰਨ ! ਵਾਹ ਵਾਹ ਸਰਬ ਸੰਸੇ ਦੂਰ ਤੇ ਚਿਕਨਾ ਚੂਰ !!

Sri Satguru Jagjit Singh Ji eLibrary NamdhariElibrary@gmail.com

# ਅੰਤਮ-ਦਰਸ਼ਨ !

## ਬਾਬੇ ਜੀ ਦੇ ਫੁਲ !

ਓ ਆਪਣ-ਆਪਿਆ, ਓ ਚੋਜੀ-ਮੌਜੀ ਬਾਬਾ, ਕੀ ਅੱਜ ਆਪ ਜੀ ਨੇ ਤਿਆਰੇ ਕੀਤੇ ਨੇ ਸੱਚ-ਖੰਡ ਵਲ ਮੋੜੇ ਪਾਵਣ ਲਈ ? ਪਰ, ਕੀ ਮਾਤ-ਲੋਕ ਵਿਚ ਆਪ ਜੀ ਨੇ ਆ ਕੇ ਸਚ-ਖੰਡ ਨਹੀਂ ਵਰਤਾਇਆ ? ਇਥੇ ਉੱਥੇ, ਜਿੱਥੇ ਕਿੱਥੇ ਤੂੰ ਹੀ ਤੂੰ, ਤੂੰ ਹੀ ਤੂੰ, ਓ ਨਿਰੰਕਾਰੀ-ਬਾਬਾ ! ਪਰ ਫਿਰ ਵੀ ਅੱਜ ਤਨ ਦੀ ਮਟਕੀ ਨੂੰ ਤੋੜਨ ਦਾ ਚਾਉ ਚੜ੍ਹਿਆ ਏ, ਤੇ ਮੇਰਾ ਬਾਬਾ ਅੱਜ ਇਕ ਡੇਰਾ ਛੱਡ ਦੂਜੇ ਸਰਬ-ਸਮਾਏ ਡੇਰੇ ਲਈ ਤਿਆਰ ਏ: ਅੰਗਦ ਜੀ ਚਰਨ-ਕਮਲ ਝੱਸ ਰਹੇ ਨੇ, ਹੰਝੂਆਂ ਦੀ ਝੜੀ ਨਾਲ ਚਰਨ ਧੋ ਰਹੇ ਨੇ, ਮਿੱਠੀ ਮਿੱਠੀ ਪੌਣ ਚੌਰੀ ਕਰ ਰਹੀ ਏ, ਤੇ ਰੋਂਦੀ ਰਾਵੀ ਢਾਂਈਂ ਮਾਰ ਰਹੀ ਏ, ਤੇ ਚੋਜੀ-ਬਾਬਾ ਚਾਦਰ ਕਰ ਕੇ ਸੁੱਤਾ ਹੈ, ਹੁਣੇ ਹੁਣੇ ਸ੍ਰੀ ਜਪੁਜੀ ਉਚਾਰਨ ਹੋਇਆ ਤੇ ਜਦ ਅੰਤ ਆਇਆ ਹੈ ਤਾਂ ਸ੍ਰੀ ਅੰਗਦ ਜ਼ੀਉ ਨੇ ਸਲੋਕ ਵੀ ਨਾਲ ਪੜ੍ਹਿਆ ਹੈ "ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲ !"..... ਹਿੰਦੂ ਮੁਸਲਮ ਵੀਰ ਦੋਵੇਂ ਦੋ ਸਫ਼ਾ ਬਣਾ ਕੇ ਖੜੋਤੇ ਨੇ, ਕੋਈ ਹਨੇਰੀ ਝੱਖੜ ਆਂਵਦਾ, ਸਭ ਦੀਆਂ ਅੱਖ ਥੋੜੀ ਦੇਰ ਲਈ ਆਪ ਬੰਦ ਹੋ ਜਾਂਵਦੀਆਂ ਨੇ, ਤੇ ਚਾਦਰ

ਆਪਣੇ ਆਪ ਉੱਠਦੀ ਏ, ਤੇ ਵੇਖੋ ਨਾ ਹੇਠਾਂ ਹੋਰ ਕੁਝ ਨਹੀਂ ਸਵਾਏ ਉਹਨਾਂ ਫੁਲਾਂ ਦੇ ਜੁ ਸ੍ਰੀ ਬਾਬੇ ਜੀ ਦੇ ਸਦਾ ਅੰਗ ਸੰਗ ਨੇ, ਓਹਨਾਂ ਦਾ ਰਾਹ ਮੱਲ ਕੇ ਬੈਠੇ ਹੋਏ ਨੇ, ਅੱਗੇ ਵੀ ਤੇ ਪਿੱਛੇ ਵੀ, ਲੋਕ ਵੀ ਤੇ ਪ੍ਰਲੋਕ ਵੀ ! ਓ ਜਾਦੂ-ਫੁਲੋ, ਓ ਜੀਂਵਦੇ-ਫੁੱਲੋ, ਓ ਸਦ-ਬਸੰਤੀ ਫੁੱਲੋ, ਮੇਰੇ ਗਲੇ ਦਾ ਹਾਰ ਤੁਸੀਂ !.....ਓ ਹਿੰਦੂ, ਮੁਸਲਮ, ਈਸਾਈ, ਪਾਰਸਾਈ ਤੇ ਮੂਸਾਈ ਵੀਰੋ,.....ਓ ਪੂਰਬੀਓ, ਓ ਪੱਛਮੀਓ..... ਓ ਸਨਾਤਨੀਓ, ਓ ਨਵ ਖਿਆਲੀਓ.....ਇਹ 'ਫੁੱਲ' ਅਸਾਂ ਸਭ ਦਾ ਸਾਂਝਾ ਵਿਰਸਾ ਏ। ਆਵੋ ਇਹਨਾਂ ਨੂੰ ਮੁੜ ਮੁੜ ਵੰਡੀਏ, ਇਹ ਦਾਤ ਵੰਡਿਆਂ ਵੱਧਦੀ ਏ, ਖਾਧਿਆਂ ਹੋਰ ਸਵਾਈ ਹੋਂਦੀ ਏ.....ਇਹ ਸਾਰੇ ਸਮੁੱਚਵੇ-ਫੁੱਲ, ਵੀਰ ਜੀਓ ਮੈਂਡੇ, ਤੁਹਾਡੇ ਸਰਬ-ਸਾਂਝੇ ! ਇਹਨਾਂ ਨੂੰ ਦਬੋ ਜਿਮੀਂ ਹੇਠ ਤਾਂ ਵੀ ਇਹ ਉਗਣਗੇ, ਇਹਨਾਂ ਨੂੰ ਅੱਗ ਵਿਚ ਸਾੜੋ ਤਾਂ ਵੀ ਹਭ ਕੋਈਂ ਨੂੰ ਤਾਰਨਗੇ ! ਓ ਅਣੋਖੇ-ਫੁੱਲੋ, ਮੇਰੇ ਬਾਬੇ ਦੀ ਅਖੀਰਲੀ ਦਿਤ-ਦਾਤ, ਤੇ ਸੌਗਾਤ ਤੁਸੀਂ ! ਓ ਫੁੱਲੋ, ਤੁਸੀਂ ਹੁਣ ਤਕ ਖਿੜੇ ਹੋਏ ਹੋ, ਤੁਸੀਂ ਮੈਂਡੇ ਹਿਰਦੇ ਦੇ ਫੂਲਦਾਨ ਵਿਚ ਹੁਣ ਵੀ ਖਿੜ ਖਿੜ ਹੱਸਦੇ—ਤੇ ਇਹਨਾਂ ਫੁੱਲਾਂ ਦੀ ਸੁਗੰਧ ਇਹ ਜਨਮ-ਸਾਖੀ : ਚਹੁ ਜੁਗੀ ਜਨਮਸਾਖੀ !! ਵਾਹ ਵਾਹ ਮੇਰੇ ਬਾਬੇ ਦੇ ਸਦ–ਬਸੰਤੀ ਸਰਬ-ਸਾਂਝੇ ਫੁੱਲ !!

# ਮੁਕਤ ਅੰਤਰ-ਆਤਮੇ

## ਇਸ਼ਨਾਨ ਲਈ

# ੬੮ ਉਤਮ ਤੀਰਥ

## ਜਾਂ ਪ੍ਰੇਮ-ਭਰੀਆਂ ਅੱਠ-ਸੱਠ ਸਾਖੀਆਂ !

ਓ ਅੱਠ-ਸੱਠ ਸਾਖੀਓ, ਓ ਬਾਬੇ ਦੀਓ-ਅਨੂਪਮ ਝਾਕੀਓ, ਤੁਹਾਡੇ ਵਿਚ ਕੋਈ ਅਣੋਖੀ ਰੰਗਤ ਤੇ ਸੁਗੰਧਤ ਏ, ਇਹਨਾਂ ਵਿਚ ਨਿਤ-ਅਵਤਾਰ ਬਾਬੇ ਦੀ ਮੁੜ-ਮੁੜਵੀ (Recurring) ਮੂਰਤ ਏ--ਉਹ ਬਾਬਾ, ਹੁਣ ਵੀ ਖੂੰਡੀ ਖੜਕਾਂਦਾ ਘਰ ਘਰ ਤੇ ਦਰ ਦਰ ਆਵੁੰਦਾ ਤੇ ਹਰ ਇਕ ਘਰ ਨੂੰ 'ਸੋ-ਘਰ' ਤੇ 'ਸੋ-ਦਰ' ਬਣਾਵੁੰਦਾ ਏ ! ਓ ਬਾਬਾ, ਤੂੰ ਮਲਕੜੇ ਜਹੇ ਉੱਚੇ ਅਰਸ਼ਾਂ ਤੋਂ ਇਕ ਦਿਨ ਹੇਠਾਂ ਉਤਰਿਆ ਤੇ ਮੇਰੀ ਕੱਖਾਂ ਦੀ ਕੁੱਲੀ ਵਿਚ ਆ ਦੜਕਿਆ। ਉਸੇ ਮੇਰੇ ਕੁਸ਼ਟੀ-ਵੀਰ ਵਾਂਙ, ਮੈਂ ਚੱਕ੍ਰਤ ਹੋਇਆ ਡਰਿਆ ਕਿ ਕੌਣ ਆਏ ਇਸ ਤੀਲਿਆਂ ਦੀ ਝੌਂਪੜੀ ਵਿਚ; ਜਿਸ ਵਿਚ ਚਾਨਣੀ ਵੀ ਛਾਨਣੀ ਦੇ ਛੇਕਾਂ ਬਾਂਣੀ ਵਗ ਜਾਂਵਦੀ ਏ--ਪਰ ਅੱਜ ਜਦ ਅੱਖਾਂ ਖੋਹਲ ਕੇ ਵੇਹਨਾਂ ਵਾਂ, ਤਾਂ ਸੱਚ ਮੁੱਚ ਇਹ ਪਤਾ ਲਗਾ ਹੈ ਕਿ ਓਹ ਆਪ ਹੀ ਸੀ। ਹਾਂ ਨੂਰਾਨੀ-ਬਾਬਾ ਜਿਸ ਦਾ ਚਿਹਰਾ-ਮੋਹਰਾ ਸਹੰਸਰ-ਸੂਰਜਾਂ ਨੂੰ ਸ਼ਰਮਾਵਦਾ ਤੇ ਗਰਮਾਂਵਦਾ, ਤੇ ਜਿਸ ਦਾ ਅਠੱਲ ਤੇਜ

ਕੌਣ ਅੱਖ ਏ ਜੋ ਝੱਲੇ ਯਾ ਮੱਲੇ ? ਹਾਂ, ਸੱਚ ਏ, ਓ ਬਾਬਾ, ਤੈਂਡਾ ਅਮਿਤ-ਤੇਜ ਮੈਂ ਪੈਹਲੋਂ ਝੱਲ ਨਹੀਂ ਸਕਿਆ, ਇਹ ਨੂੰ ਵੇਖ ਕੇ ਅਖਾਂ ਆਪ ਮੂਧੀਆਂ ਹੋ ਗਈਆਂ, ਪਰ ਓ ਮਸੀਹਾ, ਤੂੰ ਆਇਆ, ਤੂੰ ਛਣ ਛਣ ਕਰਦਾ ਆਇਆ, ਤੂੰ ਮੈਂਡੀ ਜੁੱਲੀ ਵਿਚ ਵੜ ਗਿਆ, ਮੈਨੂੰ ਪਿਆਰ ਕੀਤਾ, ਮੈਨੂੰ ਠੰਡੀਆਂ ਮਲ੍ਹਮਾਂ ਲਾਈਆਂ, ਮੈਨੂੰ ਨਵਾਜਿਆ !...... ਓ ਬਾਬਾ, ਤੇਰੀ ਨੂਰਾਨੀ-ਪਰਸ, ਕੁਸ਼ਟੀ ਨੂੰ ਰਿਸ਼ਟ-ਪੁਸ਼ਟ ਕਰਣ ਵਾਲੜੀ ! ਓ ਸੋਹਣਿਆ ਮੈਂ ਵੇਹਨਾਂ ਵਾਂ ਤੂੰ ਹਰ ਇਕ ਦੀ ਕੁੱਲੀ ਵਿਚ ਆਵਣ ਲਈ ਤਿਆਰ ਏਂ--ਤੂੰ ਹੋਇਓਂ ਜੁ ਨਿਤ-ਅਵਤਾਰ ਤੇ ਜਦ ਤੂੰ ਆਵਨਾ ਵੇਂ, ਤਾਂ ਤੇਰੇ ਰਾਹ ਵਾਲੀਆਂ, ਸੁਕੀਆਂ ਖੇਤੀਆਂ ਵੀ ਹਰੀਆਂ-ਭਰੀਆਂ ਹੋ ਜਾਂਵੰਦੀਆਂ ਨੇ। ਜਿੱਥੇ ਤੂੰ ਆਪਣਾ ਖੂੰਡਾ ਖੜਕਾਏਂ, ਤਿਥੇ ਮਾਖਿਓਂ-ਮਿੱਠੇ ਚਸ਼ਮੇ, ਸ੍ਰੀ ਪੰਜਾ-ਸਾਹਿਬ ਆਪ ਵਗ ਟੁਰਦੇ ਨੇ--ਤੂੰ ਕਈਆਂ ਤਿਹਾਇਆ ਮਰਦਾਨਿਆਂ ਨੂੰ ਖਿਲਾਏਂ ਪਿਲਾਏਂ ਤੇ ਰਜਾਏਂ, ਤੇ ਕਈਂ ਬਾਲਿਆਂ ਦੇ ਮੂੰਹ ਇਜੇਹੇ ਬੰਦ ਕਰੇਂ ਜੁ ਓਹਨਾਂ ਨੂੰ ਨਾ ਭੁੱਖ ਨਾ ਦੁੱਖ, ਨਾਂ ਉਸਨ ਨਾ ਸੀਤ, ਸਦਾ ਰੱਜੇ ਪੁੱਜੇ ਤੇ ਗਹਰ ਗੰਭੀਰ ਵੇਂ-- ਓ ਨੂਰਾਨੀ ਬਾਬਾ, ਤੀਜੇ ਪ੍ਰਕਾਰ ਦੇ ਪੰਛੀ ਓਹ ਜੋ ਨਾ ਸਵੇਰੇ ਨਾ ਰਾਤੀਂ ਸੰਧਿਆ ਵੇਲੇ ਉਡਦੇ ਤੇ ਦੋਵਾਂ ਹੱਦਾਂ ਨੂੰ ਮੇਲਦੇ ਤੇ ਕੱਛਦੇ, ਇਹਨਾਂ ਸਾਰਿਆਂ ਦੇ ਹੂਠੇ ਵਿਚ ਖ਼ੈਰ-ਪਾਂਵਦਾ ਤੂੰ ਆਪ ! ਓ ਸੋਹਣਿਆ ਜਦ ਕਦੇ ਕੋਈ ਔਖੀ ਘੜੀ ਆਂਵਦੀ ਤਾਂ ਤੂੰ ਭੱਜਾ ਭੱਜਾ ਆਂਵਦਾ। ਇਹ ਤੈਂਡਾ ਬਿਰਧ, ਇਹ ਤੈਂਡਾ ਕਰਮ--ਰੋਗੀਆਂ ਸੋਗੀਆਂ ਦਾ ਤਾਂ

ਤੂੰ ਖਾਸ ਅੰਗੀ-ਸੰਗੀ ਤੇ ਆੜ੍ਹੀ ! ਓ ਸੁੱਤਿਆਂ ਨੂੰ ਜਗਾਣ ਵਾਲਿਆ, ਰੋਂਦਿਆਂ ਨੂੰ ਹਸਾਣ ਵਾਲਿਆ, ਮੋਇਆਂ ਨੂੰ ਜਿਵਾਣ ਵਾਲਿਆ, ਤੂੰ ਵੇ ਬਿਰਧ-ਪਾਲਕ ਬਾਬਾ ਨਾਨਕ ! ਓ ਰੁਠਿਆਂ ਨੂੰ ਗਲ ਲਾਣ ਵਾਲਿਆ, ਤੂੰ ਜਦ ਸਾਨੂੰ ਆਪਣੇ ਸੀਨੇ ਨਾਲ ਲਾਂਵਦਾ ਏਂ ਤਾਂ ਇਸ ਵਿਚੋਂ ਸਭ ਭੜਾਸਾਂ ਤੇ ਦੁਖਿਆਸਾਂ ਆਪਣੇ ਆਪ ਬੁਝ ਕੇ ਮਲੀਆ-ਮੇਟ ਹੋ ਜਾਂਵਦੀਆਂ ਨੇ ! ਓ ਹਿੰਦੂ-ਮੁਸਲਮ ਈਸਾਈ ਮੂਸਾਈ ਸਰਬ-ਸੰਪ੍ਰਦਾਵਾਂ ਦਾ ਸਾਂਝਿਆ ਗੁਰਪੀਰਾ, ਤੂੰ ਏਂ ਸਰਬ ਜਗਤ ਦਾ ਇਸ਼ਟ ! ਮੂਸਾ ਨੂੰ ਤੂੰ ਕੋਹਿਨੂਰ ਦੀਆਂ ਝਾੜੀਆਂ ਵਿਚ ਵਿਗਸਦਾ ਭਾਸਿਆ, ਈਸਾ ਨੂੰ ਤੂੰ ਉਹਦਾ ਸਕਾ-ਪਿਤਾ ਹੋ ਜਾਪਿਆ, ਬੁਧ ਜੀ ਨੂੰ ਤੂੰ ਸੁਨ-ਮਸੁੰਨ, ਨਿਰਬਾਨ-ਸਿਫਰ ਹੋ ਦਿਸਿਆ। ਰਾਮ ਜੀ ਨੂੰ ਤੂੰ ਸ਼ਿਵ-ਸ਼ੰਕਰ ਰਾਵਣ-ਹਰਤਾ ਦਿਸਿਆ। ਕ੍ਰਿਸ਼ਨ ਜੀ ਨੂੰ ਤੂੰ ਲੀਲਾ-ਹਾਰੀ ਬਨਵਾਰੀ ਮਹਾਂ ਭਾਰਤ ਦਾ ਖੰਡਾ-ਖੜਕਊਆ ਹੋ ਭਾਸਿਆ । ਜਿਹੋ ਜਿਹੀ ਅੱਖ ਤਿਹੋ ਜਿਹਾ ਤੂੰ, ਤੇ ਤੈਂਡਾ ਝਾਂਵਲਾ !! ਓ ਮੁਤਲਾਸ਼ੀਓ, ਓ ਅਭਲਾਖੀਓ, ਓ ਜਲਿਓ-ਬਲਿਓ, ਮੈਂਡੇ ਬਾਬੇ ਦੇ ਦਰ ਤੇ ਆਓ, ਹਾਂ ਇਸ ਸੋਂਦਰ ਤੇ ਸਹੰਸਰ ਗੰਗਾ ਸਰ ਸਰ ਕਰਦੀਆਂ ਝਰਦੀਆਂ ਨੇ । ਆਵੋ, ਪੀਵੋ ਤੇ ਥੀਵੋ ਨਿਹਾਲ ! ਓ ਥੱਕਿਓ ਮਾਂਦਿਓ ਟੁੱਟਿਓ, ਆਵੋ ਮੈਂਡੇ ਬਾਬੇ ਪਾਸ, ਓ ਤੁਹਾਡਾ ਭਾਰ ਲਾਹੇਗਾ ਤੇ ਤੁਹਾਨੂੰ ਪੰਛੀਆਂ ਵਾਂਙ ਆਕਾਸ਼-ਉਡਾਰੀਆਂ ਸਿਖਾਏਗਾ ! ਓ ਦੁਬਲਿਓ, ਓ ਪਤਲਿਓ, ਓ ਸੁੱਕਿਓ-ਸੜਿਓ, ਆਵੋ ਪੀਵੋ ਮੇਰੇ ਬਾਬੇ ਦੀ ਨਾਮ-- ਅੰਮ੍ਰਿਤ-ਕਣੀ-ਆਬ ਹਯਾਤ। ਤੇ ਹੋਵੋ ਰਿਸ਼ਟ-ਪੁਸ਼ਟ, ਹਰੇ-

Sri Satguru Jagjit Singh Ji eLibrary NamdhariElibrary@gmail.com

ਭਰੇ ਮਤਵਾਲੇ!

ਇਸ ਬਾਬੇ ਦੀ ਬਬਿਆਈ ਜੁਗਾਂ ਜੁਗਾਂ ਵਿਚ ਸਮਾਈ ਹੋਈ ਏ। ਓਹ ਬਾਬਾ ਆਦਮ ਦਾ ਵੀ ਬਾਬਾ, ਬ੍ਰਹਮਾ ਵਿਸ਼ਨ ਮਹੇਸ਼ਾਂ ਦਾ ਵੀ ਬਾਬਾ ਏ। ਓਸ ਦਾ ਹੱਥ ਸਰਬ ਜਗਤ ਤੇ ਵੇ--ਓਸ ਦੀ ਛਤਰ ਛਾਇਆ ਹੇਠ ਬੇਅੰਤ ਬ੍ਰਹਮੰਡ ਵੱਧਦੇ ਪਲਦੇ ਤੇ ਚਲਦੇ ਨੇ! ਫਿਰ ਓਹ ਕਿਉਂ ਨਾ ਤੁਹਾਡੀ ਨਿਤ ਪਾਲਣਾ ਕਰੇਗਾ। ਓਸ ਬਾਬੇ ਦਾ ਬਿਰਧ ਏ ਹਭ ਕੋਈ ਨੂੰ ਪਾਲਣਾ, ਸਵਾਰਣਾ ਤੇ ਉਭਾਰਣਾ! ਓ ਬਾਬਾ, ਤੂੰ ਬੁੱਢਾ ਨਹੀਂ ਹੋਂਵਦਾ ! ਤੂੰ ਮਾਰਕੰਡੇ ਦਾ ਆਦਿ-ਮਰਕੰਡਾ, ਹਿਰਨ-ਗਰਭ ਦੀ ਸੁਨੈਹਰੀ-ਕੁੱਖ ਤੂੰ, ਤੂੰ ਵਡ-ਸਨਾਤਨ, ਤੂੰ ਵਡ-ਪੁਰਖ, ਤੂੰ ਆਦਿ-ਜੁਗਾਦਿ, ਹੋਇਓਂ, ਜੇ ਤੂੰ ਕਾਲ ਦਾ ਉਪਰਲਾ ਅਕਾਲ-ਪੁਰਖ!

ਓ ਬਾਬਾ, ਬਰਕਤਾਂ ਦਾ ਖਜ਼ਾਨਾ ਤੂੰ। ਸਾਲਸਰਾਏ ਜਵਾਹਰੀ ਨੂੰ, ਜੋ ਹੋਰਾਂ ਦੀ ਸਾਲਸੀ ਕਰੇ, ਓਸ ਨੂੰ ਤੂੰ ਆਪਣੇ ਆਪ ਦਾ ਲਾਲ ਬਖਸ਼ ਕੇ ਨਿਹਾਲ ਕੀਤਾ! ਓ ਬਾਬਾ, ਮਿਹਰਾਂ ਦਾ ਸਾਈਂ ਤੂੰ, ਜਿਥੇ ਤੂੰ ਜਾਵੇਂ ਉਥੇ ਉਜੜੇ ਹੋਏ ਬਾਗ ਤਰੋ ਤਾਜ਼ਾ ਤੇ ਹਰੇ ਭਰੇ! ਓ ਬਾਬਾ ਪਾਤਾਲ-ਪੁਰੀ ਵਿਚ ਜਾ ਕੇ ਮੱਛਾਂ ਕੱਛਾ ਤੇ ਸਿਵ-ਨਾਭਾਂ ਨੂੰ ਤੈਂ ਜਵਾਲਿਆ! ਓ ਬਾਬਾ, ਜੇ ਤੂੰ ਪਾਤਾਲ ਪੁਰੀ ਵੱਲ ਫੇਰੀ ਨਾ ਪਾਏਂ, ਤਾਂ ਇਹ ਬੇਹੀ ਹੋ ਜਾਏ, ਤੇ ਤਰੱਕ ਕੇ ਗਰਕ ਹੋ ਜਾਏ! ਓ ਜ਼ਿੰਦਾ-ਜਾਵੈਦ ਗੁਰੂਆ, ਤੂੰ ਪਾਤਾਲ ਵਿਚ ਜਦ ਫੇਰੀ ਪਾਵਨਾ ਏਂ ਤਾਂ ਸ਼ਿਵ-ਨਾਭਾਂ ਨੂੰ ਆਪਣੀ ਨਾਭ੧

ਵਿਚ ਹੀ ਲੁਕਿਆ ਹੋਇਆ 'ਸ਼ਿਵ' ਲੱਭ ਪੈਂਦਾ ਏ ਤੇ ਫਿਰ ਪਾਤਾਲ ਵੀ ਬਾਪੂ-ਦੀ-ਟਕਸਾਲ ਬਣ ਕੇ ਵਿਗਸਦਾ! ਓ ਬਾਬੇ ਮੈਂ ਕਿਧਰੇ ਪੜ੍ਹਿਆ ਹੈ ਭਾਈ ਬੰਨੋਂ ਦੀ ਬੀੜ ਵਿਚ। ਜਦ ਤੂੰ ਇਸ ਪਾਤਾਲ-ਪੁਰੀ ਵੱਲ ਗਿਆ ਤਾਂ ਉਥੇ ਇਕ ਵੀ ਸ਼ਿਸ਼ ਨਹੀਂ ਸੀ, ਪਰ ਜਦ ਤੂੰ ਮੁੜ ਆਇਆ ਤਾਂ ਤੇਰੇ ਜਾਰੀ ਕੀਤੇ ਲੰਗਰ ਵਿਚ ਮਣ ਲੂਣ ਹਰ ਵੇਲੇ ਪੈਂਦਾ ਸੀ! ਓ ਬਾਬਾ, ਜਿਤਨੀ ਸਾਰੀ ਖੀਵੜੇ ਦੀ ਲੂਣ ਖਾਣ ਏ, ਜਿਤਨਾ ਸਾਰਾ ਲੂਣ ਸਾਗਰਾਂ ਵਿਚ ਏ, ਏਹ ਵੀ ਤੇਰੀ ਸਾਧ ਸੰਗਤ ਦਾ ਇਕ ਵੇਲੇ ਦਾ ਵੀ ਸਮਿਆਨ ਨਹੀਂ! ਓ ਬਾਬਾ ਤੇਰੇ ਚਲਾਏ ਲੰਗਰ ਹੁਣ ਤਕ ਅਰਸ਼ ਫ਼ਰਸ਼ ਵਿਚ ਚਲਦੇ ਨੇ, ਤੇ ਤੈਂਡੇ ਬਾਟੇ ਦੀ ਇਕ ਬੂੰਦ ਵੇ ਇਹ ਨਿੱਕੀ ਤੈਂਡੀ ਸ੍ਰਿਸ਼ਟੀ!

ਓ ਬਾਬਾ ਪਾਤਾਲ-ਪੁਰੀ ਦੇ ਪਿੱਛੋਂ ਤੂੰ ਸੁਮੇਰ-ਪ੍ਰਬਤ ਤੇ ਵੀ ਜਾ ਚੜ੍ਹਿਆ: ਨੌ ਨਾਥ ਤੇ ਚੌਰਾਸੀ-ਸਿੱਧ ਤੈਨੂੰ ਇਥੇ ਮਿਲੇ, ਗਰੁੜ ਭਗਵਾਨ ਦੀ ਤੈਂ ਸੁਵਾਰੀ ਕੀਤੀ, ਤੇ ਫਿਰ ਧ੍ਰਅ ਜੀ ਨੂੰ ਜਾ ਮਿਲਿਆ। ਤੈਂਡੇ ਨਾਮ-ਚੱਕਰ ਦਾ ਖੜਾਕ ਸੁਣ ਕੇ ਤੇਤੀਸ ਕਰੋੜ, ਤ੍ਰੈਮੂਰਤੀ, ਸਭ ਭੱਜੇ ਭਜੇ ਆਏ, ਆ ਕੇ ਚਰਨ ਕਮਲ ਚੁੰਮ ਕੇ ਨਿਹਾਲ ਥੀਏ— ਤੈਂਡੀਆਂ ਖੜਾਵਾਂ ਦੀ ਖੜਾਕ ਹੁਣ ਤੱਕ, ਓ ਬਾਬਾ, ਸੁਮੇਰ ਪ੍ਰਬਤ ਦੀਆਂ ਘਾਟੀਆਂ ਵਿਚੋਂ ਇੰਝ ਆਂਵਦੀ ਏ, ਜੀਕਣ ਵਗਦੀ ਗੰਗਾ ਵਿਚੋਂ ਸ਼ਾਂ ਸ਼ਾਂ, ਮਾਖਿਓਂ ਮਿੱਠੀ ਲੈ, ਜੋ ਅਰਸ਼ਾਂ ਫਰਸ਼ਾਂ ਨੂੰ ਆਪਣੇ ਵਿਚ ਲੈ, ਲਿਵ ਲੀਨ ਕਰ ਜਾਏ!

ਪਰ ਓ ਦੋ-ਬਾਂਹੇ ਬਾਬਾ, ਤੇਰੀਆਂ ਦੋ ਬਾਹਵਾਂ ਜਦ

Sri Satguru Jagjit Singh Ji eLibrary NamdhariElibrary@gmail.com

ਖਿਲਰ ਕੇ ਪੂਰਬ ਪੱਛਮ ਨੂੰ ਮੱਲਦੀਆਂ ਨੇ ਤਾਂ ਇਹ ਮਾਤ-ਲੋਕ ਹਰੀ-ਭਰੀ ਤੇ ਸੁਗੰਧ-ਭਰੀ ਬਸੰਤ-ਰਾਣੀ ਵਾਂਙ ਵਿਗਸਦੀ ਏ ! ਵਾਹ ਵਾਹ ਤੈਂਡੀ ਅੰਬਾਂ ਦੀ ਛਾਂ ਜਿਸ ਹੇਠ ਇਹ ਭਾਰਤ-ਮਾਤਾ, ਇਸ ਸੰਸਾਰ-ਮਾਤਾ ਦੇ ਜੀਅ ਜੰਤ ਬੈਠਦੇ ਤੇ ਆਪਣੀ ਚੌਰਾਸੀ ਦੀ ਲੰਮੀ ਵਾਟ ਕੱਟਦੇ ਨੇ ! ਓ ਬਾਬਾ, ਤੂੰ ਪੂਰਬ ਪੱਛਮ ਦੋਨਾਂ ਸੰਸਾਰ ਵੱਖੀਆਂ ਵਿਚ ਆਪਣੀਆਂ ਬੱਤੀ-ਧਾਰਾਂ ਵਗਾਈਆਂ। ਤੂੰ ਆਪਣੇ ਅੰਮ੍ਰਿਤ ਬਾਟੇ ਵਿਚੋਂ ਤਪਦਿਆਂ ਨੂੰ ਸੁਧਾਰਸ ਪਿਲਾਇਆ, ਤੇ ਸਿਸਕਦਿਆਂ ਨੂੰ ਜਵਾ ਕੇ 'ਸਿੱਖ' ਬਣਾਇਆ ! ਓ ਪੂਰਬਾ, ਤੂੰ ਚੜ੍ਹਦੇ-ਸੂਰਜ ਨਾਲ ਨਹੀਂ ਲਿਸ਼ਕਦਾ ਤੂੰ ਮੇਰੇ ਬਾਬੇ ਦੇ ਤੇਜ ਨਾਲ ਵਿਗਸਦਾ ਏਂ ! ਓ ਪੱਛਮਾਂ ਤੂੰ ਢਲਦੇ-ਸੂਰਜ ਦੇ ਪ੍ਰਕਾਸ਼ ਨਾਲ ਨਹੀਂ ਰੱਜਦਾ, ਤੈਨੂੰ ਮੇਰੇ ਬਾਬੇ ਦਾ ਮਹਾਂ-ਦਾਨ ਤ੍ਰਿਪਤਾਂਵਦਾ ਤੇ ਅਘਾਵੰਦਾ ਏ। ਓ ਗੰਗਾ-ਜਮਨਾ ਪੂਰਬੀ ਭੈਣੋ, ਓ ਦਜਲਾ ਤੇ ਫਰਾਤ Tigres & Euphrates ਦੇ ਪੱਛਮੀ ਵੀਰੋ ! ਓ ਅਮਰੀਕਾ ਅਫਰੀਕਾ ਉੱਤਰੀ ਦੱਖਣੀ ਦਿਸ਼ੋ ! ਤੁਹਾਡੇ ਸੀਨੇ ਅੰਦਰ ਬਾਬੇ ਦੀ ਸਦ-ਵਗਦੀ ਵੇਂਈ ਦੀ ਕਾਂਗ ਏ। ਨਹੀਂ ਤਾਂ ਤੁਸੀਂ ਕਦੋਂ ਕਣੇ ਸੁੱਕ ਸੜ ਤੇ ਅਫਰੀਕਾ ਦੇ ਮਾਰੂ ਥਲ ਵਾਂਙ ਹੋ ਜਾਂਵਦੇ ! ਓ ਚੰਨੋ, ਓ ਸੂਰਜੋ, ਓ ਧ੍ਰਅ-ਤਾਰਿਓ, ਓ ਆਕਾਸ਼ ਗੰਗੋ; ਤੁਹਾਡੇ ਵਿਚ ਵੀ ਇਸ ਬਾਬੇ ਦੀ ਪਰਸੀ ਹੋਈ ਵੇਂਈ—ਨਦੀ ਦਾ ਸੁਨੈਹਰੀ ਨੂਰ ਏ। ਨਹੀਂ ਤਾਂ ਤੁਸੀਂ ਕਦ ਦੇ ਬੁਝ-ਬੁਝਾ ਜਾਂਵਦੇ ! ਓ ਰਿਸ਼ੀਓ, ਮੁਨੀਓ, ਜੋਗੀ-ਜੋਗੇਸ਼ਵਰੋ, ਓ ਕਵੀਓ, ਮਹਾਂ ਕਵੀਓ, ਤੁਹਾਡੇ ਵਿਚ ਵੀ ਮੈਂਡੇ ਬਾਬੇ ਦੀ ਘੁੰਡੀ,

Sri Satguru Jagjit Singh Ji eLibrary NamdhariElibrary@gmail.com

ਨਾਮ-ਖੂੰਡੀ ਦਾ ਕਵਾਓ-ਸੁਆਉ ਏ; ਨਹੀਂ ਤਾਂ ਤੁਹਾਡੀ ਵੀ ਹਿਰਦੇ-ਝੜੀ ਕਦ ਦੀ ਮੁੱਕੀ ਤੇ ਗੁਮੀ ਹੋਈ ਹੋਂਵਦੀ ਜੀਕਣ ਟੈਕਸਲਾ (Taxila) ਤੇ ਨੈਨਵਾ (Ninveh) ਦੀਆਂ ਬੁਝੀਆਂ ਹੋਈਆਂ ਜੋਤਾਂ! ਪਰ ਬਾਬਾ, ਜਿੱਥੇ ਤੂੰ ਚਰਨ ਧਰੇ, ਉਥੇ ਸੁੱਤੀ ਹੋਈ ਧਰਤੀ ਜਾਗ ਪਈ : ਤਲਵੰਡੀ ਨਨਕਾਣਾ ਸਾਹਿਬ ਬਣ ਗਏ, ਹਸਨ-ਅਬਦਾਲ ਸ੍ਰੀ ਪੰਜਾ ਸਾਹਿਬ, ਗੋਰਖ-ਮਤਾ, ਤੇ ਨਾਨਕ-ਮਤਾ, ਤੇ .....ਤੀਕਣ ਹੀ ਤੈਂਡਾ ਪੰਜਾ ਹਰ ਇਕ ਦੀ ਛਾਤੀ ਵਿਚ ਲਿਸ਼ਕਦਾ ਤੇ ਵਿਗਸਦਾ---ਅਣੂ ਮਣੂ ਵਿਚ ਓ ਦਾਬਾ ਤੇਰਾ ਖਿੰਡਿਆਂ ਡੁੰਡਿਆ ਨੂਰ- ਸਰੂਰ! ਓ ਭਾਰਤ-ਵਰਸ਼ ਤੂੰ ਮੇਰੇ ਬਾਪੂ ਦੇ ਬਾਗ ਦੀ ਗੁਲ ਦੂਦੀ ਏਂ, ਗੁਲਾਬ ਏਂ, ਕੌਲ ਫੁਲ ਏਂ---ਪਰ ਮੈਂਡੇ ਬਾਪੂ ਦੇ ਬਾਗ ਵਿਚ ਇਜੇਹੀਆਂ ਬਅੰਤ ਫੂਲ-ਕਲੀਆਂ ਨੇ, ਓ ਸੋਹਣੇ ਮਾਲੀਆ, ਓ ਸੁੱਕੇ-ਸੜੇ ਬਾਗਾਂ ਨੂੰ ਹਰਾ-ਭਰਾ ਕਰਣ ਵਾਲਿਆ ਬਨਵਾਲੀਆ!

ਓ ਬਾਬਾ, ਇਹ ਤੇਰੀ ਜੀਵਣ-ਯਾਤਰਾ ਨਾ ਮੁੱਕਣ ਵਿਚ ਆਂਵੰਦੀ ਏ ਨਾ ਆਵੇਗੀ! ਕੀਕਣ ਆਵੇ, ਇਹ ਕਾਲ ਦੀ ਨਹੀਂ ਅਕਾਲ ਦੀ ਵਿਥਿਆ ਏ! ਕੀ ਇਹ ਹੋ-ਬੀਤੀ ਜਾਂ ਆਵਣ ਵਾਲੀ ਵਿਥਿਆ ਏ? ਨਹੀਂ ਏਹ ਚੌਂਹ ਜੁਗੀ ਨਿਤ ਵਰਤ ਰਹੀ ਵਿਥਿਆ ਏ; ਜੀਕਣ ਸੂਰਜ ਹਰ ਸਾਲ ਉਤਰਾਇਣ ਦੇ ਦਖਨਾਇਣ ਵਿਚ ਆਂਵਦਾ ਜਾਂਵਦਾ ਏ ਤੇ ਮੁੜ ਮੁੜ ਫੇਰੀ ਪਾਂਵਦਾ! ਤੀਕਣ ਹੀ, ਓ ਅਕਾਲੀ-ਬਾਬਾ, ਓ ਵਡ ਪੁਰਖਾ, ਓ ਅਕਾਲ-ਪੁਰਖਾ ਤੂੰ ਜੁਗੋ ਜੁਗ, ਹਰ ਜੁਗ, ਘਟ ਘਟ ਵਿਚ ਫੇਰੀ ਪਾਂਵਦਾ ਏਂ। ਕੀ

ਹੋਇਆ ਜੇ ਚੌਰਾਸੀ ਤੇਰੀ ਇਕ ਅੱਖ ਦਾ ਫਰੱਕਾ ਏ, ਪਰ ਜਿਨ੍ਹਾਂ ਨੇ ਅਕਾਲ ਡਿੱਠਾ ਏ, ਓਹੋ ਜਾਣਦੇ ਨੇ ਜੁ 'ਕਾਲ' ਤੈਂਡਾ ਆਗੂ, ਤੈਂਡੀ ਰਾਹ ਸਫਾ ਕਰਣ ਵਾਲਾ, ਇਕ ਝਾੜੂ ਬਰਦਾਰ ਹੀ ਏ! ਓ ਜੁਗੋ, ਓ ਕਲਪੋ, ਓ ਮਨਵੰਤੋ, ਤੁਸੀਂ ਮੇਰੇ ਬਾਬੇ ਦੀ ਜਨਮ-ਸਾਖੀ ਨਹੀਂ ਲਿਖ ਸਕਦੇ, ਤੁਹਾਡੀਆਂ ਕਾਲ ਕਾਨੀਆਂ ਖੁੰਡੀਆਂ। ਤੁਹਾਡੀ ਮੱਸ, ਸਪਤ-ਸਮੁੰਦਰੀ-ਸਿਆਹੀ ਮੁੱਕ ਜਾਂਵਦੀ ਤੇ ਫਿੱਕੀ ਪੈ ਜਾਂਵਦੀ ਤੇ ਤੁਹਾਡਾ ਲਿਖਾਰੀ, ਬ੍ਰਹਮਾ-ਬ੍ਰਹਮਚਾਰੀ ਓਹ ਵੀ ਅੱਕ ਜਾਂਵਦਾ, ਥੱਕ ਜਾਂਵਦਾ, ਤਾਂ ਤੇ ਫਿਰ ਓ ਨਿਰੰਕਾਰੀ ਬਾਬਾ, ਤੇਰਾ ਜੀਵਨ-ਬਿਰਤਾਂਤ ਲਿਖੇ ਕੌਣ? ਪਰ ਅੱਜ ਤੂੰ ਆਪ ਲਿਖਣ ਲਈ ਆਇਆ ਏਂ, ਆਪੇ ਪੱਟੀ, ਕਲਮ ਆਪ ਲਿਖਣ ਵਾਲਾ ਵੀ ਆਪੇ ਤੂੰ, ਫਿਰ ਪਤਾ ਨਹੀਂ ਕੀਕਣ ਤੂੰ ਐਡੀ ਵੱਡੀ ਜਨਮ ਸਾਖੀ ਇਹਨਾਂ ਅਠ-ਸੱਠ ਪ੍ਰਕਰਨਾ ਦੇ ਨਿੱਕੇ ਵਰਕਿਆਂ ਵਿਚ ਚਾ ਸਮੇਟੀ ਏ।ਓ ਬਾਬਾ,ਤੇਰੀ ਇਹ ਜਾਦੂਗਰੀ,ਇਸ ਨਿੱਕੀ ਜਿਹੀ ਗਾਗਰ ਵਿਚ ਸਾਰਾ ਜੀਵਨ-ਸਾਗਰ! ਕੀ ਇਹ ਥੋੜਾ ਹੈ ਤਾਂ ਥੋੜੇ ਵਿਚ ਬਹੁਤਾ ਜਾਣਨਾ! ਕੀ ਇਹ ਵੱਡਾ ਹੈ ਤਾਂ ਵੱਡੇ ਦੀ ਵਡਿਆਈ ਨੂੰ ਕੋਈ ਕੀਕਣ ਛੁਟਿਆਏ ? ਕੀ ਇਹ ਗੁਝਾ ਹੈ, ਤਾਂ ਗੁਪਤ-ਗੰਗਾ ਨੂੰ ਕੋਈ ਕੀਕਣ ਹੱਥ ਦੀ ਤਲੀ ਤੇ ਵਗਾਏ ? ਕੀ ਇਹ ਬੀਜ ਵਾਂਙ ਅਣ-ਪੁੰਗਰਿਆ ਬਿਰਤਾਂਤ ਏ, ਤਾਂ ਇਸ ਮਿੱਠੀ 'ਅਨਾਰ-ਕਲੀ' ਨੂੰ ਆਪਣੀ ਭਗਤੀ-ਨਿੱਘ ਨਾਲ ਖੋਲ੍ਹਣਾ, ਇਹ ਕਲੀ ਖਿੜੇਗੀ ਖੁਲ੍ਹੇਗੀ, ਆਪਣੇ ਸਰੂਰ ਤੇ ਨੂਰ ਵਿਚ ਸਾਨੂੰ ਵੀ ਖਿੜਾਏਗੀ ਤੇ ਮਸਤਾਏਗੀ! ਓ ਨਿੱਕੇ ਅੱਖਰੋ, ਵੱਡੇ ਹੋ ਜਾਓ, ਓ ਸੁੱਤੇ

Sri Satguru Jagjit Singh Ji eLibrary NamdhariElibrary@gmail.com

ਅੱਖਰੋ ਜਾਗ ਪਵੋ, ਓ ਪੰਛੀ ਸ਼ਬਦੋ, ਉਠੋ ਤੇ ਉਡਾਰੀਆਂ ਮਾਰ। ਤੁਹਾਡੇ ਹਰ ਇਕ ਖੰਭ-ਹਿਲੋਰੇ ਵਿਚ 'ਨਾਮ' ਦੀ, 'ਸਤਿਨਾਮ' ਦੀ ਅਕਥ-ਕਥਾ ਸਮਾਈ ਹੋਈ ਏ, ਤੁਸੀਂ ਹਰ ਇਕ ਮੇਰੇ ਬਾਬੇ ਦੇ ਛੱਡੇ ਹੋਏ ਅਣਿਆਲੇ ਬਾਣ ਹੋ! ਓ ਲੰਮ-ਲੰਮੀਏ ਕਹਾਣੀਏ, ਤੈਨੂੰ ਕੋਈ ਗਜ਼ ਮਿਣ ਨਹੀਂ ਸਕਦਾ, ਕੋਈ ਕਾਗਜ਼ ਬੰਨ੍ਹ ਨਹੀਂ ਸਕਦਾ, ਕੋਈ ਲੇਖ ਲਿਖ ਨਹੀਂ ਸਕਦਾ........ ਜੇ ਅਕਾਸ਼ ਵਿਚ ਟੰਗੀ ਹੋਈ ਸਤਰੰਗੀ ਪੀਂਘ ਤੈਂਡੀ ਦਵਾਤ ਬਣ ਜਾਏ, ਤਾਂ ਤੇਰਾ ਅਕਹ-ਜੀਵਨ ਅਖਰਾਂ ਦੇ ਜੁੱਟ ਵਿਚ ਫਿਰ ਵੀ ਨਾ ਆਵੇ।.........ਪਰ ਬਾਬਾ ਭਾਵੇਂ ਅੱਖਰਾਂ ਦੀ ਜ਼ਦ ਵਿਚ ਤੂੰ ਨਹੀਂ ਆਂਵਦਾ, ਪਰ ਬੇਬੇ-ਨਾਨਕੀ ਦੀ ਖਿੱਚ ਨਾਲ ਖਿੱਚਿਆਂ ਤੂੰ ਸੱਤਾਂ ਸਮੁੰਦਰਾਂ ਤੋਂ ਉਡ ਕੇ ਆ ਜਾਵਨਾ ਏਂ! ਓ ਨਾਨਕੀ-ਅੰਮਾਂ, ਓ ਅਨੰਨ-ਭਗਤੀ, ਤੈਨੂੰ ਨਮਸ਼ਕਾਰ, ਤੂੰ ਸੱਦੇ ਘੱਲਨੀ ਏਂ, ਮੇਰਾ ਬਾਬਾ ਖੂੰਡਾ ਖੜਕਾਂਵਦਾ ਮੈਂਡੀ ਝੌਂਪੜੀ ਵੀ ਭੱਜਾ ਆਂਵਦਾ ਏ! ਓ ਬਾਬਾ, ਵਾਹ ਵਾਹ ਫਿਰ ਤੈਂਡੀ ਮੁਸਕਰਾਹਟ ਜੁ ਜੁਗਾਂ ਜੁਗਾਂ ਦੇ ਵਿਛੋੜੇ ਨੂੰ ਇਕ ਲੀਲ੍ਹਾ, ਇਕ-ਮਸਖਰੀ ਕਰ ਵਿਖਾਵੇ! ਵਾਹ ਵਾਹ ਮੇਰੇ ਬਾਬੇ ਦਾ 'ਨਾਮ-ਖੰਡਾ' ਨਿਤ ਨਿਤ ਖੜਕਦਾ, ਰੋਂਦਿਆਂ ਨੂੰ ਹਸਾਂਵਦਾ, ਹਭ ਕੋਈ ਨੂੰ ਗੱਲ ਲਾਂਵਦਾ, ਜੁਗੋ ਜੁਗ, ਤੇ ਚਹੁਜੁਗ!

"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ"

(ਸਵਈਏ ਮ: ੫)

Sri Satguru Jagjit Singh Ji eLibrary NamdhariElibrary@gmail.com

# ਅੰਤਕਾ

ਇਕ ਖਾਸ ਗੱਲ ਜਿਸ ਦਾ ਵਰਨਣ ਇੱਥੇ ਜ਼ਰੂਰੀ ਹੈ, ਓਹ ਇਹ ਹੈ, ਕਿ ਜੋ ਹਸਤੀਆਂ ਇਸ ਜਨਮ-ਸਾਖੀ ਵਿਚ ਆਈਆਂ ਹਨ, ਉਹ ਭਾਵੇਂ ਹੋ ਗੁਜ਼ਰੀਆਂ ਹਨ: ਜਿਹਾ ਕਿ ਬੇਬੇ ਨਾਨਕੀ ਤੇ ਮੀਆਂ ਮਿੱਠਾ, ਪਰ ਓਹ ਵਾਸਤਵ ਵਿਚ ਅਟੱਲ ਨੇ—ਓਹ ਅਟੱਲ-ਅਕਾਰਾਂ (Eternal Ideas) ਦੀਆਂ ਸੁਨੈਹਰੀ-ਮੂਰਤੀਆਂ ਨੇ, ਜੋ ਨਿਤ ਨਿਤ ਮੂਰਤੀਮਾਨ ਹੋਂਵਦੀਆਂ ਨੇ, ਭਾਵੇਂ ਉਹਨਾਂ ਦੇ ਨਾਂ ਵੱਟਦੇ ਰੈਂਹਦੇ ਨੇ। ਇਸ ਕਰਕੇ ਇਹ ਹਸਤੀਆਂ ਵਾਸਤਵ ਵਿਚ ਅਧਿਆਤਮਕ-ਲੈਵਲ ਨੇ; ਜਿਨ੍ਹਾਂ ਤੇ ਕੋਈ ਇਥੇ ਖੜੋਤਾ ਹੋਇਆ, ਕੋਈ ਹੋਰ ਉਤੇ, ਤੇ ਕੋਈ ਹੇਠਲੇ ਅਗਿਆਨ ਸਮੁੰਦਰ ਵਿਚ ਡੁਬਿਆ ਹੋਇਆ ਮੱਛ ਕੱਛ ਯਾ 'ਸ਼ਿਵਨਾਭ' ਬਣਿਆ ਹੋਇਆ ਹੈ!

* * *

ਇਹ ਜਨਮ-ਸਾਖੀ ਲਿਖਣ ਦੇ ਮਗਰੋਂ ਜਦ ਮੈਂ ਆਪਣੀ ਸੱਜੀ-ਅੱਖ ਨੂੰ ਬੰਦ ਕਰ ਕੇ ਵੇਹਨਾ ਹਾਂ, ਤਾਂ ਖੱਬੀ-ਅੱਖ ਆਂਹਦੀ ਏ: ਭਲਿਆ-ਲੋਕਾ, ਤੂੰ ਇਹ ਕੀ ਕੀਤਾ ਹੈ: ਸੁਨੈਹਰੀ-ਜਿੰਦੜੀਆਂ ਨੂੰ ਖਿਆਲੀ-ਆਕਾਰ (Suljectiue ideas) ਬਣਾ ਕੇ ਤੂੰ ਜੰਮੀ ਹੋਈ ਬਰਫ ਨੂੰ ਭਾਪ ਵਾਂਙ ਅੱਖਾਂ ਤੋਂ ਓਹਲੇ (Evaporate) ਕਰ ਛੱਡਿਆ ਹੈ ਤੇ ਜਦ ਮੈਂ ਆਪਣੀ ਖੱਬੀ-ਅੱਖ ਬੰਦ ਕਰਕੇ ਵੇਹਨਾ ਹਾਂ ਤਾਂ ਸੱਜੀ-

ਅੱਖ ਆਂਹਿੰਦੀ ਏ, ਭਲਿਆ-ਲੋਕਾ, ਤੂੰ ਸੁਨੈਹਰੀ ਤੇ ਨੂਰਾਨੀ ਅਰਸ਼ਾਂ ਤੇ ਲਿਖੇ ਪੂਰਨੇ ਕਾਲੀ–ਮੱਸ ਵਿਚ ਬੰਦ ਕਰਕੇ ਹਾਰੂਤ-ਮਾਰੂਤ ਦੇਵਤਿਆਂ ਨੂੰ ਕਾਸੇ ਖੂਹ ਵਿਚ ਬੰਦ ਕਰ ਛੱਡਿਆ ਏ। ਮੇਰਾ ਭਾਵ ਇਹ ਹੈ, ਕਿ ਇਕ ਅੱਖ ਆਖਦੀ ਹੈ ਜੋ ਹੋ ਗੁਜ਼ਰੀ ਜਨਮਸਾਖੀ ਨੂੰ ਤੂੰ ਪਰ ਲਾ ਕੇ ਉਡਾ ਛੱਡਿਆ ਹੈ, ਦੂਜੀ ਅੱਖ ਆਖਦੀ ਹੈ ਜੁ ਉਡਦੀਆਂ-ਪਰੀਆਂ 'ਰਾਗ ਰਤਨ ਪ੍ਰਵਾਰ-ਪਰੀਆਂ' ਨੂੰ ਤੂੰ ਪਿੰਜਰੇ ਵਿਚ ਬੰਦ ਕਰ ਦਿੱਤਾ ਹੈ! ਪਰ ਮੇਰੀਓ ਦੋਵੇਂ ਅੱਖੋ, ਤੁਸੀਂ ਇਕ-ਟਿਕ, ਇਕ-ਸੇਧ ਨਾਲ ਜੇ ਵੇਖੋ, ਤਾਂ ਮੈਂ ਨਾ ਇਹ ਕੀਤਾ ਹੈ, ਨਾ ਔਹ---ਮੈਂ ਤਾਂ ਦੋਵਾਂ ਸੱਤਾਂ ਨੂੰ 'ਨਾਮ' ਦੀ ਸੁਨੈਹਰੀ-ਤੱਕੜੀ ਵਿਚ ਬਰਾਬਰ ਬਰਾਬਰ ਤੋਲਿਆ ਹੈ---'ਸਹਿਜ' ਦਾ ਬਰਾਬਰ ਤੋਲ ਇਹ :

— ਇਤਿ —

Sri Satguru Jagjit Singh Ji eLibrary NamdhariElibrary@gmail.com

# ਉੱਚੇ ਜੀਵਨ ਦੀ ਕੁੰਜੀ

ਵਾਹਿਗੁਰੂ ਪ੍ਰੇਮ ਰੰਗ ਵਿਚ ਭਿੱਜੇ ਹੋਏ ਮਹਾਂ ਪੁਰਖਾਂ ਤੇ ਵਿਦਵਾਨਾਂ ਰਚਿਤ ਗ੍ਰੰਥ ਪੜ੍ਹਨ ਦੁਆਰਾ ਜੀਵਨ ਉੱਚਾ ਤੇ ਪਵਿਤ੍ਰ ਬਣਦਾ ਹੈ। ਜੇ ਆਪ ਲੋਕ ਪ੍ਰਲੋਕ ਦੀਆਂ ਬਰਕਤਾਂ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਹੇਠ ਲਿਖੇ ਕੀਮਤੀ ਪੁਸਤਕ ਇਕ ਵਾਰ ਜ਼ਰੂਰ ਪੜ੍ਹੋ:-

(੧) ਕਲਪ ਬ੍ਰਿਛ-ਮਨ ਦੀਆਂ ਕਾਮਨਾਂ ਪੂਰਨ ਕਰਨ ਵਾਲਾ ਗ੍ਰੰਥ ੧੦ ਭਾਗਾਂ ਵਿਚ ਸੁੰਦਰ ਜਿਲਦ।

(੨) ਸਚਖੰਡੀ ਮਹਿਕ-ਅਨੰਦ ਦੇ ਘੁੱਟ ਬਖਸ਼ਨ ਵਾਲੇ ਸਿੱਖੀ ਪ੍ਰਸੰਗ।

(੩) ਸਾਇੰਸ ਅਤੇ ਧਰਮ (੪) ਸਚਖੰਡ ਯਾਤਰਾ।

(੫) ਜੀਵਨ ਜੁਗਤੀ ਵਿਸਮਾਦ ਉਡਾਰੀਆਂ।

ਇਹ ਪਿਛਲੇ ੩ ਗ੍ਰੰਥ ਸ੍ਰ: ਸ਼ੇਰ ਸਿੰਘ ਜੀ M, Sc, ਕਸ਼ਮੀਰ ਰਚਿਤ ਆਤਮ ਸੁਗੰਧੀ ਨਾਲ ਭਰਪੂਰ ਹਨ। ਉਪ੍ਰੋਕਤ ਗ੍ਰੰਥਾਂ ਵਿਚ ਕੀ ਕੁਝ ਅਨੋਖਾ ਖਜ਼ਾਨਾ ਭਰਿਆ ਪਿਆ ਹੈ, ਇਹ ਪਤਾ ਕਰਨ ਲਈ "ਸੱਚਖੰਡ ਦੀ ਕੁੰਜੀ" ਨਾਮੇ ਟ੍ਰੈਕਟ ਮੁਫ਼ਤ ਮੰਗਵਾ ਕੇ ਪੜ੍ਹੋ:-

ਗ੍ਰੰਥ ਮੰਗੌਣ ਦਾ ਪਤਾ:-

**ਮੈਨੇਜਰ 'ਗੁਰੂ ਚਮਤਕਾਰ'**

ਮਾਸਕ ਪੱਤ੍ਰ-ਚੌਕ ਕ੍ਰੋੜੀ ਅੰਮ੍ਰਿਤਸਰ,

---

'ਪੰਜਾਬ ਲਿਟ੍ਰੇਰੀ ਪ੍ਰੈਸ', ਕਟੜਾ ਮਿਤ ਸਿੰਘ ਅੰਮ੍ਰਿਤਸਰ।